# ਸਮਤਾ

ਨਵੰਬਰ 1980 (ਅੰਕ 6)

ਸਰਪ੍ਰਸਤ: ਗੁਰਸ਼ਰਨ ਸਿੰਘ (1929-2011)
ਸੰਪਾਦਕ: ਸੰਪਾਦਕੀ ਮੰਡਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸ਼ੈਲੇਸ਼ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਨਵੰਬਰ 1980

6



— ਨਾਸੂਰ

## ਇਸ ਅੰਕ ਵਿਚ –


ਭਗਤ ਸਿੰਘ ਤੇ ਸਾਥੀਆਂ ਦੀ ਇਤਿਹਾਸਕ ਦੇਣ/ਪਾਲ ਸਿਘ

ਕਵਿਤਾਵਾਂ : ਮੋਹਨਜੀਤ, ਪਾਲ ਏਲੋਅਰ, ਫ਼ਾਮ ਤਾਈਨ ਦੁਆਤ, ਜਸਬੀਰ ਸਿਘ ਸਰਨਾ

ਨਾਟਕ : ਚੰਨ ਚੜ੍ਹਿਆ/ਲੇਡੀ ਗਰੇਗਰੀ

ਬਿਲੋਰ : ਪੰਜਾਬ ਦੇ ਹਰੀਜਨ/ਮਾਰਕ ਜਿਊਰਗੇਨਸਮੇਅਰ – ਸਾਡੀ ਦਵਾਈ ਸਨਅਤ/ਡਾਕਟਰ ਨਿਰਮਲ ਸਿੰਘ – ਕੌਮੀ ਸੁਰੱਖਿਆ ਆਰਡੀਨੈਂਸ/ਵੀ.ਆਰ. ਤਾਰਕੁੰਡੇ

ਕਹਾਣੀ : ਵਾਪਸੀ/ਊਸ਼ਾ ਪ੍ਰੀਯਮਵਦਾ

ਪੁਸਤਕ ਰੀਵੀਊ ਤੇ ਇਹ ਹਮਾਰਾ ਜੀਵਣਾ


ਮੁਲ : ਦੋ ਰੁਪਏ

# ਐਡੀਟਰੀ

ਸਮਤਾ ਦੇ ਪਿਛਲੇ ਅੰਕ ਵਿਚ ਆਤੰਕਵਾਦ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਸੀ, ਪਰ ਫੇਰ ਵੀ ਇਸ ਦੇ ਸਬੰਧ ਵਿਚ ਜਿਹੜੇ ਪੱਤਰ ਪ੍ਰਾਪਤ ਹੋਏ ਹਨ ਉਹਨਾਂ ਤੋਂ ਸਪੱਸ਼ਟ ਹੈ ਕਿ ਹਾਲੀ ਵੀ ਅਸਪਸ਼ਟਤਾ ਤੇ ਸ਼ੰਕੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਕਈਆਂ ਨੇ ਗੁਰੀਲਾ ਯੁੱਧ ਨੂੰ ਆਤੰਕਵਾਦ ਨਾਲ ਰਲਗੱਡ ਕਰਕੇ, ਆਤੰਕਵਾਦ ਨੂੰ ਜਾਇਜ਼ ਕਰਾਰ ਦਿੱਤਾ ਹੈ। ਇਸੇ ਤਰ੍ਹਾਂ ਕਈ ਸ਼ੰਕੇ ਵੀ ਉਭਰੇ ਹਨ ਜਿਵੇਂ ਪਿਛਲੇ ਅੰਕ ਵਿਚ ਹੀ ਇਹ 'ਹਮਾਰਾ ਜੀਵਣਾ' ਦੇ ਅੰਤਰਗਤ 'ਆਤੰਕਵਾਦ ਤੇ ਖੱਬਾ ਨਪੁੰਸਕਵਾਦ'। ਇਸ ਵਿਚ ਆਤੰਕਵਾਦ ਦੀ ਕੀਤੀ ਆਲੋਚਨਾ ਦਾ ਮਖੌਲ ਉਡਾਇਆ ਗਿਆ ਹੈ। ਦਰਅਸਲ ਆਤੰਕਵਾਦ ਦੀ ਆਲੋਚਨਾ ਕਰਨ ਦਾ ਮਕਸਦ ਇਹ ਨਹੀਂ ਸੀ ਕਿ ਪਰੋਖ ਰੂਪ ਵਿਚ ਅਸੀਂ ਕਿਸੇ ਨਪੁੰਸਕ ਰਾਜਨੀਤੀ ਨੂੰ ਸ਼ਹਿ ਦੇ ਰਹੇ ਹਾਂ। ਸਗੋਂ ਇਸ ਲਈ ਕਿ ਜਿਥੇ ਇਸ ਬਾਰੇ ਸਹੀ ਸਮਝ ਪੈਦਾ ਹੋ ਸਕੇ, ਉਥੇ ਭੂਤ ਵਿਚਲੀਆਂ ਗਲਤੀਆਂ ਬਾਰ ਬਾਰ ਨਾ ਦੋਹਰਾਈਆਂ ਜਾਣ। ਇਸੇ ਲਈ ਇਹ ਵੀ ਦਸਿਆ ਗਿਆ ਸੀ ਕਿ ਉਹ ਕਿਹੜੇ ਹਾਲਾਤ ਹਨ ਜਦੋਂ ਆਤੰਕ ਜ਼ਰੂਰੀ ਹੋ ਜਾਂਦਾ ਹੈ। ਇਸ ਦੇ ਨਾਲ ਹੀ ਲੋਕ-ਉਭਾਰ ਨੂੰ ਕੇਵਲ ਆਰਥਿਕ ਘੋਲ ਤੱਕ ਨਾ ਸੀਮਿਤ ਰਖ ਕੇ ਰਾਜਨੀਤਕ ਘੋਲ ਵਿਚ ਬਦਲਣ ਦੀ ਗੱਲ ਕੀਤੀ ਗਈ ਹੈ ਜੋ ਨਪੁੰਸਕ ਰਾਜਨੀਤੀ ਨਾਲ ਕਿਸੇ ਤਰ੍ਹਾਂ ਵੀ ਸੰਭਵ ਨਹੀਂ।

ਸੰਕਲਪਾਂ ਦੀ ਅਸਪਸ਼ਟਤਾ ਦਾ ਪਤਾ ਸਮਤਾ ਵਿਚ ਪ੍ਰਕਾਸ਼ਤ ਪ੍ਰੋ. ਹਿੰਮਤ ਸਿੰਘ ਸੋਢੀ ਦੇ ਖਤ ਤੋਂ ਵੀ ਚਲਦਾ ਹੈ। ਉਹਨਾਂ ਵੱਲੋਂ ਦਿੱਤੀ ਗਈ ਨਾਵਾਂ ਦੀ ਫਹਿਰਿਸ਼ਤ ਤੋਂ ਲਗਦਾ ਹੈ ਕਿ ਬਹੁਤ ਸਾਰੇ ਸੰਕਲਪ ਉਹਨਾਂ ਵਿਚ ਰਲਗੱਡ ਹਨ। ਇਸੇ ਪ੍ਰਕਾਰ ਦੀ ਸਮਝ ਦਾ ਪਤਾ ਨਕਸਲਵਾੜੀ ਘੋਲ ਦੇ ਸਮੇਂ ਦੇ ਰਾਜਨੀਤਿਕ ਸਾਹਿਤ ਨੂੰ ਵੇਖਿਆਂ ਚਲਦਾ ਹੈ। ਇਸ ਵਿਚ ਗੁਰੀਲਾ ਜੰਗ ਦਾ ਬਹੁਤ ਉਲੇਖ ਹੋਇਆ ਹੈ। ਪਰ ਕੀ ਇਹ ਠੀਕ ਹੀ ਗੁਰੀਲਾ ਜੰਗ ਬਣਦੀ ਹੈ ਜਾਂ ਨਹੀਂ? ਇਤਿਹਾਸਕ ਪਰਿਪੇਖ ਵਿਚ ਤਤਕਾਲੀਨ ਅਮਲ ਨੂੰ ਰਖਕੇ ਵੇਖਿਆਂ ਪਤਾ ਚਲਦਾ ਹੈ ਕਿ ਇਹ ਆਤੰਕਵਾਦੀ ਸਰਗਰਮੀਆਂ ਸਨ, ਗੁਰੀਲਾ ਜੰਗ ਨਹੀਂ।

ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਕੁਝ ਹਾਲਾਤ ਵਿਚ ਆਤੰਕ ਦੀ ਵਰਤੋਂ ਲੋੜੀਂਦੀ ਹੈ। ਦਰਅਸਲ ਇਸ ਦਾ ਮਤਲਬ ਹੈ ਕਿ ਹਥਿਆਰਬੰਦ ਘੋਲ ਤੋਂ ਅਸੀਂ ਮੁਨਕਰ ਨਹੀਂ ਹਾਂ, ਪਰ ਨਾਲ ਹੀ ਅਸੀਂ ਗੁਰੀਲਾ ਯੁਧ ਨੂੰ ਆਤੰਕਵਾਦ ਨਾਲ ਰਲਗਡ ਨਹੀਂ ਕਰਨਾ ਚਾਹੁੰਦੇ। ਇਸ ਲਈ ਗੁਰੀਲਾ ਜੰਗ ਬਾਰੇ ਸਹੀ ਸਮਝ ਜ਼ਰੂਰੀ ਹੈ।

ਗੁਰੀਲਾ ਜੰਗ ਘੋਲ ਦਾ ਇਕ ਰੂਪ ਹੈ। ਇਸ ਦਾ ਕਾਰਨ ਗਰੀਬੀ, ਭੁਖਮਰੀ ਤੇ ਬੇਕਾਰੀ ਦਾ ਵਧਣਾ, ਰਾਜ-ਨੀਤਕ ਸੰਕਟ ਦਾ ਹੋਰ ਤਿਖੇਰਾ ਹੋਣਾ ਅਤੇ ਉਸ ਦਾ ਘਰੇਲੂ ਯੁਧ ਤਕ ਪਹੁੰਚ ਜਾਣਾ ਹੈ। ਜਦੋਂ ਲੋਕ-ਲਹਿਰ ਬਗਾਵਤ ਦੇ ਪੜਾਅ ਤੱਕ ਪਹੁੰਚ ਜਾਵੇ ਤਾਂ ਹਥਿਆਰਬੰਦ ਘੋਲ ਲਾਜ਼ਮੀ ਹੋ ਜਾਂਦਾ ਹੈ। ਆਤੰਕਵਾਦ ਤੋਂ ਭਿੰਨ ਇਹ ਲਹਿਰ ਦੇ ਰਾਜਨੀਤਕ ਰੂਪ ਵਟਾ ਲੈਣ ਦਾ ਵਿਕਸਿਤ ਪੜਾਅ ਹੈ। ਸਪਸ਼ਟ ਹੈ ਕਿ ਜਥੇਬੰਦੀ ਵੀ ਕਾਫ਼ੀ ਵਿਕਸਿਤ ਅਵਸਥਾ ਵਿਚ ਹੋਵੇਗੀ।

ਜਿਥੇ ਆਤੰਕਵਾਦ ਆਤੰਕ ਨੂੰ ਵਿਚਾਰਧਾਰਾ ਮੰਨ ਲੈਂਦਾ ਹੈ ਉਥੇ ਆਤੰਕ ਦੀ ਸਾਰਥਕ ਵਰਤੋਂ ਗੁਰੀਲਾ ਜੰਗ ਵਿਚ ਹੈ। ਇਹ ਬੁਧੀਮਾਨਾਂ ਦਾ ਮਾਮਲਾ ਨਹੀਂ ਸਗੋਂ ਕਿਰਤੀਆਂ ਦਾ ਹਥਿਆਰ ਹੈ। ਪਰ ਸੰਘਰਸ਼ ਦਾ ਇਹ ਰੂਪ ਕੋਈ ਨਵੀਂ ਲੱਭਤ ਨਹੀਂ ਹੈ। ਜਨ-ਸੰਖਿਆ ਦੇ ਫਿਰਤੂ ( Vagabond ) ਅਨਸਰ, ਪ੍ਰੋਲਤਾਰੀ ਤੇ ਅਰਾਜਕਤਾਵਾਦੀ ਜੁੰਡਲੀਆਂ ਇਕੋ ਇਕ ਰਾਹ ਦੇ ਰੂਪ ਵਿਚ ਇਸ ਨੂੰ ਅਪਣਾਉਂਦੀਆਂ ਰਹੀਆਂ ਹਨ। ਘੋਲ ਦੇ ਦੌਰਾਨ ਇਹ ਆਪ ਹੀ ਉਭਰਦਾ ਹੈ, ਲੋੜ ਸਿਰਫ਼ ਇਸ ਦੀ ਵੇਲੇ ਸਿਰ ਸਾਰਥਕ ਢੰਗ ਨਾਲ ਵਰਤੋਂ ਕਰਨੀ ਹੈ।

ਆਤੰਕਵਾਦੀ ਕਮਜ਼ੋਰੀਆਂ ਕਾਰਣ ਹੀ ਇਸ ਬਾਰੇ ਵੀ ਕਈ ਸ਼ੰਕੇ ਪ੍ਰਗਟਾਏ ਜਾਂਦੇ ਹਨ, ਜਿਵੇਂ ਇਹ ਆਮ ਲੋਕਾਂ ਤੋਂ ਕੱਟਿਆ ਹੋਇਆ, ਅੱਡਰਾ ਵਿਅਕਤੀ-ਵਾਦੀ ਕਾਰਜ ਹੈ ਜੋ ਲੋਕਾਂ ਦੇ ਹੌਸਲੇ ਪਸਤ ਕਰਦਾ ਹੈ, ਇਹ ਸੰਗਠਨ ਨੂੰ ਤੋੜਦਾ ਤੇ ਇਨਕਲਾਬ ਨੂੰ ਨੁਕਸਾਨ ਪੁਚਾਂਦਾ ਹੈ, ਆਦਿ। ਪਰ ਇਹ ਸ਼ੰਕੇ ਠੀਕ ਨਹੀਂ ਹਨ। ਗੁਰੀਲਾ ਐਕਸ਼ਨ ਨਾਲ ਲਹਿਰ ਨੂੰ ਕੋਈ ਨੁਕਸਾਨ ਨਹੀਂ ਪੁੱਜਦਾ

ਨੁਕਸਾਨ ਤਾਂ ਪਾਰਟੀ ਦੀ ਕਮਜ਼ੋਰੀ ਕਰਕੇ ਉਦੋਂ ਹੁੰਦਾ ਹੈ ਜਦੋਂ ਉਹ ਇਹਨਾਂ ਸਰਗਰਮੀਆਂ ਉੱਤੇ ਆਪਣਾ ਅਧਿਕਾਰ ਨਹੀਂ ਰੱਖ ਸਕਦੀ।

ਇਸੇ ਤਰ੍ਹਾਂ ਅਰਾਜਕਤਾਵਾਦ ਨਿਰਾਸ਼ਾ ਦੀ ਪੈਦਾਵਾਰ ਹੈ ਜੋ ਨੀਰਸਤਾ ਤੋਂ ਸਿਵਾ ਹੋਰ ਕੁਝ ਨਹੀਂ ਦੇਂਦਾ। ਉਹ ਲੁੱਟ ਦੇ ਕਾਰਣ, ਸਮਾਜ ਦੀ ਪ੍ਰਗਤੀ ਤੇ ਜਮਾਤੀ ਘੋਲ ਨੂੰ ਨਹੀਂ ਸਮਝਦਾ। ਉਹ ਉਲਟਵੇਂ ਰੂਪ ਵਿਚ ਬੁਰਜੁਆ ਵਿਅਕਤੀਵਾਦ ਹੈ। ਦੂਜੇ ਪਾਸੇ ਦੇਸ਼-ਭਗਤੀ ਅਜੋਕੇ ਸਮੇਂ 'ਚ ਜਮਾਤੀ-ਘੋਲ ਨੂੰ ਨਕਾਰਨ ਦੀ ਬੁਰਜੁਆ ਵਿਚਾਰਧਾਰਾ ਹੈ।

\+ +

ਸਾਡੀ ਸੋਚ ਦੀ ਅਸਪਸ਼ਟਤਾ ਦਾ ਇਕ ਅਹਿਮ ਕਾਰਨ ਇਹ ਹੈ ਕਿ ਸਾਨੂੰ ਕਈ ਸੰਕਲਪਾਂ ਦੀ ਸਪਸ਼ਟ ਸਮਝ ਨਹੀਂ ਹੈ ਜੋ ਉਸ ਸਬੰਧਿਤ ਵਿਸ਼ਿਆਂ ਲਈ ਜ਼ਰੂਰੀ ਹਨ। ਇਸ ਦਾ ਕਾਰਨ ਇਹ ਹੈ ਸਾਡੀ ਸੋਚ ਦੀ ਪੁਜ਼ੀਸ਼ਨ ਹੀ ਅਜੇਹੀ ਹੈ ਕਿ ਜਿਸ ਵਿਚ ਬਗੈਰ ਠੋਸ ਇਤਿਹਾਸਕ ਆਧਾਰ ਦੇ ਅਮੂਰਤ ਸੰਕਲਪ ਤੋਂ ਨਵੇਂ ਸੰਕਲਪਾਂ ਨੂੰ ਵੇਖਿਆ ਜਾਂਦਾ ਹੈ। ਇਸ ਦਾ ਖ਼ਤਰਾ ਇਹ ਹੈ ਕਿ ਬਹੁਤ ਸਾਰੇ ਸੰਕਲਪ ਇਕੋ ਜਿਹੇ ਜਾਪਦੇ ਹਨ ਤੇ ਉਹਨਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ। ਇਸ ਨੁਕਤੇ ਨੂੰ ਸਮਝਣ ਲਈ ਆਤੰਕਵਾਦ ਬਾਰੇ ਆਮ ਪਹੁੰਚ ਨੂੰ ਵੇਖਿਆ ਜਾ ਸਕਦਾ ਹੈ। ਆਤੰਕਵਾਦ ਨੂੰ 'ਵਿਰੋਧ ਤੇ ਸ਼ਕਤੀ ਦੀ ਵਰਤੋਂ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਸੋਚ ਦੀ ਇਹ ਪੁਜ਼ੀਸ਼ਨ ਆਪਣੇ ਆਪ ਵਿਚ ਠੋਸ ਨਹੀਂ ਹੈ। ਇਹ ਦੋਵੇਂ ਤੱਥ 'ਵਿਰੋਧ' ਤੇ 'ਸ਼ਕਤੀ ਦੀ ਵਰਤੋਂ' ਹੋਰ ਕਈ ਸੰਕਲਪਾਂ ਵਿਚ ਮਿਲਦੇ ਹਨ, ਪਰ ਇਹ ਨਿਰਣਾਇਕ ਨਹੀਂ ਹਨ। ਇਸੇ ਲਈ ਇਸ ਪੁਜ਼ੀਸ਼ਨ ਤੋਂ ਅਗਰ ਆਤੰਕਵਾਦ, ਅਰਾਜਕਤਾਵਾਦ, ਘੋਰ ਕੌਮਵਾਦ, ਦੇਸ਼ ਪ੍ਰੇਮ ਆਦਿ ਇਕੋ ਜਿਹੇ ਹੀ ਜਾਪਦੇ ਹਨ।

ਸਾਡੀ ਪੁਜ਼ੀਸ਼ਨ ਦਾ ਪਹਿਲਾ ਸਬੰਧ ਅਜੋਕੇ ਇਤਿਹਾਸਕ ਪ੍ਰਵਾਹ ਵਿਚ ਸਾਡੀ ਸਥਿਤੀ ਨਾਲ ਹੈ। ਵਰਤਮਾਨ ਹਾਲਾਤ ਨੂੰ ਅਸੀਂ ਜਿਨੇ ਠੋਸ ਰੂਪ ਵਿਚ ਸਮਝਦੇ ਹੋਵਾਂਗੇ, ਸਾਡੀ ਸਮਝ ਉਤਨੀ ਹੀ ਸਪਸ਼ਟ ਹੋਵੇਗੀ। ਇਸਦੇ ਨਾਲ ਹੀ ਸਾਨੂੰ ਮਾਰਕਸਵਾਦੀ ਪਹੁੰਚ ਅਪਨਾਉਣ ਦੀ ਲੋੜ ਹੈ। ਜਿਸ ਪੁਜ਼ੀਸ਼ਨ ਦੀ ਗਲ ਉਤਾਂਹ ਕੀਤੀ ਹੈ, ਉਹ ਗੈਰ-ਮਾਰਕਸਵਾਦੀ ਸੋਚ ਦਾ ਨਤੀਜਾ ਹੈ। ਮਾਰਕਸਵਾਦੀ ਚਿੰਤਨ ਸੰਕਲਪਾਂ ਨੂੰ ਪਰਵਰਤਨਸ਼ੀਲ ਪ੍ਰਕ੍ਰਿਆ ਵਿਚ ਸਮੇਂ ਤੇ ਸਥਾਨ ਦੇ ਇਤਿਹਾਸਕ ਸੰਦਰਭ ਵਿਚ ਰਖਕੇ ਵੇਖਣਾ ਹੈ। ਦੂਜਾ, ਇਹ ਕਿ ਅਮੂਰਤ ਸੋਚ ਤੋਂ ਸਮੂਰਤ ਸੋਚ ਵਲ ਨਹੀਂ ਵਧਿਆ ਜਾ ਸਕਦਾ। ਕਿਸੇ ਨਾ ਕਿਸੇ ਰੂਪ ਵਿਚ ਸਾਡਾ ਆਧਾਰ ਸਮੂਰਤ ਠੋਸ ਤੇ ਇਤਿਹਾਸਕ ਹੋਣਾ ਚਾਹੀਦਾ ਹੈ।

ਭਾਸ਼ਾ ਵਿਗਿਆਨੀਆਂ ਦਾ ਇਹ ਵਿਚਾਰ ਹੈ ਕਿ ਕੋਈ ਵੀ ਦੋ ਸਮਾਨ-ਅਰਥੀ ਸ਼ਬਦ ਦਰਅਸਲ ਇਕੋ ਅਰਥ ਦੇ ਲਖਾਇਕ ਨਹੀਂ ਹੁੰਦੇ। ਜੇ ਸਾਨੂੰ ਉਸ ਵਿਚ ਅੰਤਰ ਨਹੀਂ ਜਾਪਦਾ ਤਾਂ ਇਹ ਸਾਡੀ ਸਮਝ ਦੀ ਘਾਟ ਹੈ। ਇਸੇ ਤਰ੍ਹਾਂ ਕੋਈ ਦੋ ਸੰਕਲਪ ਵਿਆਪਕ ਰੂਪ ਵਿਚ ਇਕੋ ਜਿਹੇ ਜਾਪਦੇ ਹੋਣ, ਪਰ ਠੋਸ ਰੂਪ ਵਿਚ ਉਹਨਾਂ ਵਿਚ ਅੰਤਰ ਜ਼ਰੂਰ ਹੁੰਦਾ ਹੈ। ਇਸੇ ਨੂੰ ਇਸ ਤਰਾਂ ਵੀ ਕਿਹਾ ਜਾ ਸਕਦਾ ਹੈ ਕਿ ਕੋਈ ਸੰਕਲਪ ਜਾਂ ਦ੍ਰਿਸ਼ ਰੂਪ (Phenomenon) ਭਾਵੇਂ ਵਿਆਪਕ ਰੂਪ ਵਿਚ ਇਕ ਸਮਝ ਲਿਆ ਜਾਂਦਾ ਹੈ, ਪਰ ਇਸ ਦੀ ਵਿਲੱਖਣਤਾ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ।

\+ +

ਸੰਕਲਪਾਂ ਦੀ ਸਹੀ ਸਮਝ ਦੀ ਚਰਚਾ ਵਿਚੋਂ ਇਕ ਸੁਆਲ ਇਹ ਉਭਰਦਾ ਹੈ ਕਿ ਇਹ ਨਿਰਣਾ ਕਿਵੇਂ ਕੀਤਾ ਜਾਵੇ ਕਿ ਸੰਘਰਸ਼ ਦਾ ਕਿਹੜਾ ਰੂਪ ਅਜੋਕੇ ਵੇਲੇ ਸਾਰਥਕ ਹੈ? ਇਸ ਸੁਆਲ ਬਾਰੇ ਮਾਰਕਸਵਾਦੀ ਪਹੁੰਚ ਕੀ ਹੈ? ਇਸ ਬਾਰੇ ਚਰਚਾ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਇਸ ਸਬੰਧ ਵਿਚ ਬੁਨਿਆਦੀ ਗੱਲਾਂ ਸਮਝ ਲਈਆਂ ਜਾਣ। ਜਿਵੇਂ ਕਿ ਪਹਿਲਾਂ ਸੰਕਲਪਾਂ ਬਾਰੇ ਗੱਲ ਕਰਦਿਆਂ ਇਹ ਕਿਹਾ ਗਿਆ ਹੈ ਕਿ ਕੋਈ ਸੰਕਲਪ ਦੂਜੇ ਨਾਲ ਮੇਲ ਨਹੀਂ ਖਾਂਦਾ, ਉਸੇ ਤਰ੍ਹਾਂ ਕੋਈ ਗੱਲ ਦ੍ਰਿਸ਼ਰੂਪ ਅੰਤਿਮ ਤੇ ਕੇਵਲ ਇਕੋ ਹੀ ਨਹੀਂ ਹੁੰਦਾ। ਠੋਸ ਹਲਾਤਾਂ ਅਨੁਸਾਰ ਉਹਨਾਂ ਦੀ ਸਾਰਥਕਤਾ ਬਦਲਦੀ ਰਹਿੰਦੀ ਹੈ ਸੋ ਮਾਰਕਸਵਾਦੀ ਇਨਕਲਾਬੀ ਸੰਘਰਸ਼ ਦੇ ਇਕ ਮਾਤਰ ਰੂਪ ਵਿਚ ਯਕੀਨ ਨਹੀਂ ਰਖਦੇ। ਉਹਨਾਂ ਅਨੁਸਾਰ ਸੰਘਰਸ਼ ਦੇ ਕਈ ਰੂਪ ਹਨ, ਜੋ ਹਾਲਾਤ ਅਨੁਸਾਰ ਮੁਖ ਤੇ ਅਪ੍ਰਧਾਨ ਰੂਪ ਇਖ਼ਤਿਆਰ ਕਰਦੇ ਰਹਿੰਦੇ ਹਨ।

ਲੋਕ-ਸੰਘਰਸ਼ ਦਾ ਕੋਈ ਰੂਪ ਘੜਨਾ ਨਹੀਂ ਪੈਂਦਾ। ਉਹ ਤਾਂ ਸੰਘਰਸ਼ ਦੇ ਦੌਰਾਨ ਉਭਰਦਾ ਰਹਿੰਦਾ ਹੈ ਲੋੜ ਉਨ੍ਹਾਂ ਨੂੰ ਸਮਝਣ ਤੇ ਉਨ੍ਹਾਂ ਨੂੰ ਸਮੇਂ ਸਥਾਨ ਅਨੁਕੂਲ ਸੁਵਰਤੋਂ ਕਰਨ ਦੀ ਹੈ। ਉਦਾਹਰਣ ਵਜੋਂ ਗੁਰੀਲਾ ਜੰਗ ਨੂੰ ਫਿਰਤੂ ਅਣਸਰ, ਲਿੰਪੇਟ ਪ੍ਰੋਲੇਤਾਰੀ (lumpen

Proletariat) ਅਤੇ ਅਰਾਕਤਾਵਾਦੀ ਸੰਗਠਨ ਅਪਣਾਉਂਦੇ ਤੇ ਸਮਾਜਿਕ ਸੰਘਰਸ਼ ਦਾ ਇਕ ਮਾਤਰ ਰੂਪ ਮੰਨਦੇ ਹਨ। ਪਰ ਇਨਕਲਾਬੀ ਜਥੇਬੰਦੀ ਇਸ ਨੂੰ ਵੇਲੇ ਸਿਰ ਸਾਰਥਕ ਹਾਲਾਤ ਵਿਚ ਜਥੇਬੰਦਕ ਤਰੀਕੇ ਨਾਲ ਅਪਣਾਉਂਦੀ ਹੈ। ਇਸ ਨੂੰ ਵਿਸ਼ੇਸ਼ ਸਮੇਂ, ਹਾਲਾਤ ਤੇ ਵਕਤੀ ਤੌਰ ਤੇ ਅਪਣਾਉਂਦੀ ਹੈ।

ਲੈਨਿਨ ਨੇ ਆਪਣੇ ਲੇਖ 'ਗੁਰੀਲਾ ਜੰਗ' ਵਿਚ ਸੰਘਰਸ਼ ਦੇ ਰੂਪਾਂ ਦੇ ਨਿਰਣੇ ਲਈ ਜੋ ਮਾਰਕਸਵਾਦੀ ਪਹੁੰਚ ਦੀ ਚਰਚਾ ਕੀਤੀ ਹੈ। ਪਹਿਲਾ ਇਹ ਹੈ ਕਿ "ਸਾਰੇ ਅਮੂਰਤ ਫਾਰਮੂਲਿਆਂ ਤੇ ਸਾਰੇ ਗੈਰ-ਅਮਲੀ ਨੁਸਖਿਆਂ ਦੇ ਪੂਰੀ ਤਰ੍ਹਾਂ ਖਿਲਾਫ਼, ਮਾਰਕਸਵਾਦ ਇਹ ਮੰਗ ਕਰਦਾ ਹੈ ਕਿ ਆਮ ਲੋਕ ਦੇ ਘੋਲਾਂ ਨੂੰ ਉਸਦੀ ਵਿਕਾਸ-ਮੁਖਤਾ ਵਿਚ ਧਿਆਨ ਨਾਲ ਵੇਖਣਾ ਚਾਹੀਦਾ ਹੈ ਕਿ ਕਿਵੇਂ ਲੋਕਾਂ ਦੀ ਜਮਾਤੀ-ਸੂਝ ਵਿਕਸਿਤ ਹੁੰਦੀ ਹੈ, ਕਿਵੇਂ ਆਰਥਿਕ ਤੇ ਰਾਜਨੀਤਕ ਸੰਕਟ ਹੋਰ ਗੰਭੀਰ ਹੁੰਦਾ ਹੈ ਅਤੇ ਕਿਵੇਂ ਸੁਰੱਖਿਆ ਦੇ ਨਵੇਂ ਤੇ ਹੋਰ ਭਿੰਨ ਭਿੰਨ ਢੰਗਾਂ ਨੂੰ ਜਨਮ ਦੇਂਦਾ ਹੈ। ਇਸ ਤਰ੍ਹਾਂ ਮਾਰਕਸਵਾਦ ਨਿਸ਼ਚੇ ਹੀ ਸੰਘਰਸ਼ ਦੇ ਕਿਸੇ ਰੂਪ ਨੂੰ ਨਹੀਂ ਨਕਾਰਦਾ" (ਮੈਂਚੀ 21 ਪੰਨਾ 213)

ਦੂਜੀ ਪਹੁੰਚ ਸੰਘਰਸ਼ ਦੇ ਰੂਪ ਨੂੰ ਅਪਨਾਉਣ ਤੋਂ ਪਹਿਲਾਂ ਉਸ ਦੀ ਪੂਰੀ ਤਰ੍ਹਾਂ ਇਤਿਹਾਸਕ ਪਰਖ ਦੀ ਲੋੜ ਬਾਰੇ ਹੈ। ਇਸ ਇਤਿਹਾਸਕ ਪਰਖ ਲਈ ਠੋਸ ਹਾਲਤਾਂ ਦੇ ਸੰਦਰਭ ਵਿਚ ਵੇਖਣ ਦੀ ਲੋੜ ਹੈ। ਸਮਾਜਿਕ ਰਾਜਨੀਤਕ, ਕੌਮੀ ਸਭਿਆਚਾਰਕ ਜੀਵਨ ਸਬੰਧੀ ਤੇ ਹੋਰ ਕਈ ਹਾਲਾਤਾਂ ਦੇ ਆਧਾਰਤ ਆਰਥਿਕ ਵਿਕਾਸ ਦੇ ਵਖੋ ਵਖਰੇ ਪੜਾਅ ਵਿਚ ਸੰਘਰਸ਼ ਦੇ ਅਨੇਕਾਂ ਰੂਪ ਉਭਰਦੇ ਹਨ ਜੋ ਮੁਖ ਤੇ ਅਮੁਖ ਸਥਾਨ ਹਾਸਲ ਕਰਦੇ ਰਹਿੰਦੇ ਹਨ। ਇਹਨਾਂ 'ਚੋਂ ਮੁਖ ਨੂੰ ਨਿਖੇੜਨਾ ਤੇ ਅਮੁਖ ਨੂੰ ਧਿਆਨ 'ਚ ਰਖਦਿਆਂ ਉਸ ਦੀ ਸਾਰਥਕ ਵਰਤੋਂ ਕਰਨੀ ਚਾਹੀਦੀ ਹੈ।

\+ \+

ਇਸ ਸਾਰੀ ਚਰਚਾ ਦਾ ਸਬੰਧ ਕੇਵਲ ਰਾਜਨੀਤੀ ਨਾਲ ਹੀ ਨਹੀਂ ਹੈ; ਸਗੋਂ ਇਸ ਦਾ ਗੁੱਝਾ ਅਰਥ ਵੀ ਹੈ। ਇਸ ਤੋਂ ਪ੍ਰਗਤੀਵਾਦੀ ਸਾਹਿਤ ਦੇ ਮਸਲੇ ਬਾਰੇ ਵੀ ਚਰਚਾ ਕੀਤੀ ਜਾ ਸਕਦੀ ਹੈ। ਰਾਜਨੀਤਕ ਸਮਝ ਵਾਂਗ ਸਾਹਿਤਕ ਮਸਲਿਆਂ ਨੂੰ ਸਹੀ ਵਿਚ ਸਮਝਣ ਲਈ ਵੀ ਸੰਕਲਪਾਂ ਦੀ ਸਮਝ ਲੋੜੀਂਦੀ ਹੈ। ਇਸ ਸਮਝ ਲਈ ਸਾਨੂੰ ਸੋਚ ਦੀ ਗਲਤ ਗੈਰ-ਮਾਰਕਸਵਾਦੀ ਪੁਜੀਸ਼ਨ ਬਦਲਣੀ ਪਵੇਗੀ। ਸਾਹਿਤਕਾਰ ਨੂੰ ਵਰਤਮਾਨ ਨੂੰ ਚੰਗੀ ਤਰ੍ਹਾਂ ਸਮਝਣਾ ਪਵੇਗਾ, ਤਾਂ ਕਿ ਉਹ ਭੂਤ ਨੂੰ ਸਮਝਣ ਦੇ ਠੀਕ ਯੋਗ ਹੋ ਸਕੇ। ਇਸ ਲਈ ਕਿਸੇ ਸਾਹਿਤਕ ਮਸਲੇ ਤੇ ਰੂਪ ਬਾਰੇ ਵਿਚਾਰ ਕਰਨ ਲਈ ਉਸ ਨੂੰ ਇਤਿਹਾਸਕ ਪਰਿਪ੍ਰੇਖ ਵਿਚ ਰਖਕੇ ਵੇਖਣ ਦੀ ਲੋੜ ਹੈ।

ਪ੍ਰਗਤੀਵਾਦੀ ਸਾਹਿਤ ਲਈ ਜੁਗਤ ਦੀ ਸਮੱਸਿਆ ਦਰਪੇਸ਼ ਹੈ। ਇਹ ਜੁਗਤ ਨੂੰ ਵਿਕਸਤ ਕਰਨ ਬਾਰੇ ਕਈ ਵਿਚਾਰ ਹੋ ਸਕਦੇ ਹਨ। ਸੰਘਰਸ਼ ਦੇ ਰੂਪ ਬਾਰੇ ਜਿਸ ਮਾਰਕਸਵਾਦੀ ਪਹੁੰਚ ਦੀ ਚਰਚਾ ਕੀਤੀ ਗਈ ਹੈ, ਉਹ ਇਸ ਸਬੰਧ ਵਿਚ ਵੀ ਰੋਸ਼ਨੀ ਪਾਉਂਦਾ ਹੈ। ਪ੍ਰਗਤੀਵਾਦੀ ਸਾਹਿਤ ਦੀ ਜੁਗਤ ਆਪਣੇ ਆਦਿ-ਰੂਪ ਵਿਚ ਬੁਰਜੁਆ ਸਾਹਿਤ ਵਿਚ ਵਰਤਮਾਨ ਹੈ। ਸਾਹਿਤਕ ਸੰਘਰਸ਼ ਦੇ ਦੌਰਾਨ ਪ੍ਰਗਤੀਵਾਦੀ ਸਾਹਿਤਕਾਰ ਇਸ ਨੂੰ ਹੀ ਅਪਣਾਂ ਕੇ ਹਾਲਾਤ ਦੇ ਅਨੁਸਾਰ ਇਸ ਨੂੰ ਵਿਕਸਿਤ ਕਰ ਸਕਦਾ ਹੈ। ਇਹ ਜੁਗਤ ਕਿਸੇ ਨਿਸਚਿਤ ਤੇ ਏਕਮਾਤਰ ਰੂਪ ਵਿਚ ਨਾ ਹੋ ਕੇ ਪਰਿਵਰਤਨਸ਼ੀਲ ਵਿਕਾਸਮੁਖੀ ਹੁੰਦੀ ਹੈ; ਜੋ ਰਾਜਨੀਤਕ ਸੰਘਰਸ਼ ਦੇ ਸਮਾਂਤਰ ਕਾਰਜਸ਼ੀਲ ਹੁੰਦੀ ਰਹਿੰਦੀ ਹੈ। ਪ੍ਰਗਤੀਸ਼ੀਲ ਕਲਾਕਾਰ ਦਾ ਕਰਤੱਵ ਹੈ ਕਿ ਉਹ ਰਾਜਨੀਤਕ ਸੰਘਰਸ਼ ਨੂੰ ਸਮਝੇ ਤੇ ਸਾਹਿਤਕ ਫਰੰਟ ਤੇ ਚਲ ਰਹੇ ਸੰਘਰਸ਼ ਨੂੰ ਘੋਖੇ। ਇਸ ਤਰ੍ਹਾਂ ਹੀ ਉਹ ਪ੍ਰਗਤੀਵਾਦੀ ਜੁਗਤ ਨੂੰ ਵਿਕਸਿਤ ਕਰ ਸਕਦਾ ਹੈ।

□ ਸ. ਸ.

---

## ਅਵਾਸੀਆਂ ਬਾਰੇ

ਮੈਂ ਫ਼ਰੈਂਕਫ਼ਰਟ ਸ਼ਹਿਰ ਵਿਚ ਪੱਤ੍ਰਕਾਰ ਦੀ ਰਿਹਾਇਸ਼ਦਾਰੀ (ਵੀਜ਼ਾ) 'ਤੇ ਰਹਿੰਦਾ ਤੇ ਕੰਮ ਕਰਦਾ ਹਾਂ, ਮਾਈਨ ਦਰਿਆ ਦੇ ਕੰਢੇ ਉਤੇ ਵਸਿਆ ਇਹ ਸ਼ਹਿਰ ਮਧਕਾਲ ਤੋਂ ਯੂਰਪ ਦਾ ਵਪਾਰਕ ਕੇਂਦਰ ਰਿਹਾ ਹੈ, ਇਥੇ 300 ਤੋਂ ਵਧ ਬੈਂਕਾਂ ਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਦਫ਼ਤਰ ਹਨ, ਇਥੇ ਮਹਾਨ ਕਵੀ ਗੇਟੇ ਪੈਦਾ ਹੋਇਆ ਸੀ, ਉਹਦਾ ਬੈਠੇ ਦਾ ਬੁੱਤ ਸ਼ਹਿਰ ਵਿਚ ਲੱਗਾ ਹੋਇਆ ਹੈ ਆਕਾਸ਼-ਛੂੰਹਦੀਆਂ ਬੈਂਕਾਂ ਵਿਚ ਘਿਰਿਆ ਹੋਇਆ। ਦੁਆਬੀਆਂ ਨੇ ਪੱਛਮੀ ਜਰਮਨੀ ਉਤੇ ਧਾਵਾ ਬੋਲਿਆ ਹੋਇਆ ਹੈ – ਠੱਗ ਏਜੰਟਾਂ ਨੂੰ ਕਰਜ਼ੇ ਦੇ ਹਜ਼ਾਰਾਂ ਰੁਪਏ ਚਾੜ੍ਹ-ਚਾੜ੍ਹ ਕੇ ਅਲ੍ਹੜ੍ਹੇ ਮੁੰਡੇ ਤੇ ਅਧਖੜ ਆਏ ਹੋਏ ਹਨ ਤੇ ਜਾਅਲੀ ਸਿਆਸੀ ਪਨਾਹਗੀਰ ਬਣੇ

ਹੋਏ ਹਨ, ਆਨੰਦ ਮਾਰਗੀ, ਸਿੱਖ ਹੋਮਲੈਂਡੀਏ, ਨਿਰੰਕਾਰੀਏ ਤੇ ਨਕਸਲਬਾੜੀ, ਜ਼ਿਆਦਾ ਅਰਜ਼ੀਆਂ ਨਕਸਲਬਾੜੀਆਂ ਕੇਸਾਂ ਦੀਆਂ ਹਨ, ਦੋ-ਤਿੰਨ ਸਾਲ ਤਕ ਕੇਸ ਦਾ ਫ਼ੈਸਲਾ ਹੁੰਦਾ ਹੈ, ਅਰਜ਼ੀ ਰੱਦ ਹੋ ਜਾਂਦੀ ਹੈ ਤੇ ਮੁੰਡੇ ਹਜ਼ਾਰਾਂ ਰੁਪਏ ਕਮਾਈ ਕਰਕੇ ਘਰੀਂ ਮੁੜ ਜਾਂਦੇ ਹਨ। ਸਿਆਸੀ ਪਨਾਹ ਦਾ ਕਾਨੂੰਨ ਦਰਅਸਲ ਕਮਿਊਨਿਸਟ ਮੁਲਕਾਂ ਦੇ ਭਗੌੜਿਆਂ ਲਈ ਹੈ, ਦੁਆਬੇ ਦੇ ਕਿਸੇ 'ਮਾਰਕਸੀ' ਲੀਡਰ ਦੇ ਪੁੱਤ ਤੇ ਭਤੀਜੇ ਨੇ ਵੀ ਨਕਸਲੀ ਹੋਣ ਦੇ ਬਹਾਨੇ ਰਿਹਾਇਸ਼ਦਾਰੀ ਲਈ ਹੋਈ ਹੈ।(ਘਰੇ 'ਨਕਸਲਵਾਦ ਹੋ ਬਰਬਾਦ', ਬਾਹਰ 'ਨਕਸਲਵਾਦ ਜ਼ਿੰਦਾਬਾਦ'.!) ਕਈਆਂ ਨੇ ਆਪਣੀਆਂ ਅਰਜ਼ੀਆਂ ਵਿਚ ਮੇਰਾ ਹਵਾਲਾ ਵੀ ਦਿਤਾ ਹੋਇਆ ਹੈ। ਇਹ ਜਾਣ ਕੇ ਮੈਨੂੰ ਬੜੀ ਸ਼ਰਮ ਆਈ ਸੀ। ਆਮ ਪੰਜਾਬੀ ਅਵਾਸੀ ਕਾਰਖ਼ਾਨਿਆਂ, ਖੇਤਾਂ ਤੇ ਹੋਟਲਾਂ ਵਿਚ ਕੰਮ ਕਰਕੇ ਮਹੀਨੇ ਦੇ ਕੋਈ 4 ਕੁ ਹਜ਼ਾਰ ਰੁਪਏ ਕਮਾ ਲੈਂਦੇ ਹਨ, ਸੰਗ ਸਰਫ਼ਾ ਕਰਕੇ ਅੱਧੇ ਪੈਸੇ ਘਰੀਂ ਘਲ ਦਿੰਦੇ ਹਨ, ਜਿਵੇਂ ਪੰਜਾਬ ਵਿਚ ਬਾਹਰੋਂ ਆਏ ਖੇਤ ਮਜ਼ਦੂਰਾਂ ਨੂੰ 'ਭਈਏ' ਕਿਹਾ ਜਾਂਦਾ ਹੈ, ਇਥੇ ਹਰ ਪੰਜਾਬੀ "ਸਿੰਘ" ਹੈ। ਪੰਜਾਬੀ ਮਜ਼ਦੂਰ ਅੰਦਰੋਂ ਹੋਰ ਵੀ ਟੁੱਟੇ ਹੋਏ ਹਨ। ਉਦਰੇਵੇਂ ਦੇ ਮਾਰੇ ਦਿਹਾੜੀਆਂ ਤੋਂ ਹੰਭ ਕੇ ਰੱਜਵੀਂ ਸ਼ਰਾਬ ਪੀਂਦੇ ਹਨ (ਜਿਹੜੀ ਸ਼ਰਾਬ ਹਿੰਦੀ ਫ਼ਿਲਮਾਂ ਵਿਚ ਹੀਰੋ ਆਦਿ ਪੀਂਦੇ ਹਨ); ਪੰਜਾਬੀ ਗਾਉਣ-ਪਾਣੀ ਚਲਦਾ ਹੈ (ਕਿਸੇ ਪਾਲ ਜਨੂੰਕਿਆਂ ਵਾਲੇ ਦਾ ਗੀਤ ਮੁੜ ਮੁੜ ਵੱਜਦਾ ਹੈ : ਪਾਸ ਪੋਰਟ ਬਣ ਜਾਣ ਦੇ ਤੈਨੂੰ ਝਟ ਮੰਗਾ ਲੈਣਾ) ਬਲੀਊ ਫ਼ਿਲਮਾਂ ਦੇਖਦੇ ਹਨ, ਵੇਸਵਾਵਾਂ ਕੋਲ ਜਾਂਦੇ ਹਨ, ਚੁੱਪ ਕਰ ਜਾਂਦੇ ਹਨ, ਸੌਂ ਜਾਂਦੇ ਹਨ – ਅਗਲੀ ਸਵੇਰ ਕੰਮ ਉਤੇ ਜਾਣ ਲਈ। ਹਰ ਹਫ਼ਤੇ ਹਿੰਦੀ ਫ਼ਿਲਮ ਚਲਦੀ ਹੈ। ਪਿਛੇ ਜਿਹੇ ਨਰਿੰਦਰ ਬੀਬਾ ਆਪਣੀ ਲਾਮਡੋਰੀ ਲੈ ਕੇ ਆਈ ਸੀ। ਗੁਰਦੁਆਰੇ ਵਿਚ ਪਹਿਲਾਂ ਤਾਂ ਬਾਬੇ ਦੇ ਸ਼ਬਦ ਗਾਉਂਦੀ ਰਹੀ, ਪਰ ਮੁੰਡੇ ਤਾਂ ਕੁਝ ਹੋਰ ਸੁਣਨ ਗਏ ਸਨ। ਕਿਸੇ ਨੇ ਰਾਹ ਕੱਢ ਹੀ ਲਿਆ – ਬਾਬੇ ਦੀ ਦੇਹ ਲਪੇਟ ਕੇ ਪਿਛਲੇ ਅੰਦਰ ਰਖ ਦਿਤੀ। ਤੇ ਫੇਰ ਬੀਬਾ ਨੇ ਧੰਨ-ਧੰਨ ਕਰਾ ਦਿਤੀ।

ਅਵਾਸੀਆਂ ਬਾਰੇ ਸਾਡੀ ਲੋਕ-ਧਾਰਾ ਵਿਚ ਅਨੇਕਾਂ ਗੀਤ ਹਨ – ਕਢਣਾ ਰੁਮਾਲ ਦੇਗਿਓਂ ਆਪ ਬਹਿ ਗਿਓਂ ਵਲੈਤ ਵਿਚ ਜਾ ਕੇ... (ਸ਼ਹਰਯਾਰ ਨੂੰ ਇਸ ਬਾਰੇ ਲੇਖ ਲਿਖਣਾ ਚਾਹੀਦਾ ਹੈ) ਬਾਰੀਂ ਬਰਸੀਂ ਕੀਤੀ ਖੱਟੀ ਵਾਲੀਆਂ ਬੋਲੀਆਂ ਵਿਚ ਵੀ ਆਵਾਸ ਦੀ ਸਮਾਜਕਤਾ ਉਤੇ ਪੁਰਸੋਜ਼ ਵਿਅੰਗ ਹੁੰਦਾ ਹੈ। ਮੈਨੂੰ ਵਾਰ-ਵਾਰ ਆਪਣੇ ਦਾਦੇ ਤੇ ਉਹਦੇ ਭਰਾਵਾਂ ਦਾ ਖ਼ਿਆਲ ਆਉਂਦਾ ਹੈ, ਜੋ ਬਸਤੀਵਾਦ ਦੇ ਧੱਕੇ ਇਸ ਸਦੀ ਦੇ ਸ਼ੁਰੂ ਵਿਚ ਮਨੀਲੇ ਤੇ ਕਨੈਡੇ ਡਾਲੇ ਕਮਾਉਣ ਗਏ ਸਨ ਅਤੇ ਆਪਣੀ ਦਾਦੀ ਤੇ ਉਹਦੀਆਂ ਦਰਾਣੀਆਂ – ਜਠਾਣੀਆਂ ਦਾ ਵੀ। ਕਿੰਨੇ-ਕਿੰਨੇ ਵਰ੍ਹੇ ਉਹ ਆਪਣੇ ਮਰਦਾਂ ਤੋਂ ਵਾਂਝੀਆਂ ਰਹਿੰਦੀਆਂ ਸਨ। ਮਰਦ ਦਸੌਰੀਂ ਪਹਿਰੇਦਾਰੀ ਕਰਦੇ ਸਨ ਜਾਂ ਖੇਤਾਂ ਵਿਚ ਮਜ਼ਦੂਰੀ ਕਰਕੇ ਵਾਪਸ ਪਰਤਦੇ ਸਨ ਤਾਂ ਉਦੋਂ ਤਕ ਉਹਨਾਂ ਦੇ ਵਾਲ ਬੱਗੇ ਹੋਏ ਹੁੰਦੇ ਸਨ। ਫੇਰ ਮੈਂ ਆਪਣੇ ਬਾਪ ਬਾਰੇ ਸੋਚਦਾ ਹਾਂ, ਜੋ 1925 ਵਿਚ ਪਹਿਲੀ ਵਾਰ ਪੂਰਬੀ ਅਫ਼ਰੀਕਾ ਗਿਆ ਸੀ ਤੇ ਬਾਰਾਂ ਵਰ੍ਹੇ ਇਕੱਲੀ ਰਹੀ ਆਪਣੀ ਮਾਂ ਬਾਰੇ, ਸ਼ਿਵਚਰਨ ਗਿੱਲ ਦੀ ਕਹਾਣੀ "ਕਾਲੇ ਪਾਣੀ" ਪੜ੍ਹ ਕੇ ਦਿਲ ਵਿਚੋਂ ਹੂਕ ਉਠਦੀ ਹੈ।

## ਸੁਰਿੰਦਰ ਭਾਈ ਸਾਹਬ

ਬਰਫ਼ੀਲੀ ਹਵਾ ਵਾਲੇ ਕਬਰਿਸਤਾਨ ਦੇ ਛੋਟੇ ਜਿਹੇ ਕਮਰੇ 'ਚ ਸੁਰਿੰਦਰ ਦਾ ਮਿਰਤਕ ਸਰੀਰ ਤਾਬੂਤ ਵਿਚ ਪਿਆ ਸੀ ਉਹਦੇ ਮੁੱਖ 'ਤੇ ਟੇਢੀ ਮੁਸਕਾਨ ਜੰਮੀ ਹੋਈ ਸੀ ਤੇ ਪੁੜ ਪੁੜੀਆਂ ਦੇ ਬੱਗੇ ਵਾਲ ਚਮਕ ਰਹੇ ਸਨ. ਉਹਦੇ ਗਲ ਈਸਾਈਆਂ ਵਾਲਾ ਸਾਟਿਣ ਦਾ ਲੰਮਾ ਹਸਾਉਣਾ ਚੋਗਾ ਪਾਇਆ ਹੋਇਆ ਸੀ,ਮਸਖਰੀ ਸ਼ਕਲ ਵਾਲਾ ਗੁਰਦੁਆਰੇ ਦਾ ਭਾਈ ਬਰੀਕ ਆਵਾਜ਼ ਵਿਚ ਅਰਦਾਸ ਕਰ ਰਿਹਾ ਸੀ ਕਿ ਵਾਹਿਗੁਰੂ ਸੁਰਿੰਦਰ ਨੂੰ ਆਪਣੇ ਚਰਨਾਂ ਵਿਚ ਥਾਂ ਦੇਵੇ। ਮੈਨੂੰ ਲੱਗਾ ਕਿ ਸੁਰਿੰਦਰ ਹੁਣੇ ਉਠ ਕੇ ਆਖੇਗਾ ਭਾਈ ਸਾਹਬ, ਇਹ ਵੀ ਕੀ ਗੱਲ ਹੋਈ ਮੈਂ ਵਾਹਿਗੁਰੂ ਕੋਲ ਨਹੀਂ ਜੇ ਜਾਣਾ ਚਲੋ ਆਪਾਂ ਇੰਡੀਆਂ ਚਲਦੇ ਹਾਂ ਭਾਈ ਸਾਹਬ, ਇਹ ਗ਼ਲਤ ਰਹੁਰੀਤਾਂ ਤਾਂ ਰੈਵੋਲੀਉਸ਼ਨ ਤੋਂ ਬਾਅਦ ਹੀ ਖ਼ਤਮ ਹੋਣਗੀਆਂ।

ਅਰਦਾਸ ਮੁੱਕੀ ਕਬਰਿਸਤਾਨ ਦੇ ਕਾਰਕੁਨ ਨੇ ਕਮਰੇ ਦਾ ਦਰਵਾਜ਼ਾ ਹੌਲੀ ਦੇਣੀ ਬੰਦ ਕਰ ਦਿੱਤਾ. ਸਾਡੀਆਂ ਅੱਖਾਂ ਤੋਂ ਓਹਲੇ ਤੀਜੇ ਚੌਥੇ ਦਿਨ ਉਨ੍ਹਾਂ ਨੇ ਸੁਰਿੰਦਰ ਨੂੰ ਬਿਜਲੀ ਦੀ ਅੱਗ ਦੇ ਸਪੁਰਦ ਕਰ ਦੇਣਾ ਸੀ

ਸੁਰਿੰਦਰ ਕੋਈ ਦੋ ਮਹੀਨੇ ਹਸਪਤਾਲ ਦੇ ਮੰਜੇ ਲੱਗਾ ਰਿਹਾ. ਅੱਤ ਆਧੁਨਿਕ ਇਲਾਜ ਨਾਲ ਵੀ ਡਾਕਟਰ ਉਹ ਨੂੰ ਬਚਾਅ ਨਾ ਸਕੇ. ਸੁਰਿੰਦਰ ਨੂੰ ਦਸ ਵਰ੍ਹੇ ਪੁਰਾਣੀਆਂ ਗੱਲਾਂ ਚੇਤੇ ਸਨ, ਉਹਨੂੰ ਸੁਧ ਨਹੀਂ ਸੀ ਕਿ ਉਹ ਕਿਥੇ ਹੈ,ਉਹ ਸਮਝਦਾ ਸੀ ਕਿ ਉਹ ਪਟਿਆਲੇ ਹੈ ਡਾਕਟਰ ਸੰਤੋਖ ਕੋਲ ਹੈ ਤੇ ਡਾਕਟਰ ਦੇ ਵੱਡੇ ਭਰਾ ਦਾ ਨਾਂ ਵਾਰ-ਵਾਰ ਲੈਂਦਾ ਸੀ, ਉਹ ਨਰਸਾਂ ਦੀਆਂ ਗੱਲਾਂ ਕਰਦਾ ਜਾਂ ਗੁਰਦੁਆਰੇ ਦੀਆਂ।

ਉਹਦੇ ਹਸਪਤਾਲ ਜਾਣ ਤੋਂ ਕੁਝ ਦਿਨ ਹੀ ਪਹਿਲਾਂ ਮੈਂ ਫਰੈਂਕਫਰਟ ਪੁਜਾ ਸਾਂ, ਅਸੀਂ ਰੱਜ ਕੇ ਗੱਲਾਂ ਵੀ ਨਾ ਕਰ ਸਕੇ, ਮੈਨੂੰ ਉਹਦੇ ਖ਼ਤ ਵਿਚ ਲਿਖੇ ਇਹ ਲਫ਼ਜ਼ ਸਦਾ ਯਾਦ ਰਹਿਣਗੇ : ਲੇਖਕਾਂ ਦੀਆਂ ਪਾਲਾਂ 'ਚੋਂ ਤੁਸੀਂ ਹੀ ਸਾਡੇ ਕੋਲ ਬਚੇ ਹੋ। ਤੁਹਾਨੂੰ ਸੰਭਾਲਣਾ ਸਾਡਾ ਫ਼ਰਜ਼ ਹੈ।'

ਨਕਸਲਬਾੜੀ ਲਹਿਰ ਤੇ ਬਾਬਾ ਬੂਝਾ ਸਿੰਘ ਦੀ ਸ਼ਹਾਦਤ ਤੋਂ ਪ੍ਰੇਰਿਤ ਸੁਰਿੰਦਰ (ਓਦੋਂ ਉਹ 'ਸੁਰੇਂਦਰ'

ਹੁੰਦਾ ਸੀ) ਨੇ ਆਪਣੇ ਪਰਚੇ 'ਹੇਮਜਯੋਤੀ' ਦਾ ਮੁਹਾਂਦਰਾ ਬਦਲ ਦਿੱਤਾ ਸੀ, ਇਹ ਜਾਣਨਸਾਰ ਮੈਂ ਤੇ ਹਰਭਜਨ ਸਿੰਘ ਹਲਵਾਰਵੀ ਉਹਦੇ ਕੋਲ ਪੁੱਜ ਗਏ ਸਾਂ ਤੇ ਆਪਣੀ ਗ੍ਰਿਫ਼ਤਾਰੀ ਤਕ ਮੈਂ ਪਰਚੇ ਦੀ ਲੁੱਕਵੀਂ ਐਡੀਟਰੀ ਕਰਦਾ ਰਿਹਾ, ਬਾਅਦ ਵਿਚ ਜੋ ਸੁਰਿੰਦਰ ਨਾਲ ਤੇ ਪਰਚੇ ਨਾਲ ਵਾਪਰਿਆ ਉਹ ਸਾਰੇ ਜਾਣਦੇ ਹੀ ਹਨ, 'ਹੇਮਜਯੋਤੀ' ਪੰਜਾਬੀ ਸਾਹਿਤ–ਸਭਿਆਚਾਰ ਮੰਚ ਦੇ ਫੱਟੇ ਹੇਠ ਦੁਬਾਰਾ ਸ਼ੁਰੂ ਹੋਇਆ ਪਰ 'ਇਨਕਲਾਬੀ' ਪਾਠਕਾਂ ਨੂੰ ਰਾਸ ਨਾ ਆਇਆ, ਕਿਉਂਕਿ ਉਹਨਾਂ ਨੂੰ ਅਤੰਕਵਾਦੀ ਸਾਹਿਤ ਦਾ ਭੁੱਸ ਪਿਆ ਹੋਇਆ ਸੀ, ਓਦੋਂ ਸੁਰਿੰਦਰ ਦੀ ਹਾਲਤ ਵੀ, ਹਲਵਾਰਵੀ ਦੇ ਕਹਿਣ ਵਾਂਗ ਉਸ ਵਿਧਵਾ ਵਰਗੀ ਸੀ, ਜੋ ਦੂਜਾ ਵਿਆਹ ਕਰਵਾਣ ਲੱਗਿਆਂ ਲੱਖ ਵਾਰ ਸੋਚਦੀ ਹੈ। ਮੈਂ ਸ਼ਹੀਦ ਸੁਬਾਰਾਓ ਪਾਣਿਗ੍ਰਹੀ ਦੀ ਬਰਸੀ ਦੇ ਮੌਕੇ ਸੰਪਾਦਕੀ ਨੋਟ ਲਿਖਿਆ, ਪਰ ਸੁਰਿੰਦਰ ਪਰਚੇ ਵਿਚ ਛਾਪਣ ਲਈ ਤਿਆਰ ਨਹੀਂ ਸੀ, ਫੇਰ ਇਹ ਨੋਟ "ਸੌ ਫੁੱਲ ਖਿੜਨ ਦਿਓ" ਕਾਲਮ ਹੇਠ ਛਪਿਆ ਸੀ।

ਤਕੱਲੁਫ਼ੀ ਤੇ ਆਦਰਸ਼ਵਾਦਿਤਾ ਸੁਰਿੰਦਰ ਦਾ ਸੁਭਾਅ ਸੀ, ਇਸੇ ਕਾਰਣ ਉਹਨੇ ਗਲਤ ਥਾਂ ਵਿਆਹ ਕਰਵਾ ਲਿਆ ('ਮੇਰੀ ਮਾਂ ਕਹਿੰਦੀ ਸੀ, ਫ਼ੇਰ ਮੈਂ ਨਾਂਹ ਕਿਵੇਂ ਕਰਦਾ ?')ਵਕਾਲਤ ਦਾ ਅਸਫਲ ਕਿੱਤਾ ਅਪਣਾ ਲਿਆ (ਭਾਈ ਸਾਹਬ, ਝੂਠੇ ਕੇਸ ਮੈਂ ਕਿਵੇਂ ਲੜ ਸਕਦਾ ਸਾਂ ?) ਛਾਪਾ ਖਾਨਾ ਲਾਇਆ ਤੇ ਘਾਟਾ ਖਾਧਾ ('ਮਜ਼ਦੂਰ ਮਸ਼ੀਨ ਚਲਾਉਣ ਤੇ ਮੈਂ ਉਹਨਾਂ ਦੀ ਮਿਹਨਤ ਦਾ ਮੁਨਾਫ਼ਾ ਕਿਵੇਂ ਖਾਵਾਂ ?') ਤੇ ਵਿਦੇਸ਼ ਆਇਆ, ਜਿਥੇ ਹੱਡਭੰਨਵੀਂ ਮਿਹਨਤ ਕਾਰਣ ਉਹ ਤਿੰਨ ਚਾਰ ਅਹੁਰਾਂ ਦਾ ਰੋਗੀ ਹੋ ਗਿਆ। ਇਨਕਲਾਬ ਉਹਦੇ ਲਈ ਕੋਈ ਠੋਸ ਸਥੂਲ ਸ਼ੈਅ ਸੀ-ਸਾਹਮਣੇ ਸਾਖਿਆਤ ਖੜੀ ਮੰਦਰ ਵਿਚ ਪਈ ਮੂਰਤੀ ਵਰਗੀ ਸ਼ੈਅ (ਉਹਦੇ ਇਸ ਪੱਖ ਨੂੰ ਪ੍ਰੇਮ ਪ੍ਰਕਾਸ਼ ਨੇ ਆਪਣੇ ਨਾਵਲ 'ਦਸਤਾਵੇਜ਼' ਵਿਚ ਕੌਰ ਸਾਹਬ ਦੇ ਪਾਤਰ ਦੇ ਰੂਪ ਵਿਚ ਅਨੁਹਿਰਦਤਾ ਨਾਲ ਪੇਸ਼ ਕੀਤਾ ਸੀ) ਏਸ ਗੱਲੋਂ ਸਾਡੀ ਦੋਹਵਾਂ ਦੀ ਕਈ ਵਾਰ ਝੜਪ ਹੋ ਜਾਂਦੀ, ਉਹਨੂੰ ਦੋ ਹੀ ਰੰਗ ਪਸੰਦ ਸਨ–ਚਿੱਟਾ ਤੇ ਕਾਲਾ। ਮੰਚ ਦੀ ਮੀਟਿੰਗ ਵਿਚ 'ਪ੍ਰੀਤਲੜੀ' ਦੇ ਟਾਈਟਲ ਉੱਤੇ ਛਪੀ ਮੇਰੀ ਭਤੀਜੀ ਦੀ ਤਸਵੀਰ ਤੋਂ ਬੜੀ ਲੈ–ਦੇ ਹੋਈ ਸੀ, ਮੈਂ ਕਹਿੰਦਾ ਸੀ– ਉਸ ਤਸਵੀਰ ਨਾਲ ਮੈਂ ਸੋਧਵਾਦੀ ਨਹੀਂ ਹੋ ਗਿਆ ਤੇ ਨਾ ਹੀ ਕਿੱਟੀ ਸੋਧਵਾਦੀ ਹੋਣ ਲੱਗੀ ਹੈ – 'ਪਰ ਫ਼ੈਸਲੇ ਤਾਂ ਹੋਏ ਪਏ ਹਨ', ਇਹਨਾਂ ਲਫ਼ਜ਼ਾਂ ਨਾਲ ਸੁਰਿੰਦਰ ਦਾ ਡੱਟਵਾਂ ਪੱਖ ਪੂਰਨ ਵਾਲਾ ਆਪਣੇ ਹੀ ਹੋਏ ਪਏ ਫ਼ੈਸਲਿਆਂ ਨੂੰ ਕੰਡ ਦੇ ਕੇ ਟਪੂਸੀ ਮਾਰ ਚੁੱਕਾ ਹੈ ਤੇ "ਅਜ ਦੀ ਮੁਟਿਆਰ" ਨਾਂ ਦੇ ਪਰਚੇ ਵਿਚ ਆਪਣੀ ਹੱਸਦੇ ਦੀ ਫ਼ੋਟੋ ਸਮੇਤ ਗ਼ਜ਼ਲਾਂ ਛਪਵਾਉਂਦਾ ਹੈ।

ਮੈਂ ਸੁਰਿੰਦਰ ਦੀ ਮੌਤ ਲਈ ਮਾਨਸਿਕ ਤੌਰ ਤੇ ਤਿਆਰ ਸੀ, ਉਹਦੀ ਹਾਲਤ ਦੇਖੀ ਨਹੀਂ ਸੀ ਜਾਂਦੀ, ਇਸ ਹਾਦਸੇ ਤੋਂ ਬਾਅਦ ਮੈਂ ਮੌਤ ਬਾਰੇ ਜ਼ਿਆਦਾ ਹੀ ਸੋਚਣ ਲੱਗ ਪਿਆ ਸਾਡੇ ਸਾਹਿਤ ਵਿਚ ਮੌਤ ਬਾਰੇ ਕਿੰਨੀਆਂ ਕੁ ਜਾਨਦਾਰ ਕਵਿਤਾਵਾਂ ਹਨ, ਤੇਰਾ ਸਿੰਘ ਚੰਨ ਦੀ ਕਵਿਤਾ 'ਕਿੰਨੀ ਅਣਜਾਣ ਤੇ ਬੇਸਮਝ ਹੈ ਇਹ ਮੌਤ'/ ਕੇਵਲ ਇਕ ਕੁ ਛਿੰਨ ਲਈ ਹੱਸਦੀ ਹੈ/ਤੇ ਜ਼ਿੰਦਗੀ ਦੇ ਕਿਸੇ ਆਸ਼ਕ ਨੂੰ ਆਪਣੀਆਂ ਲਹੂ ਗੜੁਚੀਆਂ ਦਾਹੜਾਂ ਵਿਚ ਦਬਾ ਲੈਂਦੀ ਹੈ ਜਾਂ ਮੀਸ਼ਾ ਜੀ ਦੀ "ਚਿੱਬ" ਨਾਂ ਦੀ ਕਵਿਤਾ।

ਹਸਪਤਾਲ ਜਾਣ ਤੋਂ ਪਹਿਲਾਂ ਸੁਰਿੰਦਰ ਨੇ ਆਖਣਾ ਭਾਈ ਸਾਹਿਬ, ਆਪਾਂ ਛੇਤੀ ਇੰਡੀਆ ਚਲੇ ਜਾਣੈ (ਹਰ ਅਵਾਸੀ ਇੰਜ ਹੀ ਸੋਚਦਾ ਹੈ. ਇੰਜ ਸੋਚਿਆਂ ਬਿਨਾਂ ਗੁਜ਼ਾਰਾ ਨਹੀਂ) ਉਹਦੀ ਬੀਮਾਰੀ ਦੌਰਾਨ ਮੈਂ ਉਹਦੇ ਕਮਰੇ ਨੂੰ ਕਦੇ ਤਾਲਾ ਨਹੀਂ ਸੀ ਲਾਇਆ, ਢੋਅ ਛਡਦਾ ਸਾਂ, ਜਿਵੇਂ ਉਹ ਕਿਸੇ ਵੀ ਵੇਲੇ ਆ ਸਕਦਾ ਹੈ।

ਇਹ ਦਰਵਾਜ਼ਾ ਹਾਲੇ ਵੀ ਢੋਇਆ ਹੋਇਆ ਹੈ/

## ਪਾਠਕੀ

'ਸਮਤਾ' ਦੀ ਪਾਠਕੀ ਪੰਜਾਬ ਦੀ ਬੌਧਿਕਤਾ ਦਾ ਬੈਰੋਮੀਟਰ ਹੈ। ਪੰਜਾਬ ਦਾ ਇਨਕਲਾਬੀ ਪਾਠਕ ਅੱਖਾਂ ਸਾਹਵੇਂ ਸਾਕਾਰ ਹੋ ਜਾਂਦਾ ਹੈ-ਟੈਰੀਕਾਟ ਦੇ ਕਮੀਜ਼ ਪਜਾਮੇ ਦਾ ਸੂਟ ਪਾਈ, ਵਾਇਲ ਦੀ ਸੀਉਂਤੀ ਹੋਈ ਵੱਡੀ ਸਾਰੀ ਪੱਗ ਬੰਨ੍ਹੀ,ਹੱਥਾਂ ਵਿਚ ਬੁਰੀ ਤਰ੍ਹਾਂ ਵਲੇਟੇ ਹੋਏ ਮੋੜੇ ਪਰਚੇ ਲਈ ਛਾਤੀ ਨਾਲ ਵਿਕ੍ਰਿਤ ਹੋ ਰਹੇ ਨੈਣਾਂ ਨਕਸ਼ਾਂ ਵਾਲਾ ਤੁਸੀਂ ਉਹ ਨੂੰ ਰਤਾ ਕੁ ਛੋਹੋ ਤਾਂ ਟੇਪ-ਰਿਕਾਰਡ ਵਾਂਗ ਅਗਾਂਹ ਵਧੂ ਸਾਹਿਤ ਦੇ ਮਨੋਰਥ ਤੁਹਾਡੇ ਉਤੇ ਉਲਦ ਦਏਗਾ–ਪਰ ਹੈਰਾਨੀ ਉਦੋਂ ਹੁੰਦੀ ਹੈ,ਜਦ ਅਜੀਤ ਕੁਮਾਰ ਨਾਜ਼ ਵਰਗਾ ਵਿਅਕਤੀ ਕਵਿਤਾ ਦੇ ਨਾਂ ਸਮਝ ਆਉਣ ਦੀ ਸ਼ਕਾਇਤ ਕਰਦਾ ਹੈ,(ਨਾਜ਼ ਸਾਹਿਬ ਆਪਣੇ ਪੇਂਡੂ ਵਿਦਿਆਰਥੀਆਂ ਨੂੰ ਅੰਗਰੇਜ਼ੀ ਦੀ ਕਲਾਸਕੀ ਕਵਿਤਾ ਕਿਸ ਤਰ੍ਹਾਂ ਪੜ੍ਹਾਉਂਦੇ ਤੇ ਸਮਝਾਉਂਦੇ ਹੋਣਗੇ ?) ਜਾਂ ਕੀ "ਸਮਤਾ" ਵਿਚ ਕਾਵਿ ਪਾਠ ਪੁਸਤਕਾਂ ਵਾਂਗ ਔਖੇ ਸ਼ਬਦਾਂ ਦੇ ਅਰਥ, ਪ੍ਰਸੰਗ ਸਹਿਤ ਵਿਆਖਿਆ ਛਾਪੀ ਜਾਇਆ ਕਰੇ ?

ਜਾਬਰ ਹਾਕਮ ਜਮਾਤਾਂ ਨੇ ਸਾਡੇ ਕੋਲੋਂ ਛੂਹਣ, ਦੇਖਣ; ਚੱਖਣ, ਸੁੰਘਣ ਤੇ ਸੁਣਨ ਤਕ ਦੇ ਅਹਸਾਸ ਖੋਹੇ ਹੋਏ ਹਨ, ਇਹ ਗੱਲ ਯੂਰਪ ਵਿਚ ਹੋਰ ਵੀ ਵਧ ਖਟਕਦੀ ਹੈ, ਅਸੀਂ ਕਿੰਨੇ ਸਾਰੇ ਚੰਗੇ ਸਾਹਿਤ, ਸੰਗੀਤ ਤੇ ਹੋਰ ਹੁਨਰਾਂ ਤੋਂ ਵਾਂਝੇ ਕੀਤੇ ਹੋਏ ਹਾਂ, ਅਸੀਂ ਆਪਣੇ ਇਹ ਅਹਿਸਾਸ ਮੁੜ ਖੋਹਣੇ ਹਨ।

ਸ਼ੁਕਰ ਹੈ ਸਾਡੇ ਕੋਲ ਦਰਸ਼ਨ ਸਿੰਘ ਨੰਗਲ ਕਲਾਂ ਤੇ ਗੁਰਪ੍ਰੀਤ ਮਾਹਲ ਵਰਗੇ ਪਾਠਕ ਵੀ ਹਨ, ਤੇ ਅਸੀਂ ਆਸ਼ਾਵਾਦੀ ਹਾਂ।

☐ ਅਮਰਜੀਤ ਚੰਦਨ

# ਭਗਤ ਸਿੰਘ ਤੇ ਸਾਥੀਆਂ ਦੀ ਇਤਿਹਾਸਕ ਦੇਣ

□ ਪਾਲ ਸਿੰਘ

( ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਹਰੀਸ਼ ਪੁਰੀ ਅਤੇ ਅਕਤੂਬਰ ਸਮਤਾ ਵਿਚ ਸੰਪਾਦਕੀ ਅਤੇ ਪਾਠਕੀ ਵਿਚ ਛਪੇ ਵਿਚਾਰਾਂ ਦੇ ਪ੍ਰਸੰਗ ਵਿਚ ਚਰਚਾ ਨੂੰ ਅਗਾਂਹ ਤੋਰਨ ਲਈ)

ਸੇਖੋਂ ਸਾਹਿਬ ਵਲੋਂ ਲੰਡਨ ਵਿਚ ਚਲਾਈ ਗਈ ਭਗਤ ਸਿੰਘ ਅਤੇ ਊਧਮ ਸਿੰਘ ਬਾਰੇ ਗਲ, ਅਤੇ ਉਸ ਤੋਂ ਉਪਜੀ ਬਹਿਸ ਜੋ ਕਿ 'ਸਮਤਾ' ਵਿਚ ਆਈ ਹੈ, ਉਹ ਸਾਥਿਆਂ ਦਾ ਵਿਸ਼ੇਸ਼ ਧਿਆਨ ਮੰਗਦੀ ਹੈ। ਹਰੀਸ਼ ਪੁਰੀ ਨੇ ਠੀਕ ਲਿਖਿਆ ਹੈ ਕਿ ਇਸ ਬਹਿਸ ਦਾ ਵਿਸ਼ਾ ਬੜਾ ਮਹਤਤਾ ਭਰਿਆ ਹੈ, ਇਸੇ ਲਈ ਇਸ ਉਤੇ ਭਰਪੂਰ ਬਹਿਸ ਹੋਣੀ ਚਾਹੀਦੀ ਹੈ। ਹੇਠਾਂ ਸੇਖੋਂ ਸਾਹਿਬ ਵਲੋਂ ਉਠਾਏ ਗਏ ਕੁਝ ਨੁਕਤਿਆਂ ਤੇ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਇਹ ਨਿਰੋਲ ਭਗਤ ਸਿੰਘ ਦੀ ਇਤਿਹਾਸਕ ਦੇਣ ਬਾਰੇ ਹਨ। ਆਤੰਕ ਜਾਂ ਆਤੰਕਵਾਦ ਬਾਰੇ ਵਿਚਾਰ ਕਿਸੇ ਵਖਰੇ ਲੇਖ ਵਿਚ ਹੀ ਦਿਤੇ ਜਾ ਸਕਣਗੇ।

ਪਹਿਲਾ ਨੁਕਤਾ ਜਿਹੜਾ ਉਠਦਾ ਹੈ, ਉਹ ਸੇਖੋਂ ਸਾਹਿਬ ਦੇ ਬਿਆਨ ਵਿਚ ਆਪਾ-ਵਿਰੋਧੀ ਅੰਸ਼ ਦਾ ਹੈ। ਇਕ ਪਾਸੇ ਉਹ ਆਖਦੇ ਹਨ ਕਿ ਭਗਤ ਸਿੰਘ, ਊਧਮ ਸਿੰਘ ਦੀਆਂ ਮੌਤਾਂ ਅਚਾਨਕ ਵਾਪਰੀਆਂ ਘਟ-ਨਾਵਾਂ ਸਨ, ਇਸ ਲਈ ਉਹ ਉਹਨਾ ਨੂੰ ਕੋਈ ਮਹਤਤਾ ਨਹੀਂ ਦੇਂਦੇ ਅਤੇ ਕੱਲ੍ਹ ਨੂੰ ਜਦੋਂ ਇਤਿਹਾਸ ਲਿਖਿਆ ਜਾਵੇਗਾ ਤਾਂ ਉਹ ਨਹੀਂ ਸਮਝਦੇ ਕਿ ਇਹਨਾਂ ਨੂੰ ਕੋਈ ਥਾਂ ਦਿਤਾ ਜਾਵੇਗਾ। ਪਰ ਦੂਜੇ ਪਾਸੇ ਸੇਖੋਂ ਸਾਹਿਬ ਆਖਦੇ ਹਨ ਕਿ ਭਗਤ ਸਿੰਘ ਆਦਿ ਦੀ ਮਿਸਾਲ ਸਾਡੇ ਹੌਸਲੇ ਬੁਲੰਦ ਕਰਨ ਵਿਚ ਸਹਾਈ ਹੁੰਦੀ ਹੈ ਅਤੇ ਫੇਰ ਅਗੇ ਆਖਦੇ ਹਨ ਕਿ ਉਹ ਨਹੀਂ ਸਮਝਦੇ ਕਿ ਇਹਨਾਂ ਕੁਰਬਾਨੀਆਂ ਨੇ ਲੋਕਾਂ ਦੇ ਜੋਸ਼ ਵਿਚ ਕੁਝ ਵਾਧਾ ਕਰਨ ਤੋਂ ਇਲਾਵਾ ਵੀ ਕੋਈ ਵਡਾ ਹਿੱਸਾ ਪਾਇਆ ਹੋਵੇ ਅਤੇ ਉਹਨਾਂ ਵਰਗੇ ਹੋਰ ਕਈ ਆਜ਼ਾਦੀ ਦੇ ਘੋਲ ਵਿਚ ਮਰੇ ਹਨ। ਹੁਣ ਹੈਰਾਨੀ ਵਾਲੀ ਗਲ ਹੈ ਕਿ ਪਹਿਲਾਂ ਉਹ ਆਖਦੇ ਹਨ ਕਿ ਉਹਨਾਂ ਦੀਆਂ ਮੌਤਾਂ ਕੋਈ ਮਹਤਤਾ ਨਹੀਂ ਰਖਦੀਆਂ ਅਤੇ ਇਹ ਆਮ ਮੌਤਾਂ ਸਨ, ਸ਼ਹੀਦੀਆਂ ਨਹੀਂ ਸਨ। ਇਸ ਤੋਂ ਸਾਫ਼ ਇਹੀ ਭਾਵ ਨਿਕਲਿਆ ਕਿ ਇਹਨਾਂ ਮੌਤਾਂ ਦਾ ਆਜ਼ਾਦੀ ਦੀ ਲੜਾਈ ਵਿਚ ਕੋਈ 'ਹਾਂ ਪੱਖੀ' ਹਿੱਸਾ ਨਹੀਂ ਸੀ ਸਗੋਂ ਇਹ ਗ਼ਲਤ ਸਨ, 'ਨਾਂ ਪੱਖੀ' ਸਨ ਅਤੇ ਹਾਨੀ-ਕਾਰਕ ਸਨ। ਸੇਖੋਂ ਸਾਹਿਬ ਨੇ ਸਿੱਟੇ ਵਜੋਂ ਗਭਰੂਆਂ ਨੂੰ ਖਾਸ ਕਰਕੇ ਹਿੰਦੁਸਤਾਨ ਦੇ ਗਭਰੂਆਂ ਨੂੰ ਭਗਤ ਸਿੰਘ ਹੁਰਾਂ ਵਰਗਾ ਰਾਹ ਅਪਨਾਉਣ ਤੋਂ ਵਰਜਿਆ ਹੈ। ਅਧਗੁਝੇ ਤੇ ਅਧਨੰਗੇ ਤਰੀਕੇ ਨਾਲ ਇਸ ਨੂੰ ਹਾਨੀ-ਕਾਰਕ ਬਣਾ ਕੇ ਤਾਊਨ ਦੀ ਬਿਮਾਰੀ ਤੋਂ ਬਚਣ ਵਾਂਗੂੰ ਬਚਣ ਵਾਸਤੇ ਰਾਹ ਉਲੀਕਿਆ ਹੈ। ਦੂਜੇ ਪਾਸੇ ਦਸਦੇ ਹਨ ਕਿ ਉਹਨਾਂ ਦੀ ਜੀਵਨ ਤੇ ਉਹਨਾਂ ਦੀਆਂ ਕਰਨੀਆਂ ਤੇ ਉਹਨਾਂ ਦੀਆਂ ਮੌਤਾਂ ਲੋਕਾਂ ਦੇ ਹੌਸਲੇ ਬੁਲੰਦ ਕਰਦੀਆਂ ਹਨ ਤੇ ਜੋਸ਼ ਵਧਾਉਂਦੀਆਂ ਹਨ। ਸੇਖੋਂ ਸਾਹਿਬ ਦਾ ਇਹ ਤਰਕ ਸਮਝ ਨਹੀਂ ਆਉਂਦਾ ਕਿ ਇਕੋ ਵੇਲੇ ਹਾਨੀਕਾਰਕ ਐਕਸ਼ਨ ਬੁਲੰਦ ਹੌਸਲਿਆਂ ਵਰਗੇ 'ਹਾਂ ਪੱਖੀ' ਨਤੀਜੇ ਕਿਉਂ ਕਢਦਾ ਹੈ?

ਬੁਲੰਦ ਹੌਸਲੇ ਵਰਗੇ ਅੰਸ਼ ਦਾ ਹਮੇਸ਼ਾਂ ਇਤਿ-ਹਾਸ ਵਿਚ ਇਕ ਵਿਸ਼ੇਸ਼ ਹਿੱਸਾ ਰਿਹਾ ਹੈ। ਇਹ ਆਪਣੇ ਆਪ ਵਿਚ ਬਿਨਾਂ ਪਰਮਾਣ ਦੀ ਲੋੜ ਦੇ, ਇਕ ਵਡਾ ਸੱਚ ਹੈ ਕਿ ਇਸ ਜਗਤ ਵਿਚ ਕੋਈ ਵੀ ਕੰਮ, ਮਹਾਨ ਹੋਵੇ, ਭਾਵੇਂ ਬਹੁਤ ਹੀ ਮਹਾਨ ਹੋਵੇ, ਭਾਵੇਂ ਛੋਟਾ ਹੋਵੇ, ਉਹ ਬੁਲੰਦ ਹੌਂਸਲਿਆਂ ਬਗ਼ੈਰ, ਉਤਸ਼ਾਹ ਬਗ਼ੈਰ, ਤੇ ਜੋਸ਼ ਬਗ਼ੈਰ ਸਿਰੇ ਨਹੀਂ ਚੜ੍ਹ ਸਕਦਾ। ਭਾਵੇਂ ਬਾਕੀ ਦੀਆਂ ਸਾਰੀਆਂ ਸਮੱਗਰੀਆਂ ਤੇ ਸਾਰੇ ਸਾਜ਼-ਸਾਮਾਨ ਤਿਆਰ ਹੋਣ, ਪਰ ਜੇ ਉਤਸ਼ਾਹ ਤੇ

ਹੌਸਲੇ ਹਾਰ ਜਾਣ ਤਾਂ ਕੰਮ ਕਦੇ ਵੀ ਸਿਰੇ ਨਹੀਂ ਚੜ੍ਹ ਸਕਦਾ। ਇਤਿਹਾਸ ਦੱਸਦਾ ਹੈ ਜਦੋਂ ਕੌਰਵਾਂ ਤੇ ਪਾਂਡਵਾਂ ਦੇ ਵਿਚਕਾਰ ਮਹਾਂ ਭਾਰਤ ਦਾ ਯੁਧ ਹੋ ਰਿਹਾ ਸੀ, ਤੇ ਅਖ਼ੀਰ ਵਾਲੇ ਦਿਨਾਂ ਵਿਚ ਅਸ਼ਵਸਥਾਮਾਂ ਦੀ ਕਮਾਨ ਹੇਠਾਂ ਜੰਗ ਚਲ ਰਿਹਾ ਸੀ, ਤੇ ਕੌਰਵਾਂ ਦੀ ਫ਼ੌਜ ਪਾਂਡਵਾਂ ਦੀ ਫ਼ੌਜ ਕੋਲੋਂ ਕੋਈ ਖਮ ਨਹੀਂ ਸੀ ਖਾ ਰਹੀ ਬਲਕਿ ਆਪਣਾ ਪੱਲਾ ਭਾਰੀ ਕਰਦੀ ਜਾ ਰਹੀ ਸੀ ਤਾਂ ਕੌਰਵਾਂ ਦੀ ਫ਼ੌਜ ਦੇ [ਹੌਸਲੇ ਤੋੜਨ ਵਾਸਤੇ ਪਾਂਡਵਾਂ ਨੇ ਇਹ ਚਾਲ ਰਚੀ ਕਿ ਯੁਧਿਸ਼ਟਰ ਇਹ ਗਲ ਆਖੇ ਕਿ ਅਸ਼ਵਸਥਾਮਾ ਮਰ ਗਿਆ ਹੈ, ਤਾਂ ਕੌਰਵਾਂ ਦੀ ਫ਼ੌਜ ਦੇ ਹੌਸਲੇ ਟੁਟ ਜਾਣਗੇ। ਇਸ ਤਰ੍ਹਾਂ ਹੀ ਹੋਇਆ, ਪਾਂਡਵਾਂ ਨੇ ਕਿਸੇ ਤਰੀਕੇ ਨਾਲ ਯਧਿਸ਼ਟਰ ਕੋਲੋਂ ਅਖਵਾ ਦਿਤਾ ਕਿ ਅਸ਼ਵਸਥਾਮਾਂ ਮਰ ਗਿਆ ਹੈ, ਉਸਦੀ ਮੌਤ ਦੀ ਗਲ ਸਾਰੀ ਫ਼ੌਜ ਵਿਚ ਅੱਖ ਦੇ ਫੋਰੇ ਵਿਚ ਖਿਲਰ ਗਈ ਤੇ ਉਹਨਾਂ ਦੇ ਹੌਸਲੇ ਟੁੱਟ ਗਏ ਤੇ ਸਿਰਫ਼ ਹੌਸਲੇ ਟੁਟਣ ਕਰਕੇ ਹਾਰ ਗਏ। ਬਾਕੀ ਸਭ ਕੁਝ ਕਾਇਮ ਸੀ। ਉਹ ਫੌਜਾਂ ਵੀ ਮੌਜੂਦ ਸਨ, ਅਜੇ ਜਿਊਂਦੀਆਂ ਸਨ ਅਤੇ ਅਸ਼ਵਸਥਾਮਾ ਵੀ ਜਿਊਂਦਾ ਸੀ, ਕਾਇਮ ਸੀ, ਪਰ ਉਹਨਾਂ ਦੇ ਹੌਸਲੇ ਕਾਇਮ ਨਾ ਰਹੇ ਬੁਲੰਦ ਨਾ ਰਹੇ ਤੇ ਉਹ ਹਾਰ ਗਏ। ਅਤੇ ਉਹਨਾਂ ਟੁਟੇ ਹੌਸਲਿਆਂ ਨੇ ਇਤਿਹਾਸ ਦਾ ਮੂੰਹ ਇਕ ਪਾਸੇ ਨੂੰ ਮੋੜ ਦਿਤਾ ਅਥਵਾ ਉਹਨਾਂ ਹੌਸਲਿਆਂ ਦਾ ਰੋਲ ਇਤਿਹਾਸਕ ਸੀ।

ਸੋ ਇਹ ਹੈ ਰੋਲ ਜੋ ਕਿ ਉਤਸ਼ਾਹ, ਬੁਲੰਦ ਹੌਸਲੇ, ਤੇ ਜੋਸ਼ ਆਦਿ ਇਤਿਹਾਸ ਵਿਚ ਅਦਾ ਕਰਦੇ ਹਨ।

ਫਿਰ ਅਗੇ ਸੇਖੋਂ ਸਾਹਿਬ ਨੇ ਆਖਿਆ ਹੈ ਕਿ ਇਹਨਾਂ ਵਰਗੇ ਹੋਰ ਬਹੁਤ ਸਾਰੇ ਆਜ਼ਾਦੀ ਦੀ ਲਹਿਰ ਵਿਚ ਮਰੇ ਹਨ।

ਸਾਨੂੰ ਸਾਰਿਆਂ ਨੂੰ ਉਹਨਾਂ ਸਾਰਿਆਂ ਦੀ ਹੀ ਜਿਹੜਿਆਂ ਨੂੰ ਕਿ ਸੇਖੋਂ ਸਾਹਿਬ ਆਖਦੇ ਹਨ ਕਿ ਉਹ ਮਰੇ ਹਨ, ਉਹਨਾਂ ਸਾਰਿਆਂ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਕਦਰ ਹੈ ਵੀ। ਪਰ ਅਸੀਂ ਸੇਖੋਂ ਸਾਹਿਬ ਨੂੰ ਕਹਾਂਗੇ ਕਿ ਉਹ ਜਿਹੜੇ ਭਗਤ ਸਿੰਘ, ਤੇ ਊਧਮ ਸਿੰਘ ਆਦਿਕ ਵਾਂਗੂ ਮਰੇ ਹਨ ਉਹਨਾਂ ਦੇ ਨਾਮ ਦੱਸਣੇ ਚਾਹੀਦੇ ਹਨ। ਅਸੀਂ ਸਮਝਦੇ ਹਾਂ ਕਿ ਸੇਖੋਂ ਸਾਹਿਬ ਕੋਈ ਬਹੁਤਿਆਂ ਦੇ ਨਾਮ ਨਹੀਂ ਦਸ ਸਕਣਗੇ, ਜਿਨ੍ਹਾਂ ਦੇ ਨਾਮ ਦਸ ਸਕਣਗੇ ਉਹਨਾਂ ਦੀ ਇਤਿਹਾਸਕ ਮਹੱਤਤਾ ਜ਼ਰੂਰ ਹੋਵੇਗੀ। ਪਰ ਉਹ ਕਿਤੇ ਚੰਦ ਹੀ ਹੋਣਗੇ।

ਅਗੇ ਉਹਨਾਂ ਦੀ ਇਸ ਗੱਲ ਨੂੰ ਲੈਂਦੇ ਹਾਂ ਕਿ ਭਗਤ ਸਿੰਘ ਦੀਆਂ ਕਰਨੀਆਂ ਜਾਂ ਕੰਮ ਇਕੱਲੇ ਦੁਕੱਲੇ ਦੀਆਂ ਕਰਨੀਆਂ ਜਾਂ ਕੰਮ ਸਨ, ਉਹ ਕਿਸੇ ਲੋਕ ਲਹਿਰ ਨਾਲ ਸੰਬੰਧਤ ਨਹੀਂ ਸਨ ਅਤੇ ਉਹਨਾਂ ਪਿਛੇ ਕੋਈ ਲੋਕ ਜਥੇਬੰਦੀ ਨਹੀਂ ਸੀ।

ਸੇਖੋਂ ਸਾਹਿਬ ਦੀ ਭਗਤ ਸਿੰਘ ਬਾਰੇ ਆਖੀ ਇਹ ਗਲ ਅਸਲ ਹਕੀਕਤਾਂ ਦੇ ਉਲਟ ਹੈ। ਇਹਨਾਂ ਨੇ ਭਗਤ ਸਿੰਘ ਤੇ ਉਹਨਾਂ ਦੀਆਂ ਕਰਨੀਆਂ ਨੂੰ ਉਸ ਵੇਲੇ ਦੀ ਸਮੁਚੀ ਸਥਿਤੀ ਅਥਵਾ ਸਮੁਚੇ ਸੰਦਰਭ ਵਿਚੋਂ ਨਿਖੇੜ ਕੇ, ਬਾਹਰ ਕੱਢ ਕੇ ਪੇਸ਼ ਕੀਤਾ ਹੈ ਤੇ ਇਸ ਤਰ੍ਹਾਂ ਕਦੇ ਵੀ ਕਿਸੇ ਸੱਚ ਨੂੰ ਉਸ ਦੇ ਅਸਲ ਰੂਪ ਵਿਚ ਨਹੀਂ ਲਭਿਆ ਜਾ ਸਕਦਾ। ਉਸ ਵੇਲੇ ਹਕੀਕਤਾਂ ਅਥਵਾ ਪਰਿਸਥਿਤੀਆਂ ਕੀ ਸਨ? ਸਾਥੀ ਸੋਹਣ ਸਿੰਘ ਜੋਸ਼, ਜੋ ਕਿ ਇਕ ਇਤਬਾਰ ਯੋਗ ਇਤਿਹਾਸਕਾਰ ਹੈ, ਅਤੇ ਜਿਹੜਾ ਉਸ ਵੇਲੇ ਲੋਕ ਲਹਿਰਾਂ ਦੇ ਕੇਂਦਰਾਂ ਵਿਚ ਰਿਹਾ ਹੈ ਉਸ ਦੀਆਂ ਇਤਿਹਾਸਕ ਲਿਖਤਾਂ ਨੂੰ ਅਧਾਰ ਬਣਾਈਏ।

ਆਪਣੀ ਕਿਤਾਬ 'ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ' ਵਿਚ ਉਹ ਲਿਖਦੇ ਹਨ – "ਭਗਤ ਸਿੰਘ ਦਾ ਪਿਤਾ ਕਿਸ਼ਨ ਸਿੰਘ ਤੇ ਉਸ ਦੇ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਸਾਰੇ ਹੀ ਅੰਗਰੇਜ਼ ਸਾਮਰਾਜ ਦੀ ਗ਼ੁਲਾਮੀ ਦੇ ਵਿਰੁਧ ਆਜ਼ਾਦੀ ਦੇ ਸੰਘਰਸ਼ ਵਿਚ ਲੜਦੇ ਰਹੇ ਤੇ ਉਸ ਦੇ ਸਾਰੇ ਵਡਿਆਂ ਨੇ ਇਸ ਲੜਾਈ ਵਿਚ ਜੇਲ੍ਹਾਂ ਕੱਟੀਆਂ।"

ਇਸ ਤੋਂ ਇਹ ਸਿੱਧ ਹੈ ਕਿ ਜਿਸ ਟੱਬਰ ਵਿਚ ਭਗਤ ਸਿੰਘ ਜੰਮਿਆਂ ਉਹ ਸਾਰਾ ਟੱਬਰ ਜੋ ਆਜ਼ਾਦੀ ਵਾਸਤੇ ਜੂਝਦੀ ਲੋਕ ਜਥੇਬੰਦੀ ਕਾਂਗਰਸ ਦੇ ਰੂਹਿ-ਰਵਾਂ ਦਾ ਇਕ ਅੰਗ ਸੀ। ਅਤੇ ਭਗਤ ਸਿੰਘ ਜੂਝਦੀ ਲੋਕ ਲਹਿਰ ਦੇ ਢਿੱਡ ਵਿਚੋਂ ਜੰਮਿਆਂ। ਅੰਗਰੇਜ਼ ਦੀ ਗ਼ੁਲਾਮੀ ਤੋਂ ਦੇਸ਼ ਦੀ ਆਜ਼ਾਦੀ ਦੀ ਲਗਨ ਤੇ ਜਜ਼ਬਾ ਅਤੇ ਮੰਤਵ ਉਸ ਨੂੰ ਵਿਰਸੇ ਵਿਚ ਮਿਲਿਆ ਸੀ। ਉਸ ਨੂੰ ਕਾਂਗਰਸ ਲੋਕ ਜਥੇਬੰਦੀ ਤੇ ਪੂਰਾ ਵਿਸ਼ਵਾਸ ਸੀ ਅਤੇ ਇਸ ਰਾਹੀਂ ਉਸ ਨੂੰ ਆਜ਼ਾਦੀ ਮਿਲ ਜਾਣ ਦੀ ਪੂਰੀ ਆਸ ਸੀ।

ਐਨ ਏਸ ਵੇਲੇ ਦੇਸ਼ ਵਿਚ ਇਕ ਨਵੀਂ ਗਲ ਵਾਪਰੀ। ਉਹ ਇਹ – ਕਿ ਇਸ ਸਮੇਂ ਕਾਂਗਰਸ ਵਿਚ

ਰਲ ਕੇ ਸੰਘਰਸ਼ ਕਰ ਰਹੇ ਈਮਾਨਦਾਰ ਤੇ ਸਿਆਣੇ ਲੋਕਾਂ ਵਿਚ ਅਤੇ ਕਾਂਗਰਸ ਤੋਂ ਬਾਹਰ ਵੀ ਇਹ ਵਿਚਾਰ ਪੈਦਾ ਹੋਣਾ ਸ਼ੁਰੂ ਹੋਇਆ ਕਿ ਗਾਂਧੀ ਜੀ ਦੀ ਅਗਵਾਈ ਵਿਚ ਕਾਂਗਰਸ ਜਥੇਬੰਦੀ ਵਲੋਂ ਜਿਹੜਾ ਆਜ਼ਾਦੀ ਦਾ ਏਡਾ ਵਡਾ ਦੇਸ਼ ਵਿਆਪੀ, ਵਿਰਾਟ ਤੇ ਬਲਵਾਨ ਸੰਘਰਸ਼ ਮੁੱਦਤਾਂ ਤੋਂ ਚਲਾਇਆ ਜਾ ਰਿਹਾ ਹੈ, ਇਸ ਦੀ ਕੋਈ ਪ੍ਰਾਪਤੀ ਕਿਉਂ ਨਹੀਂ ਹੋਈ ? ਇਹ ਵਿਚਾਰ ਉਠਿਆ ਕਿ ਜਦੋਂ ਗਾਂਧੀ ਜੀ ਦੇ ਇਸ਼ਾਰੇ ਤੇ ਲੱਖਾਂ ਲੋਕ ਕੁਰਬਾਨ ਹੋਣ ਵਾਸਤੇ ਭੱਜ ਆਉਂਦੇ ਹਨ ਅਤੇ ਜਲ੍ਹਿਆਂ ਵਾਲੇ ਬਾਗ਼ ਅਤੇ ਚੋਰਾਚੋਰੀ ਵਰਗਿਆਂ ਸਾਕਿਆਂ ਵਿਚ ਲੋਕ ਜਾਨਾਂ ਵਾਰੀ ਜਾਂਦੇ ਹਨ ਤਾਂ ਪ੍ਰਾਪਤੀ ਕਿਉਂ ਨਹੀਂ ਹੁੰਦੀ ? ਜਦੋਂ ਇਸ ਨੂੰ ਵਿਚਾਰਿਆਂ ਤੇ ਕੁਝ ਲੋਕ ਇਸ ਨਤੀਜੇ ਤੇ ਪਹੁੰਚੇ ਕਿ ਪ੍ਰਾਪਤੀ ਨਾ ਹੋਣ ਦਾ ਕਾਰਨ ਇਹ ਹੈ ਕਿ ਕਾਂਗਰਸ ਦੇ ਆਗੂਆਂ ਅਤੇ ਕਾਂਗਰਸ ਲੋਕ ਜਥੇਬੰਦੀਆਂ ਦੀਆਂ ਨੀਤੀਆਂ, ਨਾਂ ਸਿਰਫ਼ ਪੂਰਨ ਤੌਰ ਤੇ ਇਨਕਲਾਬੀ ਨਹੀਂ ਹਨ ਬਲਕਿ ਗੈਰਇਨਕਲਾਬੀ ਅਤੇ ਸਮਝੌਤਾ ਕਰੂ ਹਨ। ਉਸ ਦੇ ਮੰਤਵ ਵੀ ਗੈਰ ਇਨਕਲਾਬੀ ਤੇ ਸਮਝੌਤਾ ਕਰੂ ਹਨ ਅਤੇ ਇਸ ਲਈ ਉਸ ਦੇ ਕੰਮ ਢੰਗ ਤੇ ਸੰਘਰਸ਼ਾਂ ਦੇ ਰੂਪ ਵੀ ਗੈਰ ਇਨਕਲਾਬੀ ਅਤੇ ਸਮਝੌਤਾ ਕਰੂ ਹਨ। ਇਸੇ ਕਰਕੇ ਪ੍ਰਾਪਤੀ ਨਹੀਂ ਹੁੰਦੀ।

ਇਹ ਸੋਚ ਇਹ ਧਾਰਨਾ ਬਹੁਤ ਵਧੀ ਤੇ ਬਲਵਾਨ ਹੋਈ। ਅਤੇ ਖੁਲੇ ਰੂਪ ਵਿਚ ਇਸ ਧਾਰਨਾ ਉਪਰ ਵਿਚਾਰਾਂ ਹੋਣ ਲਗੀਆਂ। ਅਨਗਿਣਤ ਲੋਕਾਂ ਨੇ, ਅਥਵਾ ਲੱਖਾਂ ਲੋਕਾਂ ਨੇ ਕਾਂਗਰਸ ਦੇ ਅੰਦਰ ਤੇ ਕਾਂਗਰਸ ਦੇ ਬਾਹਰ, ਇਸ ਧਾਰਨਾਂ ਦੀਆਂ ਲੀਹਾਂ ਉਤੇ ਵਿਚਾਰ ਕੀਤੀ। ਇਹ ਵਿਚਾਰ ਬਣੀ ਕਿ ਗਾਂਧੀ ਆਦਿਕ ਆਗੂਆਂ ਨੂੰ ਹਟਾ ਕੇ ਤੇ ਕਾਂਗਰਸ ਜਥੇਬੰਦੀ ਨੂੰ ਅਸਲ ਇਨਕਲਾਬੀ ਲੀਹਾਂ ਉਪਰ ਪਾਇਆ ਜਾਵੇ। ਇਹ ਧਾਰਨਾਂ ਜਾਂ ਖ਼ਿਆਲ ਉਸ ਵੇਲੇ, ਅਥਵਾ ਭਗਤ ਸਿੰਘ ਦੇ ਵੇਲੇ ਲਖਾਂ ਲੋਕਾਂ ਦੇ ਅੰਦਰ ਘਰ ਕਰ ਗਿਆ ਖਾਸ ਕਰਕੇ ਗਭਰੂਆਂ ਵਿਚ ਜਿਨ੍ਹਾਂ ਵਿਚ ਭਗਤ ਸਿੰਘ ਵੀ ਇਕ ਸੀ। ਭਗਤ ਸਿੰਘ ਦੀ ਸੋਚ ਇਕੱਲੀ ਕਾਰੀ ਨਹੀਂ ਸੀ।

ਇਸ ਧਾਰਨਾਂ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਭਰਪੂਰ ਕੋਸ਼ਿਸ਼ਾਂ ਵੀ ਹੋਈਆਂ ਕਿ ਇਸ ਪਿਛਾਖੜ ਆਗੂਆਂ ਨੂੰ ਹਟਾ ਕੇ ਤੇ ਕਾਂਗਰਸ ਲੋਕ ਜਥੇਬੰਦੀ ਨੂੰ ਇਨਕਲਾਬੀ ਰਾਹ ਤੇ ਤੋਰਿਆ ਜਾਵੇ। ਖਾਸ ਤੌਰ ਤੇ ਗਭਰੂਆਂ ਵਲੋਂ ਕੋਸ਼ਿਸ਼ਾਂ ਵਧੇਰੇ ਹੋਈਆਂ ਜਿਸ ਵਿਚ ਭਗਤ ਸਿੰਘ ਆਦਿਕ ਸਨ। ਜਿਨ੍ਹਾਂ ਕੋਸ਼ਿਸ਼ਾਂ ਦਾ ਨਤੀਜਾ ਆਖਰਕਾਰ ਨਿਕਲ ਵੀ ਆਇਆ ਅਤੇ ਇਕ ਵਾਰੀ ਆਲ ਇੰਡੀਆ ਕਾਂਗਰਸ ਦੇ ਸਾਲਾਨਾ ਅਜਲਾਸ ਵਿਚ ਪਿਛਾਖੜੀ ਆਗੂਆਂ ਨੂੰ ਲਾਹ ਕੇ ਸੁਭਾਸ਼ ਚੰਦਰ ਬੋਸ ਇਸ ਜਥੇਬੰਦੀ ਦਾ ਪ੍ਰਧਾਨ ਬਣਿਆ। ਪਰ ਫੇਰ ਪਿਛਾਖੜ ਦੇ ਲੀਡਰਾਂ ਤੇ ਸਾਮਰਾਜ ਨੇ ਰਲ ਕੇ ਆਪਣੀਆਂ ਖਚਰਪੁਣੇ ਨਾਲ ਭਰੀਆਂ ਨੀਤੀਆਂ ਨਾਲ ਅਗਵਾਈ ਖੋਹ ਲਈ ਅਤੇ ਕਾਂਗਰਸ ਲੋਕ ਜਥੇਬੰਦੀ ਨੂੰ ਤੇ ਲਹਿਰ ਨੂੰ ਉਹਨਾਂ ਹੀ ਪੁਰਾਣੀਆਂ ਗ਼ੈਰ ਇਨਕਲਾਬੀ ਲੀਹਾਂ ਉਤੇ ਪਾ ਦਿਤਾ। ਤੇ ਕਿਸੇ ਦੀ ਪੇਸ਼ ਨਾ ਜਾਣ ਦਿਤੀ।

ਇਥੋਂ ਸਿਧ ਹੁੰਦਾ ਹੈ ਕਿ ਭਗਤ ਸਿੰਘ, ਸੁਭਾਸ਼ ਚੰਦਰ ਬੋਸ ਅਤੇ ਹੋਰ ਲੱਖਾਂ ਗਭਰੂਆਂ ਦਾ ਲੋਕ ਜਥੇਬੰਦੀਆਂ ਵਿਚ ਵਿਸ਼ਵਾਸ ਸੀ। ਪਰ ਕੋਸ਼ਿਸ਼ਾਂ ਦੇ ਬਾਵਜੂਦ ਉਹ ਉਸ ਲੋਕ ਜਥੇਬੰਦੀ ਕਾਂਗਰਸ ਨੂੰ ਖੋਹ ਕੇ ਇਨਕਲਾਬੀ ਲੀਹਾਂ ਤੇ ਨਾ ਪਾ ਸਕੇ।

ਉਸ ਵੇਲੇ ਕਾਂਗਰਸੀ ਆਗੂਆਂ ਦੀਆਂ ਇਹਨਾਂ ਨੀਤੀਆਂ ਕਾਰਨ ਕੋਈ ਇਨਕਲਾਬੀ ਪ੍ਰਾਪਤੀ ਨਾ ਹੋਣ ਕਾਰਨ ਦੇਸ਼ ਦੇ ਲੋਕਾਂ ਵਿਚ ਅਤੇ ਕਾਂਗਰਸ ਵਿਚ ਦੇ ਲੋਕਾਂ ਵਿਚ ਵੀ ਬੜੀ ਡੂੰਘੀ ਨਿਰਾਸਤਾ ਸੀ, ਦਿਲ ਟੁਟੇ ਹੋਏ ਸਨ। ਤੇ ਆਜ਼ਾਦੀ ਤੇ ਕਰੋੜਾਂ ਮਜ਼ਲੂਮ ਭੁਖੇ ਦੁਖੀ ਲੋਕਾਂ ਦਾ ਭਵਿਖ ਸ਼ਾਹ ਕਾਲਾ ਹੋਇਆ ਖੜੋਤਾ ਸੀ। ਉਸ ਵੇਲੇ ਦੇ ਸਾਰੇ ਦੇਸ਼ ਦੀ, ਕਾਂਗਰਸ ਲੋਕ ਜਥੇਬੰਦੀ ਦੀ, ਕਾਂਗਰਸ ਦੇ ਆਗੂਆਂ ਦੀ ਤੇ ਲੋਕਾਂ ਦੀ ਹਾਲਤ ਪ੍ਰਤੀ ਜੋਸ਼ ਸਾਹਿਬ ਆਪਣੀ ਕਿਤਾਬ ਦੇ ਸਫ਼ਾ 16 ਤੇ ਲਿਖਦੇ ਹਨ – ਕਿ "1920 ਦੇ ਦਹਾਕੇ ਦੇ ਸਮੇਂ ਵਿਚ ਕਾਂਗਰਸ ਦੀ ਰਾਜ ਨੀਤੀ ਤੋਂ ਸਾਰੇ ਗਭਰੂ ਨਿਰਾਸ਼ ਸਨ। ਕਾਂਗਰਸ ਇਕ ਖੁਲੜ ਡੁਲੜ ਜਹੀ, ਢਿਲ ਮਢਿਲ ਜਿਹੀ ਜਥੇਬੰਦੀ ਸੀ ਜਿਹੜੀ ਕਿ ਭੁਲੇਖਿਆਂ ਵਿਚ ਫਸੀ ਹੋਈ ਸੀ ਅਤੇ ਅੰਗਰੇਜ਼ ਸਾਮਰਾਜ ਨੂੰ ਭੁਲੇਖਿਆਂ ਕਾਰਨ ਇਕ ਨੇਕ ਨਸੀਹਤਾਂ, ਇਰਾਦਿਆਂ ਵਾਲਾ ਹਾਕਮ ਸਮਝਦੀ ਸੀ। ਅਤੇ ਉਸ ਦੇ ਅਮਨ ਕਾਇਮ ਰਖਣ ਅਤੇ ਵਿਧਾਨਕ ਹੋਣ ਵਾਲੇ ਝੂਠੇ ਤੇ ਫ਼ਰੇਬੀ ਦਾਹਵਿਆਂ ਨੂੰ ਸੱਚਿਆਂ ਸਮਝਦੀ ਸੀ। ਅਤੇ ਉਹ ਗਭਰੂ ਇਨਕਲਾਬ ਤੇ ਇਨਕਲਾਬੀ ਉਭਾਰ ਲਿਆਉਣਾ ਚਾਹੁੰਦੇ ਸਨ। ਅਗੇ ਜੋਸ਼ ਸਾਹਿਬ ਸਫ਼ਾ 19 ਤੇ ਲਿਖਦੇ ਹਨ ਕਿ – "ਉਹ ਭਾਰਤੀ ਲੋਕਾਂ ਦਾ

ਅੰਗਰੇਜ਼ ਰਾਜ ਵਲੋਂ ਕੀਤੇ ਜਾ ਰਹੇ ਪਤਿਨ, ਤੇ ਉਹਨਾਂ ਵਲੋਂ ਲੋਕਾਂ ਦੇ ਹੌਸਲੇ ਤੋੜੇ ਜਾ ਰਹਿਆਂ ਨੂੰ ਤੇ ਉਹਨਾਂ ਦੀ ਖੁਆਰੀ ਨੂੰ ਜਰ ਨਹੀਂ ਸਨ ਸਕਦੇ।" ਅਗੇ ਉਹ ਸਫ਼ਾ 20 ਤੇ ਲਿਖਦੇ ਹਨ ਕਿ – "ਜਿਥੇ ਵੀ ਕਮਿਸ਼ਨ ਜਾਂਦਾ ਸੀ ਉਥੇ ਹੀ 'ਸਾਈਮਨ, ਵਾਪਸ ਜਾਉ', ਦੇ ਨਾਹਰਿਆਂ ਨਾਲ ਲੋਕ ਉਹਨਾਂ ਦਾ ਸਵਾਗਤ ਕਰਦੇ ਸਨ। ਉਹ ਸਮਾਂ ਬੜਾ ਮਹਾਨ ਸੀ ਅਤੇ ਉਹ ਉਸ ਉਤਸ਼ਾਹ ਭਰਨ ਵਾਲੀ ਨਾਮਿਲਵਰਤਣ ਦੀ ਲਹਿਰ ਦੀ ਯਾਦ ਕਰਵਾਉਂਦਾ ਹੈ ਅਤੇ ਜਿਸ ਲਹਿਰ ਨੂੰ ਮਹਾ-ਤਮਾ ਗਾਂਧੀ ਨੇ ਵਾਪਸ ਲੈ ਕੇ ਸਾਰੇ ਦੇਸ਼ ਨੂੰ ਨਿਰਾਸ਼ਤਾ ਤੇ ਅਫਸੋਸ ਵਿਚ ਡੋਬ ਦਿਤਾ।"

ਇਹ ਸਨ ਕਾਂਗਰਸ ਜਥੇਬੰਦੀ ਤੇ ਉਸ ਦੇ ਆਗੂਆਂ ਦੀਆਂ ਗ਼ੈਰ ਇਨਕਲਾਬੀ ਨੀਤੀਆਂ, ਇਹ ਸੀ ਲੋਕਾਂ ਦੀ ਨਿਰਾਸ਼ਤਾ ਦੀ ਹਾਲਤ, ਤੇ ਇਹ ਸੀ ਦੇਸ਼ ਦਾ, ਆਜ਼ਾਦੀ ਦਾ, ਤੇ ਕਰੋੜਾਂ ਲੋਕਾਂ ਦਾ ਤੇ ਇਨਕਲਾਬ ਦਾ ਭਵਿਖ, ਇਹ ਸੀ ਮੋੜ ਜਿਥੇ ਹਿੰਦੋਸਤਾਨ ਖੜੋਤਾ ਸੀ, ਜਿਥੇ ਭਗਤ ਸਿੰਘ ਤੇ ਹੋਰ ਲਖਾਂ ਈਮਾਨਦਾਰੀ ਨਾਲ ਆਜ਼ਾਦੀ ਲਈ ਨੇਕ ਜਜ਼ਬੇ ਰਖਦੇ ਹੋਏ ਗੱਭਰੂ ਖੜੋਤੇ ਸਨ। ਉਹਨਾਂ ਸਾਹਮਣੇ ਇਕ ਪਾਸੇ ਸਰਬ ਬਲ-ਵਾਨ ਅੰਗਰੇਜ਼ ਸਾਮਰਾਜ ਆਜ਼ਾਦੀ ਨੱਪੀ ਬੈਠਾ ਕਰੋੜਾਂ ਆਦਮੀਆਂ ਦੀ ਲੁਟ ਕਰਨ ਲਈ ਜ਼ੁਲਮ ਢਾਹ ਰਿਹਾ ਸੀ। ਦੂਜੇ ਪਾਸੇ ਮਹਾਤਮਾ ਗਾਂਧੀ ਤੇ ਉਸ ਦੇ ਨਾਲ ਦੇ ਆਗੂ ਕਾਂਗਰਸ ਲੋਕ ਜਥੇਬੰਦੀ ਰਾਹੀਂ ਜਨ ਸਮੂਹ ਨੂੰ ਧੋਖਾ ਦੇ ਕੇ ਗ਼ੈਰ ਇਨਕਲਾਬੀ ਰਾਹ ਅਪਣਾ ਕੇ ਦੇਸ਼ ਨੂੰ ਨੁਕਸਾਨ ਭਰੇ ਸਮਝੌਤਾ ਕਰੂ ਤੇ ਦੇਸ਼ ਨੂੰ ਵੰਡ ਦੇ ਰਾਹ ਤੇ ਲਿਜਾ ਰਹੇ ਸਨ। ਤੇ ਤੀਜੇ ਪਾਸੇ ਉਹ ਇਨ੍ਹਾਂ ਸਮਝੌਤਾ ਕਰੂ ਆਗੂਆਂ ਕੋਲੋਂ ਕਾਂਗਰਸ ਜਥੇਬੰਦੀ ਨੂੰ ਖੋਹ ਕੇ ਇਨਕਲਾਬੀ ਰਾਹ ਤੇ ਪਾ ਨਹੀਂ ਸਨ ਸਕਦੇ। ਇਸ ਮੋੜ ਤੇ ਭਗਤ ਸਿੰਘ ਆਦਿ ਗੱਭਰੂ ਖਲੋਤੇ ਸਨ। ਹੁਣ ਏਥੇ ਸੇਖੋਂ ਸਾਹਿਬ ਕੋਲੋਂ ਪੁਛਿਆ ਜਾ ਸਕਦਾ ਹੈ ਕਿ ਇਸ ਮੋੜ ਤੇ ਖੜੋਤੇ ਭਗਤ ਸਿੰਘ ਤੇ ਉਸ ਵਰਗੇ ਲਖਾਂ ਨੇਕ ਜਜ਼ਬਿਆਂ ਵਾਲੇ ਗਭਰੂਆਂ ਨੂੰ ਕੀ ਕਰਨਾ ਚਾਹੀਦਾ ਸੀ? ਅਤੇ ਉਹ ਕਰ ਕੀ ਸਕਦੇ ਸਨ?

ਪਹਿਲੇ ਜਾਂ ਤਾਂ ਕਾਂਗਰਸ ਵਿਚ ਰਹਿ ਕੇ ਇਸ ਗ਼ੈਰ ਇਨਕਲਾਬੀ ਤੇ ਜਨ ਸਮੂਹ ਨੂੰ ਮਾਰੂ ਨੀਤੀਆਂ ਤੋਂ ਹਟਾ ਕੇ ਤੇ ਇਨਕਲਾਬੀ ਰਾਹ ਤੇ ਲੈ ਆਉਂਦੇ ਅਤੇ ਅਗਵਾਈ ਆਪਣੇ ਹੱਥ ਲੈ ਜਾਂਦੇ। ਦੂਜੇ ਜਾਂ ਇਹ ਲੋਕਾਂ ਨੂੰ ਕਾਂਗਰਸ ਤੇ ਕਾਂਗਰਸ ਲੀਡਰਾਂ ਦੇ ਧੋਖੇ ਭਰੇ ਮਤਵਾਂ, ਕਰਨੀਆਂ ਤੇ ਨੀਤੀਆਂ ਤੋਂ ਜਾਣੂ ਕਰਵਾਉਂਦੇ ਤਾਂਕਿ ਉਹ ਆਪਣੇ ਆਪ ਨੂੰ ਇਸ ਬੇੜਾ ਡੁੱਬਣ ਵਾਲੇ ਰਾਹ ਤੋਂ ਬਚਾ ਸਕਦੇ। ਤੀਜੇ ਜਾਂ ਉਹ ਚੁਪ ਕਰਕੇ ਕਾਂਗਰਸ ਵਿਚ ਹੀ ਰਹੀ ਜਾਂਦੇ ਤੇ ਆਗੂਆਂ ਦੀ ਮੁੱਠੀ ਚਾਪੀ ਕਰਕੇ ਕਾਂਗਰਸ ਦੇ ਫੰਡਾਂ ਨਾਲ ਮੌਜਾਂ ਉਡਾਈ ਜਾਂਦੇ, ਤੇ ਕਾਂਗਰਸ ਪਾਰਟੀ ਦੇ ਅਹੁਦਿਆਂ ਤੇ ਬਿਰਾਜ-ਮਾਨ ਰਹਿੰਦੇ, ਤੇ ਜਦੋਂ 1947 ਵਿਚ ਸਮਝੌਤਾ ਹੋ ਗਿਆ ਸੀ ਉਦੋਂ ਦੂਸਰੇ ਕਾਂਗਰਸੀਆਂ ਵਾਂਗੂ ਮੰਤਰੀ ਬਣ ਜਾਂਦੇ। ਚੋਥੇ ਤੇ ਜਾਂ ਸਾਰੇ ਜ਼ੁਲਮਾਂ ਲੁਟਾਂ ਵਲੋਂ ਅੱਖਾਂ ਮੀਟ ਕੇ ਘਰ ਬੈਠ ਜਾਂਦੇ ਤੇ ਸੁਖ ਲੈਂਦੇ ਜਿਸ ਤਰ੍ਹਾਂ ਸਿਆਣਿਆਂ ਆਖਿਆ ਹੈ ਕਿ – 'ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ।

ਹੁਣ ਪਹਿਲਾ ਰਾਹ ਕਾਂਗਰਸ ਜਥੇਬੰਦੀ ਨੂੰ ਇਨ-ਕਲਾਬੀ ਰਾਹਾਂ ਤੇ ਮੋੜਿਆ ਜਾਂਦਾ। ਉਸ ਗੱਲ ਦੀ ਕੋਸ਼ਿਸ਼ ਉਹਨਾਂ ਨੇ ਬਹੁਤ ਕੀਤੀ ਸੀ। ਉਹ ਨਹੀਂ ਸੀ ਹੋ ਸਕਦਾ। ਦੂਸਰੇ ਕਾਂਗਰਸ ਵਿਚ ਰਹਿ ਕੇ ਮੌਜ ਉਡਾਉਣੀ ਤੇ ਲੋਕਾਂ ਨਾਲ ਧੋਖਾ ਕਰਨਾ ਇਹ ਉਹਨਾਂ ਦੀ ਜ਼ਮੀਰ ਉਹਨਾਂ ਨੂੰ ਆਗਿਆ ਨਹੀਂ ਸੀ ਦੇਂਦੀ। ਉਹ ਘਰ ਬੈਠ ਜਾਂਦੇ। ਪਰ ਭਗਤ ਸਿੰਘ ਵਰਗੇ ਇਹ ਵੀ ਨਹੀਂ ਸਨ ਕਰ ਸਕਦੇ।

ਅਤੇ ਫੇਰ ਉਹਨਾਂ ਸਾਹਮਣੇ ਇਕੋ ਚੌਥਾ ਰਾਹ ਰਹਿ ਜਾਂਦਾ ਸੀ ਕਿ ਉਹ ਇਹਨਾਂ ਕਰੋੜਾਂ ਜਨ-ਸਮੂਹ ਕਾਂਗਰਸ ਤੇ ਉਸ ਦੇ ਲੀਡਰਾਂ ਦੇ ਧੋਖੇ ਭਰੇ ਕਿਰਦਾਰ ਅਤੇ ਦੇਸ਼ ਦੇ ਬੇੜਾ ਡੋਬਣ ਵਾਲੇ ਸਮਝੌਤਾ ਕਰੂ ਗੈਰ ਇਨਕਲਾਬੀ ਰਾਹ ਦੇ ਫਰੇਬਾਂ ਤੋਂ ਜਾਣੂ ਕਰਵਾ ਕੇ, ਸੁਚੇਤ ਕਰਵਾ ਕੇ ਦੇਸ਼ ਦਾ ਤੇ ਆਜ਼ਾਦੀ ਦਾ ਬੇੜਾ ਬਚਾਉਣ ਵਾਸਤੇ ਜਤਨ ਕਰਦੇ।

ਸੋ ਇਹ ਸੀ ਮਹਾਨ ਤੇ ਪਵਿਤਰ ਮੰਤਵ ਭਗਤ ਸਿਘ ਦੇ ਹੋਰ ਲਖਾਂ ਗਭਰੂਆਂ ਦੇ ਸਾਹਮਣੇ ਤੇ ਇਹ ਸੀ ਦੇਸ਼ ਦੀ ਸਥਿਤੀ।

ਇਸ ਮਕਸਦ ਨੂੰ ਹਾਸਲ ਕਰਨ ਵਾਸਤੇ ਇਥੇ ਭਗਤ ਸਿੰਘ ਨੇ ਇਕੱਲੇ ਦੁਕੱਲੇ ਮੁੰਡਿਆਂ ਵਾਲੀ ਕੋਈ ਕਾਰਵਾਈ ਨਹੀਂ ਕੀਤੀ। ਉਸ ਨੇ ਲੋਕ ਜਥੇਬੰਦੀ ਬਨਾਉਣੀ ਸ਼ੁਰੂ ਕੀਤੀ ਜਿਸ ਦਾ ਨਾਮ ਉਸ ਨੇ 'ਭਾਰਤ ਨੌਜਵਾਨ ਸਭਾ' ਰਖਿਆ। ਫੇਰ ਉਹ ਜੋਸ਼ ਸਾਹਿਬ ਤੇ ਕਿਰਤੀਆਂ ਵਲੋਂ ਬਣਾਈ ਗਈ ਭਾਰਤ ਨੌਜਵਾਨ ਸਭਾ ਵਿਚ ਸ਼ਾਮਲ ਹੋਇਆ ਤਾਂਕਿ ਇਸ ਨੂੰ ਸਾਰੇ ਦੇਸ਼ ਵਿਆਪੀ

ਜਥੇਬੰਦੀ ਬਣਾ ਕੇ ਸੰਘਰਸ਼ ਚਲਾਇਆ ਜਾਵੇ। ਇਸ ਤੋਂ ਇਲਾਵਾ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਸਾਰੇ ਹਿੰਦੋਸਤਾਨ ਦੇ ਵਖ ਵਖ ਸੂਬਿਆਂ ਵਿਚ ਜਥੇਬੰਦੀਆਂ ਬਣਾਈਆ ਜਿਸ ਦੀ ਪ੍ਰੋੜਤਾ ਜੋਸ਼ ਸਾਹਿਬ ਆਪਣੀ ਭਗਤ ਸਿੰਘ ਬਾਰੇ ਲਿਖਤ ਵਿਚ ਕਰਦੇ ਹਨ। ਉਹ ਕਿਤਾਬ ਦੇ ਸਫਾ 20 ਉਪਰ ਲਿਖਦੇ ਹਨ "——— ਨੌਜਵਾਨ ਭਾਰਤ ਸਭਾ ਜਾਂ ਗਭਰੂ ਜਥੇਬੰਦੀਆਂ ਅਤੇ ਕੌਮੀ ਇਨਕਲਾਬੀ ਗਭਰੂਆਂ ਦੀਆਂ ਗੁਪਤ ਜਥੇਬੰਦੀਆਂ ਜਿਹੜੀਆਂ ਕਿ ਬੰਗਾਲ, ਪੰਜਾਬ, ਯੂ. ਪੀ. ਅਤੇ ਬਿਹਾਰ ਵਿਚ ਮੌਜੂਦ ਸਨ।"

ਸੋ ਜੋਸ਼ ਸਾਹਿਬ ਦੇ ਦਸਿਆ ਇਨਾਂ ਜਥੇਬੰਦੀਆਂ ਦੇ ਤਥ ਦਸਦੇ ਹਨ ਕਿ ਸੇਖੋਂ ਸਾਹਿਬ ਦੀ ਇਹ ਗਲ ਕਿ ਭਗਤ ਸਿੰਘ ਆਦ ਦੀਆਂ ਕਰਨੀਆਂ ਕੱਲੇ ਦੁੱਕਲੇ ਦੀਆਂ ਕੀਤੀਆਂ ਕਰਨੀਆਂ ਸਨ, ਜਥੇਬੰਦੀ ਨਾਲ ਸੰਬੰਧਤ ਨਹੀਂ ਸਨ, ਇਹ ਉਸ ਗਲ ਨੂੰ ਬਿਲਕੁਲ ਗਲਤ ਸਾਬਤ ਕਰਦੇ ਹਨ।

ਹੁਣ ਪ੍ਰ. ਸੇਖੋਂ ਸਾਹਿਬ ਦੀ ਅਗਲੀ ਗਲ ਲਈਏ ਉਹ ਇਹ ਕਿ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਵਾਸਤੇ ਸ: ਭਗਤ ਸਿੰਘ ਦੀ ਬੜੀ ਕੁਰਬਾਨੀ ਸੀ, ਪਰ ਇਸ ਦੀ ਕੋਈ ਇਤਿਹਾਸਕ ਮਹਾਨਤਾ ਨਹੀਂ ਸੀ। ਭਾਵਕ ਮਹਾਨਤਾ ਸੀ।

ਜਿਹੜਾ ਸੇਖੋਂ ਸਾਹਿਬ ਨੇ ਇਹ ਆਖਿਆ ਹੈ ਕਿ ਸ: ਭਗਤ ਸਿੰਘ ਨੇ ਲਾਲਾ ਲਾਜਪਤ ਰਾਏ ਜੀ ਦਾ ਬਦਲਾ ਲਿਆ ਹੈ, ਉਹਨਾਂ ਦਾ ਇਹ ਨਿਰਨਾ 100 ਫੀ ਸਦੀ ਗ਼ਲਤ ਹੈ। ਅਸੀਂ ਇਸ ਪ੍ਰਤੀ ਇਹ ਦਸਣਾ ਚਾਹੁੰਦੇ ਹਾਂ ਕਿ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਜੋ ਕਰਨੀਆਂ ਕੀਤੀਆਂ ਹਨ ਅਥਵਾ ਕੁਰਬਾਨੀਆ ਕੀਤੀਆਂ ਹਨ; ਲਾਲਾ ਲਾਜਪਤ ਰਾਏ ਜੀ ਦਾ ਜ਼ਾਤੀ ਬਦਲਾ ਲੈਣ ਵਾਸਤੇ ਨਹੀਂ ਕੀਤੀਆਂ। ਲਾਲਾ ਜੀ ਦਾ ਭਗਤ ਸਿੰਘ ਵਲੋਂ ਜ਼ਾਤੀ ਬਦਲਾ ਲੈਣ ਵਾਸਤੇ ਕੋਈ ਅਧਾਰ ਨਹੀਂ ਸੀ। ਭਗਤ ਸਿੰਘ ਹੁਰਾਂ ਦੀਆਂ ਕੁਰਬਾਨੀਆਂ ਅੰਗਰੇਜ਼ ਵਲੋਂ ਆਪਣੇ ਰਾਜ ਨੂੰ ਕਾਇਮ ਰਖਣ ਵਾਸਤੇ ਸਮੁੱਚੇ ਹਿੰਦੋਸਤਾਨ ਵਿਚ ਕੀਤੇ ਗਏ ਜ਼ੁਲਮਾਂ ਦਾ ਜਵਾਬ ਸੀ। ਅੰਗਰੇਜ਼ ਆਪਣੇ ਰਾਜ ਨੂੰ ਕਾਇਮ ਰਖਣ ਵਾਸਤੇ ਡੈਹਸ ਤੇ ਡਰ ਬਠਾ ਕੇ ਲੋਕਾਂ ਦੇ ਹੌਸਲੇ ਤੋੜਨ ਵਾਸਤੇ ਸਾਰੇ ਹਿੰਦੋਸਤਾਨ ਵਿਚ ਅਕਿਹ ਤੇ ਬੇਕਿਰਕ ਜ਼ੁਲਮ ਕਰ ਰਿਹਾ ਸੀ। ਮਿਸਾਲ ਦੇ ਤੌਰ ਤੇ ਗੁਰੂ ਰਾਮ ਸਿੰਘ ਜੀ ਦੀ ਕੂਕਾ ਲਹਿਰ ਵਿਚ 80 ਆਜ਼ਾਦੀ ਦੇ ਪ੍ਰਵਾਨੇ ਕੂਕਿਆਂ ਨੂੰ ਤੋਪ ਅਗੇ ਰਖ ਕੇ ਉਡਾ ਦਿਤਾ, ਜਲ੍ਹਿਆਂ ਵਾਲੇ ਬਾਗ ਦਾ ਸਾਕਾ, ਅੰਮ੍ਰਿਤਸਰ ਵਿਚ ਨਾਮਧਾਰੀਆਂ ਨੂੰ ਪਿਪਲ ਨਾਲ ਬੰਨ ਕੇ ਫਾਂਸੀ ਦੇਣਾ, ਆਦ ਆਦ। ਅਤੇ ਲਾਲਾ ਜੀ ਨੂੰ ਕੁੱਟ ਕੁੱਟ ਕੇ ਮਾਰ ਦੇਣਾ ਉਸੇ ਜ਼ੁਲਮ ਦੀ ਇਕ ਕੜੀ ਸੀ। ਅਤੇ ਭਗਤ ਸਿੰਘ ਆਦ ਦੀਆਂ ਕਾਰਵਾਈਆਂ ਉਸ ਸਮੁੱਚੇ ਜ਼ੁਲਮ ਦਾ ਜਵਾਬ ਸਨ ਤੇ ਦੇਸ਼ ਦੇ ਲੋਕਾਂ ਨੂੰ ਲਲਕਾਰ ਸੀ ਤੇ ਉਨ੍ਹਾਂ ਨੂੰ ਦਸਿਆ ਸੀ ਕਿ ਅੰਗਰੇਜ਼ ਅਜਿਤ ਨਹੀਂ ਹੈ ਤੇ ਦੇਸ਼ ਭਗਤੀ ਅਤੇ ਸਮੂਹ ਮਜ਼ਲੂਮ ਤੇ ਦੁੱਖੀ ਲੋਕਾਂ ਦੀ ਸੇਵਾ ਦੇ ਸਚੇ ਤੇ ਸੁੱਚੇ ਜਜ਼ਬਿਆਂ ਨਾਲ ਅੰਗਰੇਜ਼ ਦੇ ਜ਼ੁਲਮ ਨੂੰ ਬੰਨ ਪਾਇਆ ਜਾ ਸਕਦਾ ਹੈ ਤੇ ਆਜ਼ਾਦੀ ਤੇ ਇਨਕਲਾਬ ਦਾ ਮੰਤਵ ਹਾਸਲ ਕੀਤਾ ਜਾ ਸਕਦਾ ਹੈ। ਹੌਸਲੇ ਨਹੀਂ ਹਾਰਨੇ ਚਾਹੀਦੇ। ਸੋ ਭਗਤ ਸਿੰਘ ਦੀਆਂ ਕਰਨੀਆਂ ਤੇ ਕੁਰਬਾਨੀਆਂ ਦਾ ਮੰਤਵ ਲਾਲਾ ਜੀ ਦੇ ਜ਼ਾਤੀ ਕਤਲ ਦਾ ਬਦਲਾ ਲੈਣਾ ਹਰਗਿਜ਼ ਨਹੀਂ ਸੀ। ਇਹ ਨਿਰੋਲ ਮਨਮਤੀ ਗਲ ਹੈ। ਮਨ ਮਰਜ਼ੀ ਨਾਲ ਮਰੋੜਾ ਦੇ ਕੇ ਹਕੀਕਤ ਦੇ ਉਲਟ ਪੇਸ਼ ਕਰਨਾ ਹੈ।

ਹੁਣ ਸੇਖੋਂ ਸਾਹਿਬ ਦੀ ਇਸ ਗਲ ਦੇ ਦੂਸਰੇ ਹਿਸੇ ਤੇ ਵਿਚਾਰ ਕਰਦੇ ਹਾਂ। ਉਹ ਗਲ ਇਹ ਕਿ ਭਗਤ ਸਿੰਘ ਦੀ ਕੁਰਬਾਨੀ ਬੜੀ ਹੈ ਪਰ ਇਸ ਦੀ ਇਤਿਹਾਸਕ ਅਹਿਮੀਅਤ ਨਹੀਂ ਹੈ।

ਇਸ ਗਲ ਦੇ ਸਿਲਸਲੇ ਵਿਚ ਸੇਖੋਂ ਸਾਹਿਬ ਕੋਲੋਂ ਪੁਛਿਆ ਜਾ ਸਕਦਾ ਹੈ ਕਿ ਜਦੋਂ ਕਿ ਸਾਈਮਨ ਕਮਿਸ਼ਨ ਦੇ ਭਾਰਤ ਵਿਚ ਆਉਣ ਵਾਲੀ ਘਟਨਾ ਇਤਿਹਾਸਕ ਹੈ, ਭਾਰਤ ਦੇ ਇਤਿਹਾਸ ਨਾਲ ਅਟੁੱਟਵੀਂ ਸੰਬਧਤ ਹੈ ਅਤੇ ਹਿੰਦੋਸਤਾਨ ਦੇ ਲੋਕਾਂ ਵਲੋਂ ਦੇਸ਼ ਵਿਆਪੀ ਤੌਰ ਤੇ ਉਸ ਕਮਿਸ਼ਨ ਦਾ ਵਿਰੋਧ ਕਰਨਾ ਇਕ ਇਤਿਹਾਸਕ ਘਟਨਾ ਹੈ; ਅਤੇ ਅੰਗਰੇਜ਼ ਵਲੋਂ ਆਪਣਾ ਰਾਜ ਤੇ ਲੁੱਟ ਭਾਰਤ ਵਿਚ ਕਾਇਮ ਰਖਣ ਵਾਸਤੇ ਡਰ ਤੇ ਡੈਹਸ ਬਨਾਉਣ ਵਾਸਤੇ ਜ਼ੁਲਮ ਦਾ ਕਹਿਰਾਂ ਭਰਿਆ ਚੱਕਰ ਚਲਾਈ ਰਖਣਾ ਇਕ ਇਤਿਹਾਸਕ ਘਟਨਾ, ਜਿਸ ਤਰ੍ਹਾਂ 80 ਨਾਮਧਾਰੀਆਂ ਨੂੰ ਤੋਪ ਅਗੇ ਉਡਾਣਾ, ਜਲ੍ਹਿਆਂ ਵਾਲੇ ਬਾਗ ਦਾ ਘੱਲੂਘਾਰਾ ਆਦ, ਅਤੇ ਜੋ ਲਾਲਾ ਜੀ ਨੂੰ ਕੁਟ ਕੁਟ ਕੇ ਮਾਰ ਦੇਣਾ। ਜੋ ਉਸੇ ਜ਼ੁਲਮ ਦੀ ਕੜੀ ਹੈ, ਉਸ ਨੂੰ ਮਾਰ ਦੇਣਾ ਇਕ ਇਤਿਹਾਸਕ ਘਟਨਾ ਹੈ ਤਾਂ ਫੇਰ ਭਗਤ ਸਿਘ ਆਦ ਦੀਆਂ ਕੁਰਬਾਨੀਆਂ ਜੋ ਉਸ

ਅੰਗਰੇਜ਼ ਦੇ ਰਾਜ ਨੂੰ ਕਾਇਮ ਰਖਣ ਵਾਸਤੇ ਕੀਤੇ ਇਤਿਹਾਸਕ ਜ਼ੁਲਮ ਤੋਂ ਪੈਦਾ ਹੋਏ ਡਰ ਦੀ ਦੇਸ਼ ਵਿਆਪੀ ਜਕੜ ਨੂੰ ਤੋੜਨ ਵਾਲੀਆਂ ਤੇ ਟੁੱਟੇ ਹੌਸਲਿਆਂ ਨੂੰ ਬੁਲੰਦ ਕਰਨ ਤੇ ਜੋਸ਼ ਤੇ ਉਤਸਾਹ ਨੂੰ ਸੁਰਜੀਤ ਕਰਨ ਵਾਲੀਆਂ ਕੁਰਬਾਨੀਆਂ ਹਨ ਕਿਉਂ ਇਤਿਹਾਸਕ ਅਹਿਮੀਯਤ ਨਹੀਂ ਰਖਦੀਆਂ ?

ਇਸੇ ਗਲ ਦੇ ਸੰਬੰਧ ਵਿਚ ਇਤਿਹਾਸ ਵਿਚੋਂ ਮਿਸਾਲ ਲਈ ਜਾ ਸਕਦੀ ਹੈ, ਜੋ ਕਿ ਇਸ ਗਲ ਨੂੰ ਵਾਸਤਵ ਤੌਰ ਤੇ ਸਮਝਣ ਵਿਚ ਮਦਦ ਕਰੇਗੀ।

ਉਹ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਬੇ-ਅਦਬੀ ਅਤੇ ਮੱਸੇ ਰੰਘੜ ਮੁਗਲ ਹਾਕਮ ਦੇ ਕੱਤਲ ਦੀ ਹੈ। ਇਹ ਹਾਕਮਾਂ ਵਲੋਂ ਦਹਿਸ਼ ਪਾਉਣ ਅਤੇ ਸੂਰਮਿਆਂ ਵਲੋਂ ਦਹਿਸ਼ਤ ਤੋੜਨ ਦੀ ਇਕ ਉੱਘੀ ਮਿਸਾਲ ਹੈ।

ਮੱਸੇ ਰੰਘੜ ਮੁਗਲ ਹਾਕਮ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਮਿਟੀ ਨਾਲ ਪੂਰਵਾ ਦਿਤਾ ਤੇ ਹਰੀ ਮੰਦਰ ਸਾਹਿਬ ਵਿਚ ਕੰਜਰੀ ਦਾ ਨਾਚ ਕਰਵਾਉਂਦਾ ਸੀ ਤੇ ਹੁੱਕਾ ਪੀਂਦਾ ਸੀ।

ਹੁਣ ਇਥੇ ਵਿਚਾਰਨ ਵਾਲੀ ਗਲ ਇਹ ਹੈ ਕਿ ਮੁਗਲ ਹਾਕਮ ਮੱਸਾ ਰੰਘੜ ਕੰਜਰੀ ਦਾ ਨਾਚ ਕਰਵਾ ਕੇ ਮਨੋਰੰਜਕ ਅਨੰਦ ਕਿਧਰੇ ਹੋਰ ਵੀ ਲੈ ਸਕਦਾ ਸੀ। ਪਰ ਸ੍ਰੀ ਦਰਬਾਰ ਸਾਹਿਬ ਵਿਚ ਕੰਜਰੀ ਨਚਾਉਂਣ ਦਾ ਇਕ ਖਾਸ ਸਿਆਸੀ ਮੰਤਵ ਸੀ। ਉਹ ਇਹ ਕਿ ਇਹੋ ਜਹੇ ਜ਼ਾਲਮ, ਕਹਿਰ ਤੇ ਨਫਰਤ ਭਰੇ ਤਰੀਕਿਆ ਨਾਲ ਇਕ ਦੇਸ਼ ਵਿਆਪੀ ਡੈਹਸ਼ ਤੇ ਡਰ ਬੈਠੇਗਾ । ਸਿਖਾਂ ਦਾ ਸਪਿਰਟ ਟੁੱਟ ਜਾਏਗਾ। ਹੌਸਲੇ ਤੇ ਉਤਸ਼ਾਹ ਖਤਮ ਹੋ ਜਾਣਗੇ। ਇਨਾਂ ਜ਼ੁਲਮਾਂ ਦੇ ਡਰ ਨਾਲ ਉਹ ਬਹੁਤ ਸਾਰੇ ਲੋਕ ਜਿਹੜੇ ਸਿਖ ਇਨਕਲਾਬੀਆਂ ਨਾਲ ਹਮਦਰਦੀਆਂ ਰਖਦੇ ਹਨ। ਉਹ ਡਰਦੇ ਹਮਦਰਦੀਆਂ ਛਡ ਜਾਣਗੇ ਤੇ ਇਸ ਤਰਾਂ ਸਿਖ ਇਨਕਲਾਬੀ ਕਾਰਵਾਈਆਂ ਦਾ ਟੰਡ-ਮੁੱਢ ਪੁੱਟ ਦੇਣਗੇ ਤੇ ਮੁਗਲ ਰਾਜ ਬਿਨਾਂ ਕਿਸੇ ਹਿਲ ਜੁਲ ਦੇ ਅਮਨ ਅਮਾਨ ਨਾਲ ਚਲਦਾ ਰਹੇਗਾ। ਸਿੰਘ ਸੂਰਮਿਆਂ ਨੇ ਮੱਸਾ ਰੰਘੜ ਨੂੰ ਮਾਰਕੇ ਹਾਕਮਾਂ ਦੀ ਚਾਲ ਫੇਲ ਕੀਤੀ।

ਬਾਕੀ ਰਹੀ ਭਾਵਨਾਂ ਦੀ ਗਲ, ਸੇਖੋਂ ਸਾਹਿਬ ਅਤੇ ਹਰੀਸ਼ ਪੁਰੀ ਦਾ ਧਿਆਨ ਇਸ ਨੁਕਤੇ ਵਲ ਦਵਾਉਣਾ ਚਾਹੁੰਦੇ ਹਾਂ। ਕਿ ਭਾਵਿਕਤਾ ਪ੍ਰਿਥਮ ਹੈ,ਆਦੀ ਹੈ ਅਥਵਾ ਮੁੱਢ ਹੈ , ਅਤੇ ਬਾਕੀ ਦੀਆਂ ਗੱਲਾਂ ਮਿਸਾਲ ਦੇ ਤੌਰ ਤੇ ਭਾਵਿਕਤਾ ਵਿਚੋਂ ਭਾਵ ਅਥਵਾ ਜਜ਼ਬੇ, ਖਿਆਲ ਅਤੇ ਸੋਚਾਂ ਜੰਮਦੇ ਹਨ। ਅਤੇ ਇਸ ਤੋਂ ਅਗਾਂਹ ਇਰਾਦੇ ਮੰਤਵ ਵਿਧੀਆਂ ਆਦ ਅਥਵਾ ਬੰਦੇ ਦੀ ਹਰ ਕਰਨੀ ਦਾ ਮੁੱਢ ਇਹੋ ਹੈ (ਅਤੇ ਇਸ ਗਲ ਨੂੰ ਹਰੀਸ਼ ਪੁਰੀ ਵੀ ਆਪਣੇ ਲੇਖ ਵਿਚ ਮੰਨਦੇ ਹਨ ਕਿ ਸੋਚ ਭਾਵਿਕਤਾ ਤੋਂ ਪੈਦਾ ਹੁੰਦੀ ਹੈ।

ਇਸੇ ਤਰਾਂ ਜਿਸ ਤਰਾਂ ਉਪਰ ਦਸਿਆ ਗਿਆ ਹੈ ਭਾਵਿਕਤਾ ਤੋਂ ਪੈਦਾ ਹੋਏ ਜਜ਼ਬਿਆਂ ਵਿਚੋਂ ਸੋਚ, ਮੰਤਵ ਆਦਿਕ ਜੰਮਦੇ ਹਨ ਅਤੇ ਜਜ਼ਬੇ ਹੀ ਉਹਨਾਂ ਮੰਤਵਾਂ ਆਦਿਕ ਨੂੰ ਹਾਸਲ ਕਰਨ ਵਾਸਤੇ ਦਲੇਰੀ, ਇਕਸਾਰਤਾ, ਸਿਰੜ, ਇਰਾਦੇ, ਨਿਡਰਤਾ ਤੇ ਪਹਾੜਾਂ ਜਿੱਡੇ ਵਡੇ ਕੰਮਾਂ ਨਾਲ ਮਥਾ ਲੈਣ ਜੋਗੇ ਹੌਸਲੇ ਤੇ ਜੁਰੱਤਾਂ ਦਾ ਸੋਮਾ ਹੈ। ਇਸ ਸਾਰੇ ਸੰਸਾਰ ਦੇ ਸਮੂਹ ਵਡੇ ਕੰਮਾਂ ਹੇਠ ਮੁੱਢਲੀ ਅਥਵਾ ਅਧਾਰਤ ਸ਼ਕਤੀ ਭਾਵਿਕਤਾ ਹੈ ਅਥਵਾ ਉਸ ਵਿਚੋਂ ਜੰਮੇ ਭਾਵ ਜਾਂ ਜਜ਼ਬੇ ਹਨ।

ਹੁਣ ਤੱਤ ਵਾਲੀ ਗਲ ਇਹ ਹੈਕਿ ਜਦੋਂ ਹਰ ਨੇਕ ਤੇ ਮਹਾਨ ਕੰਮ ਦਾ ਮੁਢ ਭਾਵਕਤਾ ਹੈ ਤੇ ਫੇਰ ਇਸ ਨੂੰ ਨਿੰਦ ਕੇ ਇਸ ਨੂੰ ਮਾਰਨ ਵਾਲੇ ਪਾਸੇ ਨੂੰ ਕ੍ਰਿਉਂ ਸੇਖੋਂ ਸਾਹਿਬ ਦੇ ਹਰੀਸ਼ਪੁਰੀ ਜਾਂਦੇ ਹਨ ?

ਜੇ ਭਾਵਿਕਤਾ ਹੋਵੇਗੀ ਅਥਵਾ ਨੇਕ ਜਜ਼ਬੇ ਤੇ ਭਾਵ ਹੋਣਗੇ ਤਾਂ ਸੋਚ ਵੀ ਹੋਵੇਗੀ ਤੇ ਮਹਾਨ ਕੰਮਾਂ ਵਾਸਤੇ ਸੋਚ ਉਨਾਂ ਜਜ਼ਬਿਆਂ ਨੂੰ ਵਰਤ ਲਵੇਗੀ ਕਿਉਂਕਿ ਮਹਾਨ ਮੰਤਵਾ ਦੀ ਪੂਰਤੀ ਅਖੀਰ ਬੰਦੇ ਨੇ ਜਜ਼ਬਿਆਂ ਦੇ ਜ਼ੋਰ ਤੇ ਕਰਨੀ ਹੈ, ਕਿਉਂਕਿ ਹਰ ਚੀਜ਼ ਦਾ ਮੁਢ ਭਾਵਿਕਤਾ ਹੈ। ਤੇ ਜੇ ਭਾਵਿਕਤ ਤੇ ਜਜ਼ਬੇ, ਉਨਾਂ ਦੀ ਭੰਡੀ ਕਰਕੇ ਮਾਰ ਦਿਤੇ ਜਾਣਗੇ ਤਾਂ ਸੋਚ ਆਪਣੇ ਮੰਤਵਾਂ ਦੀ ਪੂਰਤੀ ਲਈ ਲੋਕਾਂ ਵਿਚ ਭਾਵਿਕਤਾਂ ਤੇ ਜਜ਼ਬੇ ਕਿਥੋਂ ਲਊ ?

ਸੇਖੋਂ ਸਾਹਿਬ ਤੇ ਹਰੀਸ਼ਪੁਰੀ ਇਸ ਮਹਾਨ ਅਤੇ ਅਵਸ਼ ਤੌਰ ਤੇ ਲੋੜੀਂਦੀ ਵਸਤੂ ਭਾਵਿਕਤਾ ਤੇ ਜਜ਼ਬਿਆਂ ਨੂੰ ਭੰਡੀ ਕਰਕੇ ਮਾਰਨ ਵਾਲਾ ਰਾਹ ਅਖਤਿਆਰ ਕਰਦੇ ਹਨ ਜਿਸ ਨਾਲ ਬੰਦੇ ਦਾ ਭਵਿਖ ਅਤੇ ਬੰਦੇ ਦੀ ਪ੍ਰਗਤੀ ਮਰਦੀ ਹੈ।

ਅਸੀਂ ਭਾਵਿਕਤਾ ਅਥਵਾ ਜਜ਼ਬਿਆਂ ਦੀ ਪ੍ਰਿਥਮ ਮਹਾਨਤਾ ਦਸਣ ਵਾਸਤੇ ਇਕ ਮਿਸਾਲ ਦੇਂਦੇ ਹਾਂ ਤਾਂ ਕਿ ਮਸਲੇ ਨੂੰ ਹੋਰ ਸਫਾਈ ਨਾਲ ਸਮਝ ਸਕੀਏ।

ਉਹ ਇਹ ਕਿ ਜਦੋਂ ਮਹਾਤਮਾ ਬੁਧ ਨੇ ਭਾਵਿਕਤਾ ਰਾਹੀਂ ਅਨੁਭਵ ਕੀਤਾ ਕਿ ਦੁਨੀਆਂ ਵਿਚ ਬਹੁਤ ਜ਼ੁਲਮ ਤੇ ਪਾਪ ਹੋ ਰਿਹਾ ਹੈ। ਮਾੜਿਆਂ, ਭਲੇਮਾਨਸਾਂ ਤੇ ਨੇਕਾਂ

ਨੂੰ ਜ਼ੁਲਮ, ਪਾਪ ਤੇ ਲੁਟ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਤਾਂ ਉਸ ਦੇ ਅੰਦਰ ਭਾਵਕਤਾ ਰਾਹੀਂ ਇਸ ਜ਼ੁਲਮ ਦੇ ਵਿਰੁਧ ਜਜ਼ਬਾ ਪੈਦਾ ਹੋਇਆ, ਇਸ ਜਜ਼ਬੇ ਨੇ ਉਸ ਦੇ ਅੰਦਰ ਇਸ ਨੂੰ ਦੂਰ ਕਰਨ ਦਾ ਖਿਆਲ ਤੇ ਸੋਚ ਪੈਦਾ ਕੀਤੀ ਤੇ ਮੰਤਵ ਪੈਦਾ ਕੀਤਾ । ਤੇ ਇਸ ਜਜ਼ਬੇ ਨੇ ਉਸ ਨੂੰ ਸਾਰੇ ਸੁਖ ਤਿਆਗ ਕੇ ਮੰਤਵ ਹਾਸਲ ਕਰਨ ਵਾਸਤੇ ਤੋਰਿਆ । ਭਾਵਨਾ ਹੋਈ, ਮੰਤਵ ਬਣਿਆ, ਮੰਤਵ ਹਾਸਿਲ ਕਰਨ ਲਈ ਸੋਚ ਅਤੇ ਗਿਆਨ ਦਾ ਰਾਹ ਲਭਿਆ, ਪਰ ਭਾਵਨਾ ਪਹਿਲੇ ਸੀ ।

ਗਲ ਸੋਚ ਦੀ ਕਰਨੀ ਚਾਹੁੰਤੇ ਹਾਂ ਕਿ ਮਹਿਮੂਦ ਗਜ਼ਨਵੀ ਨੇ ਸਾਡੇ ਦੇਸ਼ ਵਿਚ 17 ਹਮਲੇ ਕੀਤੇ । ਅਤੇ ਸੋਮ ਨਾਥ ਦੇ ਮੰਦਰ ਤਕ ਪਹੁੰਚ ਗਿਆ । ਮੰਦਰ ਦੀਆਂ ਮੂਰਤੀਆਂ ਭੰਨੀਆ, ਨਿਰਾਦਰੀ ਕੀਤੀ, ਸੋਨਾ ਤੇ ਖਜ਼ਾਨੇ ਲੁੱਟੇ । ਉਦੋ ਉਹ ਹਿੰਦੋਸਤਾਨ ਵਿਚ ਐਉਂ ਆਣ ਵੜਦਾ ਸੀ ਜਿਵੇਂ ਹਿੰਦੋਸਤਾਨ ਉਸ ਦੀਆਂ ਭੇਡਾਂ ਬਕਰੀਆਂ ਦਾ ਵਾੜਾ ਹੋਵੇ । ਓਦੋ 35, 40 ਕਰੋੜ ਬੰਦੇ ਹਿੰਦੋਸਤਾਨ ਵਿਚ ਵਸਦੇ ਸੀ । ਉਹਨਾਂ ਸਾਰਿਆ ਵਿਚ ਸੋਚ ਹੈਗੀ ਸੀ। ਤੇ ਮਹਮੂਦ ਗਜ਼ਨਵੀ ਉਸ ਸੋਚ ਦੇ ਹੁੰਦਿਆ ਵੀ ਅੰਤਾ ਦਾ ਸੋਨਾ ਚਾਂਦੀ ਹਰ ਚੀਜ਼ ਲੁਟ ਕੇ ਲੈ ਜਾਂਦਾ । ਮੰਦਰ ਸ਼ਵਾਲੇ ਢਾ ਜਾਂਦਾ, ਹਜ਼ਾਰਾਂ ਦੀ ਗਿਣਤੀ ਵਿਚ ਇਥੋਂ ਸਾਡੀਆਂ ਲੜਕੀਆਂ ਚੁਕ ਕੇ ਲੈ ਜਾਂਦਾ । ਅਤੇ ਉਹ ਮੌਜਾਂ ਲੈਂਦਾ ਵਾਪਸ ਚਲਾ ਜਾਂਦਾ । ਕੋਈ ਉਂਗਲ ਚੁਕਣ ਦਾ ਹੌਂਸਲਾ ਨਾ ਕਰਦਾ । ਉਹ ਦਲੇਰੀ ਭਰੇ ਜਜ਼ਬੇ ਸਨ ਨਹੀਂ ਸੋਚ ਦੇ ਭੰਡਾਰ ਸਨ ।

ਪਰ ਜਦੋਂ ਗੁਰੂ ਗੋਬਿੰਦ ਸਿੰਘ ਨੇ ਆਪਣੇ ਲੋਕ ਹਮਦਰਦ, ਜ਼ੁਲਮ ਵਿਰੋਧੀ ਪਵਿਤਰ ਤੇ ਬਲਵਾਨ ਜਜ਼ਬਿਆ ਨਾਲ ਜ਼ੁਲਮ ਦੇ ਵਿਰੁਧ ਸੰਘਰਸ਼ ਲੜਿਆ ਤੇ ਸਭ ਤੋਂ ਵਡੀਆ ਕੁਰਬਾਨੀਆਂ ਦਿਤੀਆਂ, ਤਾਂ ਜਜ਼ਬਿਆਂ ਦੇ ਹੜ੍ਹ ਉਠੇ, ਦਲੇਰੀਆਂ ਵਧੀਆਂ, ਜੋਸ਼ ਆਏ, ਹੌਸਲੇ ਉਠੇ ਤੇ ਬੁਲੰਦ ਹੋਏ ਤੇ ਫੇਰ ਸੋਚ ਨੇ ਉਹ ਵਰਤੇ ਤੇ ਸਿਖ ਗੁਰੀਲਿਆ ਦੀ ਰਾਹੀ ਸੋਚ ਨੇ ਉਹਨਾਂ ਜਜ਼ਬਿਆਂ ਨੂੰ ਉਤਸ਼ਾਹਾਂ; ਜੋਸ਼ ਨੂੰ ਵਰਤਿਆ ਤੇ ਉਸ ਮਹਿਮੂਦ ਜਿਸ ਦੀ ਹੰਕਾਰ ਵਿਚ ਧੌਣ ਨਹੀਂ ਮੁੜਦੀ ਉਸ ਉਤੇ ਉਠੇ ਹੌਂਸਲਿਆਂ ਵਾਲਿਆਂ ਨੇ ਵੱਧ ਵੱਧ ਕੇ ਸੱਟਾਂ ਮਾਰੀਆਂ ਉਸ ਤੋਂ ਲੁੱਟਾਂ ਖੋਹੀਆ, ਲੜਕੀਆਂ ਛਡਵਾਈਆਂ ।

ਡਰ ਤੇ ਡਹਿਸ਼ ਦੀ ਜਕੜ ਨੂੰ ਤੋੜਨ, ਤੇ ਹੌਸਲੇ ਵਧਾਉਣ ਤੇ ਇਨਕਲਾਬ ਤੇ ਆਜ਼ਾਦੀ ਦੇ ਸੰਘਰਸ਼ ਨੂੰ ਸਿਧੇ ਰਾਹੇ ਪੌਣ ਵਾਸਤੇ ਭਗਤ ਸਿੰਘ ਹੁਰਾਂ ਕੁਰਬਾਨੀਆਂ ਦਿੱਤੀਆਂ । ਤੇ ਅਜ ਤਕ ਉਹ ਹੌਂਸਲਿਆਂ ਨੂੰ ਬਲੰਦ ਕਰਨ ਵਾਲਾ, ਨੇਕ ਕੰਮਾਂ ਲਈ ਸੰਘਰਸ਼ਾਂ ਵਾਸਤੇ ਪ੍ਰੇਰਨ ਦਾ ਚਾਨਣ ਮੁਨਾਰਾ ਬਣਿਆ ਹੋਇਆ ਹੈ । ਤੇ ਜਨ ਸਮੂਹ ਦੇ ਭਲੇ ਵਾਸਤੇ ਅਤੇ ਪ੍ਰਗਤੀ ਵਾਸਤੇ ਬੜਾ ਰੋਲ ਅਦਾ ਕਰ ਰਿਹਾ ਹੈ । ਇਸ ਨੂੰ ਭਾਵਕਤਾ ਆਖ ਕੇ ਤੇ ਇਸ ਦੀ ਇਤਹਾਸਕ ਮਹਾਨਤਾ ਨੂੰ ਘਟਾਉਣਾ ਜਨਸਮੂਹ ਵਾਸਤੇ ਬਹੁਤ ਹਾਨੀਕਾਰਕ ਹੈ ਅਤੇ ਇਹ ਗਲ ਹੈ ਵੀ ਨਿਰਮੂਲ ਤੇ ਗਲਤ ।

ਅਸੀਂ ਸੇਖੋਂ ਸਾਹਿਬ ਨੂੰ ਇਕ ਨਿੱਕੀ ਜਹੀ ਗਲ ਪੁਛਣਾ ਚਾਹੁੰਦੇ ਹਾਂ । ਉਹ ਇਹ ਕਿ ਜਦੋਂ ਸੇਖੋਂ ਸਾਹਿਬ ਇਹ ਆਖਦੇ ਹਨ ਕਿ ਭਗਤ ਸਿੰਘ ਦੀ ਕੁਰਬਾਨੀ ਬੜੀ ਹੈ ਤੇ ਉਹਨਾਂ ਤੋਂ ਉਤਸ਼ਾਹ ਤੇ ਜੋਸ਼ ਮਿਲਦਾ ਹੈ ਤੇ ਹੌਸਲੇ ਵੱਧਦੇ ਹਨ ਤਾਂ ਅਸੀਂ ਪੁਛਣਾ ਚਾਹੁੰਦੇ ਹਨ ਕਿ ਜੇ ਕੁਰਬਾਨੀ ਬੜੀ ਵਡੀ ਤੇ ਚੰਗੀ ਹੈ ਤੇ ਹੌਸਲੇ ਵੀ ਬੁਲੰਦ ਕਰਦੀ ਹੈ, ਉਤਸ਼ਾਹ ਤੇ ਜੋਸ਼ ਵੀ ਦਿੰਦੀ ਹੈ ਤਾਂ ਇਤਹਾਸ ਵਿਚ ਲਿਖਿਆਂ ਉਹਨਾਂ ਕੁਰਬਾਨੀਆਂ ਨੂੰ ਨੁਕਸਾਨ ਕੀ ਹੁੰਦਾ ਹੈ ? ਤੇ ਜੇ ਨੁਕਸਾਨ ਨਹੀਂ ਹੁੰਦਾ ਤਾਂ ਸੇਖੋਂ ਸਾਹਿਬ ਕਿਉਂ ਉਨਾਂ ਨੂੰ ਇਤਹਾਸ ਵਿਚ ਲਿਖਣ ਦੇ ਉਲਟ ਹਨ ?

ਭਗਤ ਸਿੰਘ ਮਾਰਕਸਵਾਦੀ ਵਿਚਾਰਧਾਰਾ ਨੂੰ ਕਿਨਾਂ ਕੁ ਅਪਣਾਉਂਦਾ ਸੀ, ਇਹ ਉਸ ਦੀ ਲਿਖਤ "ਮੈਂ ਨਾਸਤਕ ਕਿਉਂ ਹਾਂ ?" ਵਿਚ ਪੂਰੀ ਤਰ੍ਹਾਂ ਅੰਕਿਤ ਹੈ । ਇਸ ਕਿਤਾਬ ਨੂੰ ਪੜ੍ਹਕੇ ਉਹ ਦੇ ਦਹਿਸ਼ਤ ਪੰਸਦੀ ਬਾਰੇ ਵਿਚਾਰ ਬਿਲਕੁਲ ਸਪਸ਼ਟ ਹੋ ਜਾਂਦੇ ਹਨ ।

ਇਸ ਆਪਣੀ ਗਲ ਨੂੰ ਸਾਥੀ ਜੋਸ਼ ਦੀਆਂ ਇਤਹਾਸਕ ਲਿਖਤਾਂ ਵਿਚੋਂ ਇਕ ਦੇ ਕੇ, ਖਤਮ ਕੀਤਾ ਜਾਂਦਾ ਹੈ । 'ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ' ਦੇ ਅੰਗਰੇਜ਼ੀ ਐਡੀਸ਼ਨ ਸਫਾ 19 ਤੇ ਉਹ ਲਿਖਦੇ ਹਨ— "ਭਗਤ ਸਿੰਘ ਤੇ ਉਹਦੇ ਸਾਥੀ ਸੱਚੇ ਅਰਥਾਂ ਵਿਚ ਇਨਕਲਾਬੀ ਸਨ ।......ਉਹ ਨਾਂ ਹੀ ਅਤੰਕਵਾਦੀਏ ਸਨ ਅਤੇ ਨਾਂ ਹੀ ਐਨਾਰਕਿਸਟ ਸਨ ।......ਵਿਉਂਤਬੰਦ ਪਰ ਬਹਾਦਰੀ ਤੇ ਦਲੇਰੀ ਭਰੇ ਕਾਰਨਾਮਿਆਂ ਨਾਲ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਅਮਰ ਹੋ ਗਏ ਹਨ ਅਤੇ ਹਿੰਦੋਸਤਾਨ ਦੇ ਇਤਹਾਸ ਦੇ ਸੁਨੈਹਰੀ ਪੰਨਿਆਂ ਵਿਚ ਆਪਣੀ ਥਾਂ ਲੈ ਲਈ ਹੈ--"

ਮੋਹਨਜੀਤ

# ਮੈਂ ਏਥੇ ਰਹਿਣਾ ਚਹੁੰਦਾ ਹਾਂ

ਮੈ ਏਥੇ ਰਹਿਣਾ ਚਹੁੰਦਾ ਹਾਂ
ਦਿਨਾਂ ਵਾਂਗ ਵਧਦਾ ਘਟਦਾ
ਰੁੱਤਾਂ ਦੇ ਆਉਣ ਜਾਣ ਵਾਂਗ

ਮੇਰੇ ਕੋਲ ਬੱਚਿਆਂ ਦੇ
ਨਿੱਕੇ ਨਿੱਕੇ ਚੁਹਲ ਮੁਹਲ
ਨਿੱਕੇ ਨਿੱਕੇ ਰੋਲ ਘੋਲ ਨੇ
ਮੈਂ ਇਹਨਾ ਪਤਿਆਂ 'ਚ ਹਵਾ ਵਾਂਗ ਰੁਮਕਣਾ
ਚਾਹੁੰਦਾ ਹਾਂ

ਮੇਰੇ ਨਾਲ ਰੋਜ਼ ਦੇ ਆਹਰਾਂ 'ਚ ਗੁਆਚੀ ਪਤਨੀ ਹੈ
ਜੀਹਦੀਆਂ ਲੋੜਾਂ ਥੁੜਾਂ ਦੇ ਸੰਘਣੇ ਝਾੜ 'ਚ
ਸੁਪਨਿਆਂ ਦਾ ਚੰਬਾਂ ਖਿੜਦਾ ਹੈ
ਮੈਂ ਇਸ ਅਕਾਸ਼ ਗੰਗਾ ਵਿਚ ਰੋਸ਼ਨੀ ਦੇ ਘੇਰੇ
ਵਾਂਗ ਫੈਲਣਾ ਚਹੁੰਦਾ ਹਾਂ

ਔਹੁ ਮੇਰੀ ਬਿਰਧ ਮਾਂ ਦਾ ਚਿਹਰਾ ਹੈ
ਜਿੱਥੇ ਜ਼ਿੰਦਗੀ ਦੇ ਅਨੇਕਾਂ ਜੇਠ ਹਾੜ੍ਹ
ਕਦੇ ਆਸ, ਕਦੇ ਉਡੀਕ ਬਣੇ ਨੇ
ਮੈਂ ਇਸ ਭੋਂਅ ਦੇ ਪੋਟੇ ਪੋਟੇ 'ਚੋਂ ਚਸ਼ਮੇ ਵਾਂਗ
ਫੁੱਟਣਾ ਚਹੁੰਦਾ ਹਾਂ

ਏਥੇ ਮੇਰੀ ਕਵਿਤਾ ਦਾ ਅੰਗ-ਸੰਗ ਹੈ
ਜਿਸ ਨਾਲ ਮੇਰਾ ਕੁਝ ਵੀ ਵੰਡਿਆ ਨਹੀਂ
ਇਸ ਨਿੱਕੀ ਨਿੱਕੀ ਕਣੀ ਦੇ ਮੀਂਹ ਵਿੱਚ
ਆਪਣਾ ਆਪ ਭਰਿਆ ਭਰਿਆ ਲਗਦਾ ਹੈ
ਮੈਂ ਇਸ ਮਟਕ-ਚਾਨਣੇ ਵਿਚ ਲਾਟ ਵਾਂਗ
ਬਲਣਾਂ ਚਹੁੰਦਾ ਹਾਂ

ਮੈਂ ਆਪਣੇ ਯਾਰਾਂ ਨਾਲ ਤੁਰਨਾ ਚਹੁੰਦਾ ਹਾਂ
ਜਿਨ੍ਹਾਂ ਦੀ ਧੁੱਪ-ਛਾਂ 'ਚ
ਖੰਭਾਂ ਵਾਂਗ ਖੁਲ੍ਹਿਆ, ਅੰਬਰ ਵਾਂਗ ਫੈਲਿਆਂ ਹਾਂ
ਕਿਸੇ ਦੇ ਫਰਾਹਟੇ ਨਾਲ ਤਾਂ ਸਿਰ ਤੋਂ ਪੈਰਾਂ
ਤੀਕ ਗਚੋ-ਗੱਚ ਹਾਂ
ਇਹਨਾਂ ਵਿਚ ਉਹ ਕਵੀ-ਮਿੱਤਰ ਵੀ ਹੈ
ਜੀਹਦੀ ਕਵਿਤਾ ਦੇ ਰੰਗ
ਉਦਾਸ ਪਲਾਂ ਨੂੰ ਜਿਉਂ ਜਿਉਂ ਗੂਹੜਿਆਂ ਕਰਦੇ ਨੇਂ
ਨਿੱਤ ਨਵੀਆਂ ਬੱਤੀਆਂ ਸੀਖਣ ਨੂੰ ਜੀਅ ਕਰਦਾ ਹੈ

ਮੈਂ ਇਹਨਾਂ ਸੜਕਾਂ ਤੇ ਤੁਰਨਾ ਚਹੁੰਦਾ ਹਾਂ
ਜਿੱਥੇ ਘਟਨਾਵਾਂ ਪਰਛਾਇਆਂ ਵਾਂਗ ਫੈਲਦੀਆਂ
ਤੇ ਸੁਖ ਦੀਆਂ ਘੜੀਆਂ ਵਾਂਗ ਅਲੋਪ ਹੋ ਜਾਂਦੀਆਂ ਨੇਂ
ਤੇ ਪਿੱਛੇ ਟੁੱਟੇ ਪੁਲਾਂ ਦੀ ਗੇਰੀ
ਪਾਣੀਆਂ 'ਚ ਘੁਲਦੀ ਰਹਿੰਦੀ ਹੈ

ਮੈਂ ਇਹਨਾਂ ਸਭਨਾਂ ਵਿਚ
ਗੱਲ-ਬਾਤ ਵਾਂਗ ਜੀਣਾ
ਸ਼ੌਕ ਵਾਂਗ ਪਨਪਣਾ
ਖੁਸ਼ੀ ਵਾਂਗ ਮਟਕਣਾ
ਚੁੱਪ ਵਾਂਗ ਲੰਘਣਾ ਚਹੁੰਦਾ ਹਾਂ

ਮੈਂ ਏਥੇ ਰਹਿਣਾ ਚਹੁੰਦਾ ਹਾਂ

# ਇਕ ਨਾਂ ਪੈਰੀ

□

ਪਾਲ ਏਲੂਆਰ

---

[ਦੂਜੀ ਵੱਡੀ ਸੰਸਾਰ-ਜੰਗ ਵਿਚ ਫਰਾਂਸ ਉਤੇ ਜਰਮਨੀ ਦਾ ਕਬਜ਼ਾ ਹੋ ਗਿਆ ਸੀ, ਤਾਂ ਅਨੇਕਾਂ ਲੇਖਕਾਂ ਦੇ ਨਾਲ ਸੰਬਰੀਅਲ ਪੈਰੀ ਵੀ ਫੜਿਆ ਗਿਆ ਸੀ। ਉਹਨੀਂ ਦਿਨੀਂ ਉਹ "ਲ ਹਿਊਮਨਾਈਤ" ਅਖ਼ਬਾਰ ਦਾ ਸੰਪਾਦਕ ਸੀ, ਜਿਸ ਦਾ ਕਿ ਫਰਾਂਸੀਸੀ ਲੋਕਾਂ ਤੇ ਬੜਾ ਅਸਰ ਸੀ। ਉਸ ਨੂੰ ਰਿਸ਼ਵਤਾਂ ਦਿਤੀਆਂ ਗਈਆਂ, ਤਸੀਹੇ ਦਿਤੇ ਗਏ, ਪਰ ਉਸ ਨੇ ਆਪਣੇ ਮੁਲਕ ਨਾਲ ਗ਼ੱਦਾਰੀ ਨਹੀਂ ਕੀਤੀ। ਅਖੀਰ, ਜਰਮਨ ਹਾਕਮਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ।

ਮੌਤ ਤੋਂ ਪਹਿਲਾਂ ਪੈਰੀ ਨੇ ਜੇਲ ਚੋਂ ਆਪਣੇ ਅੰਤਲੇ ਖ਼ਤ ਵਿਚ ਲਿਖਿਆ ਸੀ :

"ਮੈਂ ਆਪਣੇ ਸਾਥੀਆਂ ਨੂੰ ਦਸਣਾ ਚਾਹੁੰਦਾ ਹਾਂ ਕਿ ਮੈਂ ਆਪਣੀ ਜ਼ਿੰਦਗੀ ਦੇ ਆਦਰਸ਼ ਲਈ ਵਫ਼ਾਦਾਰ ਰਿਹਾ ਹਾਂ। ਮੈਂ ਆਪਣੇ ਦੇਸ਼ ਵਾਸੀਆਂ ਨੂੰ ਦਸਣਾ ਚਾਹੁੰਦਾ ਹਾਂ ਕਿ ਮੈਂ ਜਾ ਰਿਹਾ ਹਾਂ, ਤਾਂ ਜੋ ਫਰਾਂਸ ਜਿਊਂਦਾ ਰਹੇ। ਇਸ ਅੰਤਲੇ ਸਮੇਂ ਮੈਂ ਆਪਣੇ ਦਿਲ ਵਿਚ ਝਾਕ ਕੇ ਵੇਖਿਆ ਹੈ ਤੇ ਮੈਨੂੰ ਨਿਰਾਸ਼ ਨਹੀਂ ਹੋਣਾ ਪਿਆ। ਮੈਨੂੰ ਜੇ ਮੁੜ ਜ਼ਿੰਦਗੀ ਸ਼ੁਰੂ ਕਰਨੀ ਪਏ, ਤਾਂ ਮੈਂ ਮੁੜ ਏਸੇ ਰਾਹ 'ਤੇ ਤੁਰਾਂਗਾ। ਕੁਝ ਹੀ ਚਿਰ ਪਿਛੋਂ ਮੈਂ ਗੀਤਾਂ ਭਰੇ ਭਵਿੱਖ ਵਲ ਜਾਣ ਦੀ ਤਿਆਰੀ ਕਰਾਂਗਾ। ਮੌਤ ਦੇ ਸਾਹਮਣੇ ਮੈਂ ਆਪਣੇ ਆਪ ਨੂੰ ਅੱਟਲ ਤੇ ਅਡੋਲ ਪਾ ਰਿਹਾ ਹਾਂ। ਅਲਵਿਦਾ ! ਤੇ ਫ਼ਰਾਂਸ ਜ਼ਿੰਦਾਬਾਦ !"

ਇਸ ਸਦੀ ਵਿਚ ਫਰਾਂਸ ਦੇ ਸਭ ਤੋਂ ਵਡੇ ਕਵੀ, ਪਾਲ ਏਲੂਆਰ ਨੇ ਪੈਰੀ ਦੀ ਯਾਦ ਵਿਚ ਇਹ ਕਵਿਤਾ ਲਿਖੀ ਸੀ।]

ਇਕ ਮਨੁੱਖ ਮਰ ਗਿਆ ਹੈ,
ਜਿਸ ਕੋਲ ਆਪਣੇ ਬਚਾਅ ਲਈ
ਸਿਰਫ਼ ਆਪਣੀਆਂ ਬਾਹਾਂ ਸਨ--
ਜ਼ਿੰਦਗੀ ਲਈ ਖੁਲ੍ਹੀਆਂ ਹੋਈਆਂ ਬਾਹਾਂ,
ਇਕ ਮਨੁੱਖ ਮਰ ਗਿਆ ਹੈ,
ਜਿਸ ਦੇ ਸਾਹਮਣੇ ਇਕੋ ਇਕ ਰਾਹ ਸੀ
ਜਿੱਥੇ ਕਿ ਬੰਦੂਕਾਂ ਨਾਲ ਘਿਰਣਾ ਕੀਤੀ ਜਾਂਦੀ ਹੈ,

ਇਕ ਮਨੁੱਖ ਮਰ ਗਿਆ ਹੈ,
ਜੋ ਅਜ ਵੀ ਜਦੋਜਹਿਦ ਕਰ ਰਿਹਾ ਹੈ
ਮੌਤ ਦੇ ਖ਼ਿਲਾਫ਼; ਨਫ਼ਰਤ ਦੇ ਖ਼ਿਲਾਫ਼,
ਜੋ ਕੁਝ ਵੀ ਉਸ ਨੇ ਚਾਹਿਆ
ਅਸੀਂ ਵੀ ਚਾਹੁੰਦੇ ਸਾਂ,
ਸਾਡੀ ਲੋਚਾ ਹੈ
ਕਿ ਖ਼ੁਸ਼ੀ ਰੋਸ਼ਨੀ ਬਣੇ

ਅੱਖਾਂ ਦੀਆਂ ਡੂੰਘਾਵਾਂ ਵਿਚ,
ਦਿਲਾਂ ਦੀਆਂ ਡੂੰਘਾਵਾਂ ਵਿਚ
ਤੇ ਧਰਤੀ ਤੇ ਨਿਆਂ ਹੋਵੇ,
ਕੁਝ ਲਫ਼ਜ਼ ਹਨ, ਜੋ ਜ਼ਿੰਦਗੀ ਦਿੰਦੇ ਹਨ
ਤੇ ਉਹ ਬੇਦੋਸੇ ਲਫ਼ਜ਼ ਹੁੰਦੇ ਹਨ
ਜਿਵੇਂ ਲਫ਼ਜ਼ ਨਿੱਘ, ਤੇ ਲਫ਼ਜ਼ ਭਰੋਸਾ
ਪਿਆਰ, ਨਿਆਂ, ਤੇ ਲਫ਼ਜ਼ ਸੁਤੰਤਰਤਾ
ਲਫ਼ਜ਼ ਬੱਚਾ, ਤੇ ਲਫ਼ਜ਼ ਦਇਆ
ਤੇ ਕੁਝ ਫੁੱਲਾਂ ਦੇ ਨਾਂ ਤੇ ਕੁਝ ਫਲਾਂ ਦੇ ਨਾਂ
ਲਫ਼ਜ਼ ਜਿਗਰਾ, ਤੇ ਲਫ਼ਜ਼ ਖੋਜ
ਲਫ਼ਜ਼ ਭਰਾ, ਤੇ ਲਫ਼ਜ਼ ਸਾਥੀ
ਤੇ ਕੁਝ ਨਾ ਮੁਲਕਾਂ ਦੇ ਤੇ ਪਿੰਡਾਂ ਦੇ
ਤੇ ਕੁਝ ਨਾਂ ਤੀਵੀਆਂ ਦੇ ਤੇ ਦੋਸਤਾਂ ਦੇ......
ਆਓ ਉਹਨਾਂ ਵਿਚ ਇਕ ਨਾਂ ਪੈਰੀ ਵੀ ਜੋੜੀਏ
ਪੈਰੀ ਜਿਸ ਆਦਰਸ਼ ਲਈ ਮਰਿਆ,
ਉਹ ਅਜ ਸਾਨੂੰ ਜਿਊਂਦਿਆਂ ਰਖ ਰਿਹਾ ਹੈ
ਉਸ ਨਾਲ ਭਰਾ ਬਣ ਕੇ ਗਲ ਕਰੋ—
ਉਸ ਦਾ ਦਿਲ ਛਾਨਣੀ ਹੋ ਚੁੱਕਾ ਹੈ
ਅਜ ਉਸ ਸਦਕਾ ਅਸੀਂ ਇਕ ਦੂਜੇ ਨੂੰ
ਵਧੇਰੇ ਚੰਗੀ ਤਰ੍ਹਾਂ ਜਾਨਣ ਲਗੇ ਹਾਂ
ਇਕ ਦੂਜੇ ਨਾਲ ਭਰਾਵਾਂ ਵਾਂਗ ਗੱਲ ਕਰੋ,
ਉਸ ਦੀ ਆਸ ਹਾਲੀ ਵੀ ਜਿਊਂਦੀ ਹੈ ।

[ਅਨੁ-ਸੁਖਬੀਰ]

□

ਵੀਅਤਨਾਮੀ ਕਵਿਤਾ

# ਬਾਰੀਆਂ-ਰਹਿਤ ਲਾਰੀਆਂ ਦਾ ਗੀਤ

## ਫ਼ਾਮ ਤਾਈਨ ਦੁਆਤ

ਬਾਰੀਆਂ ਕੋਈ ਨਾ !
ਗਲ ਇੰਜ ਨਹੀਂ ਸੀ
ਕਿ ਲਾਰੀਆਂ ਸਾਡੀਆਂ
ਦੀਆਂ ਬਾਰੀਆਂ
ਕਦੀ ਵੀ ਨਹੀਂ ਸਨ;
ਸਗੋਂ ਹੁਝਕਿਆਂ ਤੇ ਬੰਬ-ਵਿਸਫੋਟਾਂ
ਨੇ ਉਹ ਸਭ
ਚੂਰ ਚੂਰ ਕਰ ਦਿਤੀਆਂ ਨੇ ।
ਬਾਰੀ–ਰਹਿਤ ਗੱਡੀਆਂ ਉਪਰ
ਸਜੇ, ਅਸੀਂ ਹਾਂ ਅਗੇ ਵਧਦੇ,
ਤੇ ਧਰਤ–ਆਕਾਸ਼ ਦਾ ਸਰਵੇ ਕਰਦੇ ।

ਸ਼ੂਕਰਾਂ ਮਾਰ ਹਵਾ ਹੈ ਆਉਂਦੀ
ਅਤੇ ਡੰਗੇ ਅੱਖਾਂ ਸਾਡੀਆਂ ਨੂੰ ਆ,
ਸੜਕ ਵੀ ਸਾਡੇ ਦਿਲਾਂ ਵੰਨੀਂ
ਤੀਰ ਦੇ ਵਾਂਗੂ ਧਾ ਕੇ ਆਉਂਦੀ ।
ਪੰਛੀ ਅਤੇ ਚਮਕੀਲੇ ਤਾਰੇ
ਭਟਕਦੇ ਹੋਏ, ਸਾਡੀ ਗੱਡੀ ਵਿਚ ਆ ਜਾਵਣ ।

ਬਾਰੀਆਂ ਕੋਈ ਨਾਹ !
ਘੱਟਾ, ਸਾਡੇ ਉਪਰ ਧਾਵਾ ਬੋਲੇ,
ਸਾਡੇ ਵਾਲਾਂ ਉਪਰ ਪੌਡਰ ਛਿੜਕੇ,
ਅਸੀਂ ਜਾਪੀਏ ਬਾਬੇ ਬੁਢੇ ।
ਇਸਨੂੰ ਧੋ ਲਓ ? ਪਰਵਾਹ ਕਿਸ ਨੂੰ ਹੈ !
ਇਕ ਸਿਗਰਟ ...
ਅਸੀਂ ਇਕ ਦੂਜੇ ਵੰਨੀ ਤਕੀਏ,
ਹਸਦੇ ਹਸਦੇ ਦੂਹਰੇ ਹੋਈਏ ।

ਬਾਰੀਆਂ ਕੋਈ ਨਾਹ !
ਸਾਡੇ ਝੱਗੇ-ਕੁਰਤੇ
ਮੀਂਹ ਭਿਓਂ ਰਿਹਾ,
ਬੇਰਹਿਮੀ ਭਰਿਆ ਛਾਂਟਾ ਉਸਦਾ,
ਜਿਵੇਂ ਕਿ, ਅਸੀਂ ਹਾਂ ਹੁੰਦੇ
ਬਾਹਰ ਖੁਲੇ ਆਕਾਸ਼ ਦੇ ਹੇਠਾਂ ।
ਕਪੜੇ ਬਦਲੋ ? ਉਕਾ ਨਹੀਂ ਜੀ !
ਹਾਲੀਂ, ਸੌ ਕਿਲੋਮੀਟਰ ਨੇ ਰਹਿੰਦੇ,
ਅਤੇ ਮੀਂਹ ਨੇ ਰੁਕ ਜਾਣਾ ਹੈ,
ਸਾਡੇ ਕਪੜੇ, ਵਾ ਦੇ ਨਾਲ
ਆਪੇ ਹੀ ਸੁਕ ਜਾਣਗੇ ।
ਉਸ ਖੇਤਰ ਤੋਂ

ਜਿੱਥੇ ਬੰਬ ਨੇ ਸੁੱਟੇ ਜਾ ਰਹੇ,
ਲਾਰੀਆਂ ਆਉਂਦੀਆਂ
ਮਿਲਦੀਆਂ ਸਾਨੂੰ ।

ਖਤਰੇ ਭਰੀਆਂ ਸੜਕਾਂ ਉਪਰ,
ਗੱਡੀਆਂ ਦੇ ਬਾਰੀਆਂ-ਰਹਿਤ
ਦਰਾਂ 'ਚੋਂ ਦੀ,
ਅਸੀਂ ਹੱਥ ਹਿਲਾਉਂਦੇ
ਇਸ ਆਸ਼ਾ ਨਾਲ
ਸ਼ਾਇਦ ਮਿੱਤਰ ਕੋਈ ਨਜ਼ਰੀਂ ਆਏ !

ਅਸੀਂ ਚੁਲ੍ਹ ਬਣਾਈਏ
ਖੁਲ੍ਹੀ 'ਵਾ ਵਿੱਚ ।
ਅਸੀਂ 'ਕੱਠੇ ਬਹਿ ਕੇ,
ਟੱਬਰ ਇਕ ਵਡੇਰੇ ਵਾਂਗੂ,
ਲੰਗਰ ਛਕੀਏ ।
ਸਾਡੇ ਝੂਲਣ-ਖਟੋਲੇ
ਭੋਂ ਨੂੰ ਛੋਂਹਦੇ,
ਅਸੀਂ ਸੰਵੀਏਂ ਸੜਕ ਦੇ ਕੰਢੇ...
ਅਸਾਂ ਅਗਲੀ ਸਵੇਰ,
ਨਿਮਲ ਸਾਫ਼ ਆਕਾਸ਼ ਦੇ ਥੱਲੇ
ਮੁੜ, ਅਗਲੇਰੇ ਸਫ਼ਰ ਤੇ ਤੁਰਨਾ ।

ਬਾਰੀਆਂ ਕੋਈ ਨਾਹ,
ਹੈਡੱ-ਲੈਂਪ ਨਾ ਕੋਈ,
ਨਾ ਹੀ ਇੰਜਣਾਂ ਦੇ ਨੇ ਛੱਪਰ
(ਹੁਡ ਤੇ ਬੋਨਿਟ)
ਅਤੇ ਗਦੀਆਂ ਵੀ ਨੇ ਪਾਟੀਆਂ ਹੋਈਆਂ,
ਗੱਡੀਆਂ ਹਨ ਚਿੱਬ-ਖੜਿਬੀਆਂ,
ਫਿਰ ਵੀ ਲਾਰੀਆਂ ਇਹ ਜੋ
ਹੋ ਕੇ ਇਕ ਸੁਰ,
ਸਾਰੇ ਦਿਲਾਂ ਦੀ ਲੈ ਦੇ ਨਾਲ
ਇਕਸਾਰ ਤੇ ਨਿਰੰਤਰ ਚਾਲੇ,
ਦਖਣ ਵਲ ਨੂੰ ਤੁਰੀਆਂ ਜਾਵਣ ।

[ਅਨੁ—ਪ੍ਰੇਮ ਅਵਤਾਰ ਰੈਣਾ]

□

# ਮੈਨੂੰ ਦੇ ਦਿਓ

ਜਸਬੀਰ ਸਿੰਘ ਸਰਨਾ

ਮੈਨੂੰ ਦੇ ਦਿਉ
ਮੇਰੀ ਭੂਮੀ ਦੇ ਸੁਜਾਖੇ ਪੁਤਰੋ !
ਮੇਰੀ ਮਾਂ ਦਾ ਹਾਸਾ
ਉਹ ਹਾਸਾ ਜਿਸ ਵਿਚ ਸਿਮਟ ਜਾਂਦੀ ਹੈ ਮੇਰੀ ਭੁੱਖ
ਸਾਰੀ ਸ੍ਰਿਸ਼ਟੀ ਮੇਰੀ 'ਚ ਸਮੁਚੇ ਮਾਨਵਾਂਦੀ ਮੁਸਕਾਨ
ਲੰਬੂਤਰੇ ਜਿਹੇ ਮਕਾਨ ਹੇਠਾਂ,
ਜਿਥੇ ਮੇਰੀਆਂ ਭੈਣਾਂ ਦੇ ਭੋਲੇ ਭਾਲੇ ਗੀਤ
ਸਾਡੀਆਂ ਉਮਰਾਂ ਦੇ ਸੁਨੇਰੀ ਦਿਨਾਂ ਵਾਸਤੇ
ਬੰਣਨੇ ਸਨ ਮੇਰੀ ਉਜੀਵਕਨਾਂ ਦੇ ਮੂਲ !
ਮਕਾਨ ਦੀਆਂ ਬੁਨਿਆਦੀ ਕੰਧਾਂ ਵਿਚ
ਮੈਨੂੰ ਦੇ ਦਿਓ ।
ਮੇਰੇ ਪਿੰਡ ਦੀ ਸਰਦੱਲ ਪਾਰ ਹੋ ਗਈਆਂ ਆਵਾਜ਼ਾਂ
ਜੋ ਸ਼ਾਮਾਂ ਦੀਆਂ ਸੰਗੀਤਕ ਧੁਨਾਂ ਸਨ ਛੇੜਦੀਆਂ
ਕੇਵਲ ਪਿੰਡ ਦਾ ਨਾਮ ਲੈ ਕੇ
ਮੈਨੂੰ ਵਾਪਸ ਕਰ ਦਿਓ ਈਮਾਨਦਾਰੀ ਦਾ ਹਿਸਾਬ
ਮੇਰੇ ਪਿੰਡ ਦੇ ਬਚਿਆਂ ਦਾ ਗੁਵਾਚਾ ਹਾਸਾ
ਜੋ ਦੁਧ ਦੇ ਦੰਦਾਂ ਵਾਂਗ ਕਿਰ ਗਿਆ ਹੈ
ਅਜੋਕੀ ਸਭਿਅਤਾ ਵਿਚ ਇਕ ਬਿਜਲੀ ਵਾਂਗ
ਤੇ ਸਾਡੇ ਬਚਪਨ ਦੇ ਸੁਪਨਿਆਂ ਜਿਹੇ ਮਿਠੇ ਇਰਾਦੇ
ਜੀਣ ਨਾ ਦਿਤੇ ਨਾਪਾਕ ਹੱਥਾਂ ਨੇ
ਤੇ ਚੰਦਰੀ ਪੌਣ ਹੇਠਾਂ ਵਲ ਦਬ ਦੇਦੀਂ
ਸੰਘਰਸ਼ ਦੀ ਜੁਸਤੂਜੂ ਨੂੰ !
ਮੈਨੂੰ ਦੇ ਦਿਓ !
ਮੇਰੀ ਸਾਰੀਆਂ ਜਾਣੀਆਂ ਪਛਾਣੀਆਂ ਆਵਾਜ਼ਾਂ
ਪੂਰਬ ਤੋਂ ਪਛਮ, ਉਤਰ ਤੋਂ ਦਖਣ ਤੀਕ
ਜਿਨਾਂ ਲਈ ਅਰਥ ਇਕ ਬਣ ਸਕਾਂ
ਜ਼ਿੰਦਗੀ ਦੇ ਹਾਦਸਿਆਂ ਨਾਲ ਕਰਕੇ ਅਹਿਦੋ-ਪੈਮਾਂਕ
ਤੇ ਪਿੰਡ ਦੇ ਨੰਬਰਦਾਰ ਦੀ ਗੁਵਾਚੀ ਅੱਖਾਂ ਦੀ
ਲੋਅ ਲਈ
ਬਣ ਸਕਾਂ ਟੁੱਟੀ ਐਨਕ ਦਾ ਸ਼ੀਸ਼ਾ
ਮੈਨੂੰ ਦੇ ਦਿਓ !
ਸਮੇਂ ਦੇ ਹਾਣਿਓ !!
ਮੇਰੀ ਮਾਂ ਦਾ ਹਾਸਾ
ਜਿਸ ਵਿਚ ਸਿਮਟ ਜਾਂਦੀ ਹੈ ਮੇਰੀ ਭੁੱਖ !!

ਇਕਾਂਗੀ

# ਚੰਨ ਚੜ੍ਹਿਆ

□ ਲੇਡੀ ਗਰੈਗਰੀ

ਪਾਤਰ – ਸਾਰਜੰਟ, ਸਿਪਾਹੀ1, ਸਿਪਾਹੀ2 ਅਤੇ ਇਕ ਇਨਕਲਾਬੀ।

[ ਦਰਿਆ ਦੇ ਪੱਤਨ ਨੂੰ ਜਾਂਦਾ ਰਸਤਾ, ਕਿਲਿਆਂ ਨਾਲ ਰੱਜੇ ਆਦਿਕ ਬੰਨ੍ਹੇ ਹੋਏ ਹਨ। ਇਕ ਪਾਸੇ ਇਕ ਲੁੱਕ ਵਾਲਾ ਵਡਾ ਡਰੱਮ ਵੀ ਪਿਆ ਹੈ। ਨਾਟਕ ਸ਼ੁਰੂ ਹੋਣ ਤੇ ਸਾਰਜੰਟ ਅਤੇ ਉਹਦੇ ਮਗਰ ਦੋ ਸਿਪਾਹੀ ਮੰਚ ਤੇ ਆਉਂਦੇ ਹਨ। ਇਧਰ ਉਧਰ ਵੇਖਦੇ ਹਨ, ਜਿਸ ਤਰ੍ਹਾਂ ਸਾਰੀ ਥਾਂ ਦਾ ਜਾਇਜ਼ਾ ਲਗਾ ਰਹੇ ਹਨ। ਸਿਪਾਹੀ ਇਕ ਦੇ ਹੱਥ ਵਿਚ ਇਸ਼ਤਿਹਾਰਾਂ ਦਾ ਇਕ ਬੰਡਲ ਹੈ, ਜਦੋਂ ਦੂਜੇ ਦੇ ਹੱਥ ਲੇਵੀ ਦਾ ਡੱਬਾ ਹੈ। ਸਾਰਜੰਟ ਇਕ ਨੁੱਕਰ ਵਲ ਚਲਾ ਜਾਂਦਾ ਹੈ, ਜਦਕਿ ਸਿਪਾਹੀ ਉਸ ਡਰੱਮ ਕੋਲ ਖਲੋਤੇ ਰਹਿੰਦੇ ਹਨ। ]

ਸਿਪਾਹੀ1 – ਮੇਰਾ ਖ਼ਿਆਲ ਹੈ ਕਿ ਇਸ਼ਤਿਹਾਰ ਲਗਾਉਣ ਲਈ ਇਹ ਥਾਂ ਠੀਕ ਏ, ਕਿਸ਼ਤੀ ਤੇ ਚੜ੍ਹਣ ਵਾਲੇ ਮੁਸਾਫ਼ਿਰ ਸਾਰੇ ਇਸ ਨੂੰ ਪੜ੍ਹਣਗੇ। (ਡਰੱਮ ਵਲ ਇਸ਼ਾਰਾ ਕਰਦਾ ਹੈ)।

ਸਿਪਾਹੀ2 – ਚੰਗੀ ਗਲ ਇਹ ਹੈ ਕਿ ਪਹਿਲੇ ਸਾਰਜੰਟ ਸਾਹਿਬ ਕੋਲੋਂ ਪੁਛ ਲਈਏ। (ਉੱਚੀ ਸਾਰੀ) ਜਨਾਬ ਇਸ ਲੁੱਕ ਵਾਲੇ ਡਰੱਮ ਤੇ ਇਸ਼ਤਿਹਾਰ ਲਗਾ ਦੇਈਏ ?

[ ਕੋਈ ਜਵਾਬ ਨਹੀਂ। ]

ਸਿਪਾਹੀ1 – (ਫੇਰ ਉੱਚੀ ਸਾਰੀ) ਜਨਾਬ, ਇਸ ਡਰੱਮ ਤੇ ਇਸ਼ਤਿਹਾਰ ਲਗਾ ਦੇਈਏ ? (ਸਾਰਜੰਟ ਵਲੋਂ ਕੋਈ ਜਵਾਬ ਨਹੀਂ, ਉਹ ਆਪਣੀ ਥਾਂ ਤੇ ਹੀ ਸਾਰਾ ਜਾਇਜ਼ਾ ਲੈ ਰਿਹਾ ਹੈ)।

ਸਾਰਜੰਟ – (ਆਪਣੇ ਆਪ ਵਿਚ) ਹਾਂ ਤਾਂ ਇਸ ਰਸਤੇ ਤੇ ਪੌੜੀਆਂ ਦਰਿਆ ਵਲ ਜਾਂਦੀਆਂ ਹਨ। ਇਹੀ ਥਾਂ ਹੈ, ਜਿਸ ਤੇ ਪੂਰਾ ਪਹਿਰਾ ਹੋਣਾ ਚਾਹੀਦਾ ਹੈ। ਉਹਨੇ ਆਪਣੇ ਸਾਥੀਆਂ ਨਾਲ ਇਹੀ ਮਿਥਿਆ ਹੋਣਾ ਹੈ ਕਿ ਉਹ ਦਰਿਆ ਤੇ ਕਿਸ਼ਤੀ ਲੈ ਕੇ ਆਉਣ। ਤੇ ਇਹ ਵੀ ਹੋ ਸਕਦਾ ਏ ਕਿ ਉਹਨਾਂ ਕਿਸ਼ਤੀ ਕਿਧਰੇ ਦੂਰ ਖੜੀ ਕੀਤੀ ਹੋਵੇ, ਸਭ ਕੁਝ ਹੋ ਸਕਦਾ ਹੈ।

ਸਿਪਾਹੀ1 – ਜਨਾਬ ਕੀ ਅਸੀਂ ਇਕ ਡਰੱਮ ਤੇ ਇਸ਼ਤਿਹਾਰ ਲਾ ਦੇਈਏ ?

ਸਾਰਜੰਟ - ਲਾ ਦੇਵੋ ਕੋਈ ਹਰਜ ਨਹੀਂ।

[ ਸਿਪਾਹੀ ਲੇਵੀ ਲਗਾ ਕੇ ਇਸ਼ਤਿਹਾਰ ਲਾਉਂਦੇ ਹਨ ਸਾਰਜੰਟ ਸਾਰੀ ਥਾਂ ਦਾ ਜਾਇਜ਼ਾ ਲਾਉਂਦਾ ਰਹਿੰਦਾ ਹੈ। ਇਸ਼ਤਿਹਾਰ ਲਗਣ ਤੇ ਉਹ ਡਰੱਮ ਕੋਲ ਆਉਂਦਾ ਹੈ ਤੇ ਇਸ਼ਤਿਹਾਰ ਪੜ੍ਹਦਾ ਹੈ। ]

ਸਾਰਜੰਟ - (ਇਸ਼ਤਿਹਾਰ ਪੜ੍ਹਦੇ ਹੋਏ) ਕਾਲੇ ਕਾਲੇ ਵਾਲ, ਕਾਲੀਆਂ ਅੱਖਾਂ ਗੋਲ ਚਿਹਰਾ, ਕਦ ਪੰਜ ਫੁਟ ਛੇ ਇੰਚ...ਪਰ ਕੀ ਇਹ ਸਭ ਕੁਝ ਉਸ ਨੂੰ ਪਛਾਨਣ ਲਈ ਕਾਫ਼ੀ ਹੈ ? ਦੁਨੀਆਂ ਵਿਚ ਕਿੰਨੇ ਹੀ ਲੋਕ ਹਨ, ਜਿਨ੍ਹਾਂ ਦੇ ਕਾਲੇ ਵਾਲ

ਹਨ, ਕਾਲੀਆਂ ਅੱਖਾਂ ਹਨ, ਕੱਦ ਪੰਜ ਫੁਟ ਛੇ ਇੰਚ ਹੈ, ਹੁੱਲੀਆ ਦਰਜ ਕਰਨ ਵਿਚ ਕਿਤਨੀ ਨਲਾਇਕੀ ਵਿਖਾਈ ਗਈ ਹੈ। ਅਫ਼ਸੋਸ ਤਾਂ ਇਸ ਗੱਲ ਦਾ ਏ ਕਿ ਜੇਲ੍ਹ ਤੋਂ ਫ਼ਰਾਰ ਹੋਣ ਤੋਂ ਪਹਿਲਾਂ ਮੈਂ ਉਸ ਨੂੰ ਵੇਖਿਆ ਨਹੀਂ, ਕਹਿੰਦੇ ਨੇ ਉਹ ਬੜਾ ਹੀ ਖ਼ਾਸ ਬੰਦਾ ਏ, ਬਾਗੀਆਂ ਦੀਆਂ ਸਾਰੀਆਂ ਸਾਜ਼ਸ਼ਾਂ ਉਹੀ ਘੜਦਾ ਏ। ਸਾਰੀਆਂ ਪਲਾਨਾਂ ਉਹੀ ਬਣਾਂਦਾ ਏ, ਖ਼ਾਸ ਹੀ ਹੋਣਾ ਏਂ, ਨਹੀਂ ਤਾਂ ਸਾਰੇ ਦੇਸ਼ ਵਿਚ ਇਹੋ ਜਿਹਾ ਕਿਹੜਾ ਏ, ਜਿਹੜਾ ਇਸ ਹੁਸ਼ਿਆਰੀ ਨਾਲ ਜੇਲ੍ਹ ਵਿਚੋਂ ਫ਼ਰਾਰ ਹੋ ਸਕੇ। ਮੇਰਾ ਖ਼ਿਆਲ ਏ ਕਿ ਉਹਨੇ ਜੇਲ੍ਹ ਦੇ ਕਰਮਚਾਰੀਆਂ ਨਾਲ ਕੋਈ ਸੁਰ ਰਲਾਈ ਹੋਣੀ ਏ, ਇਹੋ ਜਿਹੇ ਬੰਦੇ ਕੋਲੋਂ ਹਰ ਚੀਜ਼ ਮੁਮਕਿਨ ਏ।

ਸਿਪਾਹੀ1 – ਇਹ ਪੰਜ ਹਜ਼ਾਰ ਦਾ ਇਨਾਮ ਮੇਰੀ ਸਮਝ ਵਿਚ ਇਹੋ ਜਿਹੇ ਖ਼ਤਰਨਾਕ ਬੰਦੇ ਨੂੰ ਪਕੜਣ ਲਈ ਬਹੁਤ ਥੋੜੀ ਰਕਮ ਏ।

ਸਿਪਾਹੀ2 – ਹੋ ਸਕਦਾ ਏ ਕਿ ਸਰਕਾਰ ਨੇ ਇਸ ਦੇ ਨਾਲ ਇਹ ਵੀ ਤਜਵੀਜ਼ ਬਣਾਈ ਹੋਏ ਕਿ ਜਿਹੜਾ ਉਹਨੂੰ ਪਕੜੇਗਾ, ਉਹਦੀ ਮਹਿਕਮੇ ਵਿਚ ਖ਼ਾਸ ਤਰੱਕੀ ਕੀਤੀ ਜਾਏ, ਇਹ ਤਾਂ ਤੈਨੂੰ ਪਤਾ ਈ ਏ ਕਿ ਸਰਕਾਰ ਆਪਣੇ ਵਫ਼ਾਦਾਰਾਂ ਨੂੰ ਕਦੀ ਨਹੀਂ ਭੁਲਦੀ।

ਸਾਰਜੰਟ – ਇਸ ਥਾਂ ਤੇ ਡਿਊਟੀ ਮੈਂ ਆਪ ਦੇਵਾਂਗਾ, ਮੇਰਾ ਖ਼ਿਆਲ ਏ ਕਿ ਉਹ ਕਿਸੀ ਰਸਤੇ ਤੋਂ ਨਿਕਲਣਾ ਚਾਹੇਗਾ। ਇਹੋ ਜਹੇ ਬਾਗੀ ਹਮੇਸ਼ਾਂ ਦਰਿਆਵਾਂ ਦੇ ਰਸਤੇ ਤੋਂ ਹੀ ਫ਼ਰਾਰ ਹੁੰਦੇ ਹਨ, ਕਿਸ਼ਤੀ ਵਿਚ ਬੈਠੇ ਤੇ ਔਹ ਗਏ ਔਹ ਗਏ। ਇਕ ਵਾਰੀ ਇਥੋਂ ਨਿਕਲ ਗਿਆ ਤਾਂ ਫੇਰ ਕਾਬੂ ਨਾ ਆਇਆ ਭਾਵੇਂ ਉਹਨੂੰ ਕਾਬੂ ਕਰਕੇ ਇਹ ਇਨਾਮ ਮੇਰੇ ਵਰਗੇ ਬਾਲ ਬੱਚੇਦਾਰ ਲੋੜਵੰਦ ਆਦਮੀ ਨੂੰ ਲੈਣਾ ਬੜਾ ਜ਼ਰੂਰੀ ਏ।

ਸਿਪਾਹੀ1 – ਜੀ ਇਕ ਗੱਲ ਏ, ਜੇਕਰ ਅਸੀਂ ਉਸ ਨੂੰ ਫੜ ਲਈਏ ਇਨਾਮ ਤਾਂ ਜਿਹੜਾ ਸਾਨੂੰ ਮਿਲਣਾ ਏ, ਉਹ ਤਾਂ ਮਿਲਣਾ ਈ ਏ ਪਰ ਲੋਕਾਂ ਵਿਚ ਅਸੀਂ ਮੂੰਹ ਨਹੀਂ ਵਿਖਾ ਸਕਣਾ, ਹਰ ਥਾਂ ਲਾਅਨਤਾਂ ਪੈਣਗੀਆਂ ਸਾਨੂੰ।

ਸਾਰਜੰਟ – ਇਹ ਤਾਂ ਤੂੰ ਠੀਕ ਕਹਿਨਾਂ ਏਂ ਪਰ ਫੇਰ ਵੀ ਡਿਊਟੀ ਡਿਊਟੀ ਹੀ ਏ, ਸਰਕਾਰ ਸਾਡੇ ਕੋਲੋਂ ਉਮੀਦ ਰਖਦੀ ਏ ਕਿ ਅਸੀਂ ਕਾਨੂੰਨ ਦੀ ਰਖ-ਵਾਲੀ ਕਰੀਏ, ਜੇਕਰ ਅਸੀਂ ਨਾ ਹੋਈਏ ਤਾਂ ਦਿਨਾਂ ਵਿਚ ਹੀ ਜਿਹੜੇ ਥੱਲੇ ਨੇ ਉਹ ਉਤੇ ਹੋਣ ਅਤੇ ਜਿਹੜੇ ਉਤੇ ਨੇ ਉਹ ਥੱਲੇ ਹੋਣ ਇਹ ਸਾਡੀ ਡਿਊਟੀ ਏ ਕਿ ਅਸੀਂ ਉਤਲਿਆਂ ਨੂੰ ਉਤੇ ਰਖੀਏ ਅਤੇ ਥੱਲਿਆਂ ਨੂੰ ਥੱਲੇ ਰਖੀਏ। ਅੱਛਾ ਹੋਰ ਦੇਰ ਨਾ ਕਰੋ, ਹਾਲੇ ਕਿੰਨੀਆਂ ਥਾਵਾਂ ਤੇ ਇਹ ਇਸਤਿਹਾਰ ਲਾਉਣੇ ਹਨ। ਹਾਂ ਤੁਸੀਂ ਇਹ ਲਾਲਟੈਣ ਨਾਲ ਲੈ ਜਾਓ ਪਰ ਵੇਖਣਾ ਦੇਰ ਨਾ ਲਗੇ ਮੈਂ ਇਥੇ ਇਕੱਲਾ ਹਾਂ ਅਤੇ ਇਸ ਕਾਲੀ ਰਾਤ ਵਿਚ ਚੰਨ ਦੇ ਸਿਵਾ ਮੇਰਾ ਕੋਈ ਸਾਥੀ ਨਹੀਂ।

ਸਿਪਾਹੀ1 – ਚੰਗਾ ਹੁੰਦਾ ਕਿ ਅਸੀਂ ਤੁਹਾਡੇ ਕੋਲ ਹੀ ਠਹਿਰ ਸਕਦੇ ਹੁੰਦੇ। ਅਫ਼ਸਰਾਂ ਨੂੰ ਚਾਹੀਦਾ ਹੈ ਕਿ ਹੋਰ ਬੰਦੇ ਇਸ ਇਲਾਕੇ ਵਿਚ ਤਾਇਨਾਤ ਕਰਨ। ਇਹੋ ਜਿਹਾ ਬਾਗੀ ਜੇਲ੍ਹ ਵਿਚ ਹੀ ਮਾਨ ਨਹੀਂ ਤੇ ਹੁਣ ਤਾਂ ਜੇਲ੍ਹ ਤੋਂ ਬਾਹਰ ਏ। (ਜਾਂਦੇ ਹਨ)।

[ ਸਾਰਜੰਟ ਇਧਰ ਉਧਰ ਟਹਿਲਦਾ ਏ, ਖਲੋ ਕੇ ਇਸ਼ਤਿਹਾਰ ਫੇਰ ਇਕ ਵਾਰ ਪੜ੍ਹਦਾ ਏ, ਫੇਰ ਅੱਡੀਆਂ ਚੁਕ ਕੇ ਇਧਰ ਉਧਰ ਵੇਖਦਾ ਏ, ਕਿਸੇ ਖੜਾਕ ਨਾਲ ਚੁਕੰਨਾ ਹੁੰਦਾ ਏ, ਇਹ ਸਪਸ਼ਟ ਹੈ ਕਿ ਉਹ ਡਰਿਆ ਹੋਇਆ ਹੈ। ]

ਸਾਰਜੰਟ – (ਆਪਣੇ ਆਪ ਵਿਚ) ਪੰਜ ਹਜ਼ਾਰ ਦਾ ਨਕਦ ਇਨਾਮ ਅਤੇ ਤਰੱਕੀ ਵਖਰੀ – ਕਿੰਨੇ ਹੀ ਕੰਮ ਪੰਜ ਹਜ਼ਾਰ ਨਾਲ ਹੋ ਸਕਦੇ ਨੇ। ਸਰ-ਕਾਰ ਵੀ ਕਦੀ ਕਿਸੇ ਭਲੇ ਕੰਮ ਲਈ ਪੰਜ ਹਜ਼ਾਰ ਨਹੀਂ ਖ਼ਰਚੇਗੀ। (ਫਟੇ ਪੁਰਾਣੇ ਕਪੜਿਆਂ ਵਿਚ ਇਕ ਬੰਦਾ ਉਥੋਂ ਚੋਰੀ ਲੰਘਣ ਲਗਦਾ ਏ)।

ਸਾਰਜੰਟ – ਉਏ ਰੁਕ ਜਾ ਕਿਧਰ ਧੁੱਸ ਦੇਈ ਜਾ ਰਿਹਾ ਏਂ ?

ਆਦਮੀ – ਮੈਂ ਇਕ ਗ਼ਰੀਬ ਕਿੱਸੇ ਵੇਚਣ ਵਾਲਾ ਹਾਂ ਜਨਾਬ ਉਹ ਕਿੱਸੇ ਮੈਂ ਥੱਲੇ ਮੁਸਾਫ਼ਰਾਂ ਕੋਲ ਵੇਚਣ ਚਲਿਆ ਹਾਂ। (ਫੇਰ ਚਲ ਪੈਂਦਾ ਏ)।

ਸਾਰਜੰਟ – ਠਹਿਰ ਜਾ (ਉਹ ਰੁਕਦਾ ਹੈ, ਫੇਰ ਤੁਰ ਪੈਂਦਾ ਹੈ) ਸੁਣਿਆ ਨਹੀਂ, ਠਹਿਰ ਜਾ, ਤੂੰ ਉਧਰ ਨਹੀਂ ਜਾ ਸਕਦਾ।

ਆਦਮੀ – ਅੱਛਾ ਜਨਾਬ ਮਾਲਕ ਹੋ, ਗ਼ਰੀਬ ਨੂੰ ਕੋਈ ਨਹੀਂ ਖਲੋਣ ਦੇਂਦਾ, ਗ਼ਰੀਬ ਹੋਣਾ ਹੀ ਲਾਅਨਤ ਏ।

ਸਾਰਜੰਟ – ਤੂੰ ਹੈ ਕੌਣ ?

ਆਦਮੀ – ਜੇ ਤੁਸੀਂ ਜ਼ਰੂਰ ਹੀ ਪੁਛਣਾ ਚਾਹੁੰਦੇ ਹੋ ਤਾਂ ਮੈਨੂੰ ਦਸਣ ਵਿਚ ਕੋਈ ਹਰਜ ਨਹੀਂ, ਭਾਵੇਂ ਮੈਨੂੰ ਪਤਾ ਏ ਕਿ ਇਹ ਜਾਣ ਕੇ ਤੁਹਾਡੇ ਗਿਆਨ ਵਿਚ ਕੋਈ ਵਾਧਾ ਨਹੀਂ ਹੋਏਗਾ ਤੇ ਨਾ ਹੀ ਤੁਹਾਡੀ ਸਿਹਤ ਤੇ ਕੋਈ ਫ਼ਰਕ ਪਏਗਾ, ਮੈਂ ਜਿਮੀ ਵੈਲਸ ਹਾਂ, ਕਿੱਸੇ ਗਾ ਕੇ ਮੈਂ ਆਪਣੀ ਰੋਜ਼ੀ ਕਮਾਂਦਾ ਹਾਂ।

ਸਾਰਜੰਟ – ਜਿਮੀ ? ਮੈਂ ਤਾਂ ਇਸ ਨਾਂ ਦੇ ਬੰਦੇ ਨੂੰ ਨਹੀਂ ਜਾਣਦਾ।

ਆਦਮੀ – ਨਹੀਂ ਜਾਣਦੇ ਹੋਵੋਗੇ, ਅਸਲ ਵਿਚ ਕਿੰਨੇ ਹੀ ਬੰਦੇ ਨੇ, ਜਿਨ੍ਹਾਂ ਨੂੰ ਤੁਸੀਂ ਨਹੀਂ ਜਾਣਦੇ ਹੋਵੋਗੇ, ਤੁਸੀਂ ਕਦੇ ਐਨਿਸ ਨਾਂ ਦੇ ਕਸਬੇ ਗਏ ਹੋ ? ਨਹੀਂ ਗਏ ਹੋਵੋਗੇ, ਐਨਿਸ ਵਾਲੇ ਜਿਮੀ ਦੇ ਨਾਂ ਨੂੰ ਚੰਗੀ ਤਰ੍ਹਾਂ ਜਾਣਦੇ ਨੇ। ਜਿਮੀ ਜਿਹੜਾ ਪਿਆਰ ਮੁਹੱਬਤ ਦੇ ਕਿੱਸੇ ਗਾਉਂਦਾ ਏ। ਜਿਨ੍ਹਾਂ ਨੂੰ ਸੁਣ ਕੇ ਸੋਹਣੀਆਂ ਕੁੜੀਆਂ ਸ਼ਰਮਾ ਜਾਂਦੀਆਂ ਨੇ। ਤੇ ਜਵਾਨ ਸੀਟੀਆਂ ਮਾਰਨ ਲਗ ਪੈਂਦੇ ਨੇ ਤੇ ਉਹਨਾਂ ਦੇ ਦਿਲ ਇਊਂ ਇਊਂ (ਹੱਥ ਦੇ ਇਸ਼ਾਰੇ ਨਾਲ) ਕਰਨ ਲਗ ਪੈਂਦੇ ਨੇ।

ਸਾਰਜੰਟ – ਪਰ ਤੂੰ ਇਥੇ ਕਿਸ ਤਰ੍ਹਾਂ ਆਇਆ ਏਂ ?

ਆਦਮੀ – ਪੇਟ ਲਿਆਇਆ ਏ, ਪਾਪੀ ਪੇਟ, ਰਾਤ ਕਿਸ਼ਤੀਆਂ ਤੇ ਲੋਕ ਆਉਂਦੇ ਜਾਂਦੇ ਰਹਿੰਦੇ ਨੇ, ਉਹਨਾਂ ਅਗੇ ਕਿੱਸੇ ਗਾ ਕੇ ਮੈਂ ਕੁਝ ਪੈਸੇ ਕਮਾ ਲਵਾਂਗਾ, ਸਵੇਰੇ ਮੈਂ ਉਸ ਗੱਡੀ ਵਿਚ ਆਇਆ ਸਾਂ, ਜਿਸ ਵਿਚ ਬਾਬੂ ਲੋਕ ਆਉਂਦੇ ਨੇ, ਉਹ ਇਹ ਕਿੱਸੇ ਸੁਣ ਕੇ ਬੜਾ ਖ਼ੁਸ਼ ਹੁੰਦੇ ਨੇ (ਹੌਲੇ ਜਹੇ ਭੇਤ ਭਰੇ ਢੰਗ ਨਾਲ) ਅਸਲ ਵਿਚ ਉਹ ਕਰਨ ਕਰਾਉਣ ਜੋਗੇ ਕੁਝ ਨਹੀਂ; ਬਸ ਜ਼ਬਾਨੀ ਜ਼ਮਾਂ ਖ਼ਰਚ ਵਿਚ ਹੀ ਖ਼ੁਸ਼ ਰਹਿੰਦੇ ਨੇ।

ਸਾਰਜੰਟ – ਅੱਛਾ, ਅੱਛਾ ਬਹੁਤੀਆਂ ਗੱਲਾਂ ਨਾ ਬਣਾ ਇਥੋਂ ਚਲਦਾ ਬਣ, ਇਧਰ ਜਾਣਾ ਅਜ ਮਨ੍ਹਾਂ ਏ।

ਆਦਮੀ – ਜੇ ਇਧਰ ਜਾਣਾ ਮਨ੍ਹਾਂ ਏ ਤਾਂ ਮੈਂ ਇਧਰ ਚਲਾ ਜਾਂਦਾ ਹਾਂ ਆਦਮੀ ਨੇ ਕਿਧਰੇ ਨਾ ਕਿਧਰੇ ਤਾਂ ਜਾਣਾ ਹੀ ਹੁੰਦਾ ਏ।

[ ਪੌੜੀਆਂ ਵਲ ਤੁਰ ਪੈਂਦਾ ਹੈ। ]

ਸਾਰਜੰਟ – ਮੈਂ ਕਹਿਨਾ ਹਾਂ ਰੁਕ ਜਾ, ਸੁਣਿਆ ਨਹੀਂ ਕਿ ਅਜ ਦੀ ਰਾਤ ਇਸ ਪਾਸੇ ਜਾਣ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ।

ਆਦਮੀ – ਮੈਂ ਬਸ ਪੌੜੀਆਂ ਦੇ ਸਿਰੇ ਤੇ ਹੀ ਬਹਿ ਕੇ ਆਪਣੇ ਕਿੱਸੇ ਗਾਵਾਂਗਾ ਕਿਸ਼ਤੀ ਦਾ ਕੋਈ ਨਾ ਕੋਈ ਮੁਸਾਫ਼ਰ ਜਿਸ ਨੂੰ ਆਪਣੀ ਮਹਿਬੂਬਾ ਦੀ ਯਾਦ ਆਉਂਦੀ ਹੋਏਗੀ, ਉਹ ਮੇਰਾ ਕਿੱਸਾ ਖ਼ਰੀਦ ਲਵੇਗਾ, ਹਾਂ ਅਗਰ ਕਿਸੇ ਨੂੰ ਮਹਿਬੂਬਾ ਦੀ ਯਾਦ ਨਹੀਂ ਤਾਂ ਕਮ-ਜ਼-ਕਮ ਉਸ ਨੂੰ ਆਪਣੀ ਬੀਵੀ ਦੀ ਯਾਦ ਆਉਂਦੀ ਹੀ ਹੋਵੇਗੀ (ਅੱਖ ਮਾਰ ਕੇ) ਮੇਰਾ ਮਤਲਬ ਤਾਂ ਤੁਸੀਂ ਸਮਝ ਹੀ ਗਏ ਹੋਵੋਗੇ ਮੇਰਾ ਇਕ ਕਿੱਸਾ ਵੀ ਵਿਕ ਗਿਆ ਤਾਂ ਮੈਂ ਰਾਤ ਦੀ ਰੋਟੀ ਚੰਗੀ ਖਾ ਲਵਾਂਗਾ।

ਸਾਰਜੰਟ – ਮੈਂ ਇਕ ਪੁਲਸ ਦਾ ਅਫ਼ਸਰ ਹਾਂ – ਮੇਰਾ ਇਸ ਨਾਲ ਕੋਈ ਸਰੋਕਾਰ ਨਹੀਂ ਕਿ ਤੂੰ ਰੋਟੀ ਖਾਨਾਂ ਹੈਂ ਕਿ ਨਹੀਂ – ਮੇਰਾ ਕੰਮ ਏ ਕਾਨੂੰਨ ਦੀ ਰਖਵਾਲੀ – ਤਾਂ ਜੋ ਜਿਹੜੇ ਉਤੇ ਨੇ ਉਹ ਉਤੇ ਰਹਿਣ – ਜਿਹੜੇ ਥਲੇ ਨੇ ਉਹ ਥਲੇ ਰਹਿਣ – ਮੈਨੂੰ ਇਹ ਸਾਰੀ ਬਕਵਾਸ ਸੁਣਨ ਦੀ ਲੋੜ ਨਹੀਂ, ਬਸ ਹੁਕਮ ਇਹੀ ਹੈ ਕਿ ਤੂੰ ਨਹੀਂ ਜਾ ਸਕਦਾ।

ਆਦਮੀ – ਅੱਛਾ ਮੈਂ ਵਾਪਸ ਚਲਾ ਜਾਂਦਾ ਹਾਂ, ਗ਼ਰੀਬ ਨੇ ਰੋਟੀ ਤਾਂ ਕਿਧਰੋਂ ਖਾਣੀ ਹੀ ਹੁੰਦੀ ਏ, ਹਾਂ ਮੇਰੇ ਕੋਲ ਇੰਨੇ ਸਾਰੇ ਕਿੱਸੇ ਨੇ ਸ਼ਾਇਦ ਤੁਹਾਨੂੰ ਵੀ ਕੋਈ ਚੰਗਾ ਲੱਗੇ, ਇਕ ਨੀਲੀ ਸ਼ਹਿਜ਼ਾਦੀ, ਖੰਭ ਵਾਲੀ ਪਰੀ, ਬੰਦਾ ਮਾਰ ਔਰਤ, ਨਰਗਸੀ ਅੱਖਾਂ, ਜਨਾਬ ਬੰਦਾ ਇਕ ਵਾਰੀ ਪੜ੍ਹੇ ਤੇ ਫੜਕ ਕੇ ਰਹਿ ਜਾਏ।

ਸਾਰਜੰਟ – ਬਕ ਨਾ ਬਹੁਤਾ, ਚਲਦਾ ਬਣ।

ਆਦਮੀ – ਇਕ ਵਾਰੀ ਸੁਣੋ ਤਾਂ ਜਨਾਬ, ਨੀਲੀ ਸ਼ਹਿ-ਜ਼ਾਦੀ, ਇਕ ਸੀ ਨੀਲੀ ਸ਼ਹਿਜ਼ਾਦੀ, ਪਰੀਆਂ ਨਾਲੋਂ ਸੋਹਣੀ ਫੁੱਲ ਨਾਲੋਂ ਨਾਜ਼ਕ...ਮਾਖਿਓਂ

ਨਾਲੋਂ ਮਿੱਠੀ ।

ਸਾਰਜੰਟ – ਮੈਂ ਕਹਿਨਾ ਹਾਂ, ਇਹ ਟਰ ਟਰ ਬੰਦ ਕਰ, ਇਥੋਂ ਚਲਦਾ ਬਣ । ਇਥੇ 5000 ਰੁਪਿਆ ਜਾ ਰਿਹਾ ਹੈ – ਇਹ ਨੀਲੀਆਂ ਸ਼ਹਿਜ਼ਾਦੀਆਂ ਦੇ ਕਿੱਸੇ ਸੁਣਾ ਰਿਹਾ ਏ ।

ਆਦਮੀ – (ਆਪਣੇ ਕਿੱਸੇ ਸੰਭਾਲਦੇ ਹੋਏ) ਠੀਕ ਕਹਿੰਦੇ ਨੇ, ਪੁਲਸ ਵਾਲਿਆਂ ਦਾ ਦਿਲ ਨਹੀਂ ਹੁੰਦਾ (ਚਲ ਪੈਂਦਾ ਏ)

ਸਾਰਜੰਟ – ਇਹ ਕਿਧਰ ਚਲ ਪਿਆ ਏਂ ?

ਆਦਮੀ – ਤੁਸੀਂ ਕਿਹਾ ਚਲਦਾ ਬਣ, ਮੈਂ ਚਲ ਪਿਆ ਹਾਂ ।

ਸਾਰਜੰਟ – ਮਚਲਾ ਨਾ ਬਣ, ਕਸਬੇ ਵਲ ਵਾਪਸ ਮੁੜ ।

ਆਦਮੀ – ਕਸਬੇ ਵਲ ? ਯਾਨੀ ਇਧਰ (ਫੇਰ ਪੁੱਠੇ ਪਾਸੇ ਜਾਂਦਾ ਹੈ)

ਸਾਰਜੰਟ – (ਮੋਢੇ ਤੋਂ ਫੜ ਕੇ) ਉਏ ਸੂਰਾ ਇਧਰ ।

[ ਉਹ ਜਾਂਦਾ ਏ, ਫੇਰ ਡਰੰਮ ਅਗੇ ਆ ਕੇ ਖਲੋ ਜਾਂਦਾ ਹੈ । ]

ਸਾਰਜੰਟ – ਫੇਰ ਖਲੋ ਗਿਆਂ ਏਂ, ਇਧਰ ਇਸ ਇਸ਼-ਤਿਹਾਰ ਵਲ ਕੀ ਘੂਰ ਰਿਹਾ ਏਂ ?

ਆਦਮੀ – ਮੇਰਾ ਖ਼ਿਆਲ ਏ ਕਿ ਮੇਰਾ ਅੰਦਾਜ਼ਾ ਠੀਕ ਹੀ ਨਿਕਲਿਆ ਤਾਂ ਤੁਸੀਂ ਇਸ ਦੀ ਇੰਤਜ਼ਾਰ ਕਰ ਰਹੇ ਹੋ ।

ਸਾਰਜੰਟ – ਤੂੰ ਇਸ ਵਿਚੋਂ ਕੀ ਲੈਣਾ ਏਂ ?

ਆਦਮੀ – ਹਾਂ ਮੈਂ ਇਸ ਵਿਚੋਂ ਕੀ ਲੈਣਾ ਏਂ ? ਭਾਵੇਂ ਮੈਂ ਇਸ ਬੰਦੇ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਪਰ ਮੈਂ ਇਸ ਵਿਚੋਂ ਕੀ ਲੈਣਾ ਏਂ, ਮੈਨੂੰ ਚਲਣਾ ਚਾਹੀਦਾ ਏ ।

[ ਤੁਰ ਪੈਂਦਾ ਹੈ ]

ਸਾਰਜੰਟ – (ਆਪਣੇ ਆਪ ਵਿਚ) ਉਏ ਸੂਰਾ - ਮੈਂ ਤਾਂ ਇਸ ਵਿਚੋਂ ਬਹੁਤ ਕੁਝ ਲੈਣਾ ਏਂ । (ਉਤਸੁਕਤਾ ਨਾਲ) ਤੂੰ ਇਸ ਨੂੰ ਜਾਣਦਾ ਏਂ, ਉਰਾਂ ਹੋ ਕੇ ਗਲ ਸੁਣ, ਕਿਹੋ ਜਿਹਾ ਬੰਦਾ ਏ ਉਹ ?

ਆਦਮੀ – ਉਰਾਂ ਹੋ ਕੇ ਗਲ ਸੁਣਾ ? ਸਾਰਜੰਟ ਤੁਸੀਂ ਚਾਹੁੰਦੇ ਹੋ, ਮੈਂ ਆਪਣੀ ਮੌਤ ਸਹੇੜਾਂ ?

ਸਾਰਜੰਟ – ਕਿਉਂ ?

ਆਦਮੀ - ਮੇਰਾ ਕਿਹਾ ਮੁਆਫ਼, ਮੈਂ ਚਲਿਆ ਹਾਂ ਇਸ ਨਾਲੋਂ ਦਸ ਗੁਣਾਂ ਵੀ ਇਨਾਮ ਹੋਵੇ, ਮੈਂ ਕਦੀ ਇਨਾਮ ਨਾ ਲਵਾਂ ।

[ ਫਿਰ ਚਲਣ ਲਗਦਾ ਹੈ, ਸਾਰਜੰਟ ਆ ਕੇ ਉਹਦੀ ਬਾਂਹ ਫੜਦਾ ਹੈ ]

ਸਾਰਜੰਟ – ਭਲੇ ਲੋਕ ਉਰੇ ਆ, ਉਹ ਕਿਹੋ ਜਿਹਾ ਏ ? ਤੂੰ ਉਸ ਨੂੰ ਕਿਥੇ ਵੇਖਿਆ ਏ ?

ਆਦਮੀ – ਮੈਂ ਉਹਨੂੰ ਆਪਣੇ ਪਿੰਡ ਵੇਖਿਆ ਏ...ਹਾਂ ਆਪਣੇ ਪਿੰਡ ਆਪਣੀਆਂ ਇਹਨਾਂ ਅੱਖਾਂ ਨਾਲ, ਪਰ ਸੱਚੀ ਗੱਲ ਏ ਕਿ ਮੈਂ ਹਮੇਸ਼ਾਂ ਦੁਆ ਕਰਾਂਗਾ ਕਿ ਫੇਰ ਉਹਨੂੰ ਕਦੀ ਨਾ ਵੇਖਾਂ, ਇਹੋ ਜਿਹਾ ਖ਼ਤਰਨਾਕ ਆਦਮੀ ਏ ਉਹ, ਕਿਹੜਾ ਹਥਿਆਰ ਏ, ਜਿਹੜਾ ਉਹ ਨਹੀਂ ਚਲਾ ਸਕਦਾ, ਚਾਕੂ, ਤਲਵਾਰ, ਪਿਸਤੌਲ, ਬੰਦੂਕ ਉਹਦੀਆਂ ਬਾਹਵਾਂ ਵਿਚ ਫ਼ੌਲਾਦ ਵਰਗੀ ਤਾਕਤ ਏ, ਮੁੱਕੀ ਮਾਰੇ ਤਾਂ ਜਾਨ ਕੱਢ ਦੇਵੇ ।

ਸਾਰਜੰਟ – ਮੁੱਕੀ ਮਾਰੇ ਤਾਂ ਜਾਨ ਕੱਢ ਦੇਵੇ ?

ਆਦਮੀ – ਹਾਂ, ਕਢ ਦੇਵੇ ਕੀ ਕਢ ਦੇਂਦਾ ਹੈ, ਸਾਡੇ ਪਿੰਡ ਵਿਚ ਇਕ ਸਾਰਜੰਟ ਸੀ ਉਹਦੇ ਰਸਤੇ ਵਿਚ ਆਇਆ, ਬਸ ਸਾਫ਼ ।

ਸਾਰਜੰਟ – ਪਰ ਮੈਂ ਤਾਂ ਇਹੋ ਜਹੀ ਗਲ ਨਹੀਂ ਸੁਣੀ ।

ਆਦਮੀ – ਤੁਸੀਂ ਸੁਣੋਗੇ ਵੀ ਨਹੀਂ, ਇਹੋ ਜਿਹੀਆਂ ਖ਼ਬਰਾ ਕੋਈ ਅਖ਼ਬਾਰਾਂ ਵਿਚ ਥੋੜੀਆਂ ਆਉਂ-ਦੀਆਂ ਨੇ, ਨਾਲੇ ਇਹੋ ਜਿਹੀ ਗਲ ਕੋਈ ਇਕ ਵਾਰੀ ਥੋੜੀ ਹੋਈ ਏ, ਇਕ ਪਿੰਡ ਚਿੱਟੇ ਕਪੜਿਆਂ ਵਿਚ ਇਕ ਖ਼ੁਫ਼ੀਆ ਪੁਲਸ ਦਾ ਸਿਪਾਹੀ ਉਹਦੇ ਮਗਰ ਲਗਿਆ ਹੋਇਆ ਸੀ, ਗਲੀ ਦਾ ਮੋੜ ਕਟਦਿਆਂ ਕਟਦਿਆਂ ਪਤਾ ਨਹੀਂ ਉਹਨੇ ਕੀ ਕਰਾਮਾਤ ਕੀਤੀ ਕਿ ਥਾਂ ਤੇ ਹੀ ਚਿੱਤ ਹੋ ਗਿਆ, ਬਾਅਦ ਵਿਚ ਪੁਲਸ਼ ਵਾਲਿਆਂ ਨੇ ਲਾਸ਼ ਨੂੰ ਬਥੇਰਾ ਇਧਰ ਉਧਰ ਕਰਕੇ ਵੇਖਿਆ, ਕੋਈ ਜ਼ਖ਼ਮ ਨਾ ਪਰ ਬੰਦਾ ਚਿੱਤ, ਹਾਲੀ ਤਕ ਪਤਾ ਨਹੀਂ ਲਗਿਆ ਕਿ ਅਸਲ ਵਿਚ ਹੋਇਆ ਕੀ ਏ...ਹਾਂ ।

ਸਾਰਜੰਟ – ਹਾਂ...ਹਾਂ...ਇਹ ਇਲਾਕਾ ਹੀ ਇਹੋ ਜਿਹਾ ਏ ਹਰ ਕਿਸਮ ਦੇ ਖ਼ਤਰਨਾਕ ਆਦਮੀ ਇਥੇ ਖੁਲ੍ਹੇ ਫਿਰ ਰਹੇ ਨੇ ।

ਆਦਮੀ – ਹਾਂ ਜੀ, ਹੈ ਹੀ ਇਹੋ ਜਿਹਾ ਇਲਾਕਾ, ਤੁਸੀਂ ਇਥੇ ਖੜੇ ਹੋ ਇਕ ਪਾਸੇ ਦੇਖ ਰਹੇ ਹੋ, ਤੁਹਾਡਾ ਖ਼ਿਆਲ ਏ ਕਿ ਉਹ ਦਰਿਆ ਵਾਲੇ ਪਾਸੇ ਤੋਂ ਆਵੇਗਾ ਪਰ ਕੀ ਪਤਾ ਉਹ ਦੂਜੇ ਪਾਸੇ ਤੇ ਆ ਜਾਏ ਅਤੇ ਇਸ ਤੋਂ ਪਹਿਲਾਂ ਕਿ ਤੁਹਾਨੂੰ ਪਤਾ ਲਗੇ ਤੁਹਾਡਾ ਕੰਮ ਬਸ ਚਿੱਤ ਹੋ ਜਾਏ ਇਹੋ ਜਿਹਾ ਇਲਾਕਾ ਏ ਇਹ, ਅਤੇ ਇਹੋ ਜਹੇ ਬਦਮਾਸ਼ ਨੇ ਇਥੋਂ ਦੇ।

ਸਾਰਜੰਟ – ਸਰਕਾਰ ਨੂੰ ਚਾਹੀਦਾ ਏ ਕਿ ਇਹ ਇਲਾਕਾ ਫ਼ੌਜ ਦੇ ਹਵਾਲੇ ਕਰ ਦੇਵੇ, ਮੈਨੂੰ ਇਥੇ ਲਾ ਦਿਤਾ ਏ, ਮੇਰ ਕੋਲ ਆਪਣੇ ਬਚਾ ਵਾਸਤੇ ਕੀ ਏ ?

ਆਦਮੀ – ਹਾਂ ਜੀ, ਤੁਹਾਡੇ ਕੋਲ ਕੁਝ ਵੀ ਨਹੀਂ, ਪਰ ਜੇ ਤੁਸੀਂ ਚਾਹੁੰਦੇ ਹੋ ਤਾਂ ਮੈਂ ਤੁਹਾਡੇ ਕੋਲ ਠਹਿਰ ਜਾਂਦਾ ਹਾਂ ਮੈਂ ਇਸ ਪਾਸੇ ਵੇਖਾਂਗਾ, ਤੇ ਤੁਸੀਂ ਦੂਸਰੇ ਪਾਸੇ, ਅਸੀਂ ਪਿੱਠ ਨਾਲ ਪਿੱਠ ਜੋੜ ਕੇ ਵੀ ਇਸ ਡਰੱਮ ਤੇ ਬੈਠ ਸਕਦੇ ਹਾਂ।

ਸਾਰਜੰਟ – ਨਾਲੇ ਤੂੰ ਉਹਨੂੰ ਚੰਗੀ ਤਰ੍ਹਾਂ ਪਛਾਨਣਾ ਵੀ ਏਂ।

ਆਦਮੀ – ਉਹਨੂੰ ਤਾਂ ਮੈਂ ਇੰਝ ਪਛਾਣਦਾ ਹਾਂ, ਜਿਸ ਤਰ੍ਹਾਂ ਮੈਂ ਆਪਣੇ ਆਪ ਨੂੰ ਵੀ ਨਹੀਂ ਪਛਾਣਦਾ।

ਸਾਰਜੰਟ – ਪਰ ਇਕ ਗਲ ਸਾਫ਼ ਕਰ ਲੈ; ਤੂੰ ਇਨਾਮ ਵਿਚ ਆਪਣਾ ਹਿੱਸਾ ਤਾਂ ਨਹੀਂ ਮੰਗੇਂਗਾ।

ਆਦਮੀ – ਤੌਬਾ, ਤੌਬਾ, ਮੈਂ ਇਨਾਮ ਲੈ ਕੇ ਆਪਣਾ ਸਿਰ ਕਲਮ ਕਰਾਉਣਾ ਏ ਉਹ ਜਾਂ ਉਹਦੇ ਸਾਥੀ ਕਦੀ ਮੈਨੂੰ ਛੱਡਣਗੇ ? ਜੇ ਉਹਨਾਂ ਨੂੰ ਪਤਾ ਲਗ ਜਾਏ ਕਿ ਮੈਂ ਉਹਨੂੰ ਫੜਵਾਇਆ ਏ ਮੈਂ ਕੀ ਮੇਰਾ ਖ਼ਾਨਦਾਨ ਉਹ ਸਾਫ਼ ਕਰ ਦੇਣ, ਮੈਂ ਹੋਇਆ ਗਲੀ ਗਲੀ ਵਿਚ ਕਿੱਸਾ ਵੇਚਣ ਵਾਲਾ, ਮੈਂ ਕਿਹੜਾ ਚੋਰੀ ਲੁਕ ਕੇ ਬੈਠ ਸਕਦਾ ਹਾਂ...ਪਰ ਲਗਦਾ ਹੈ ਕਿ ਤੁਹਾਨੂੰ ਮੇਰੀ ਲੋੜ ਨਹੀਂ, ਇਹੋ ਜਿਹੀ ਖ਼ਤਰੇ ਵਾਲੀ ਥਾਂ ਨਾਲੋਂ ਸੜਕ ਤੇ ਰਾਤ ਗੁਜ਼ਾਰਨੀ ਚੰਗੀ।

ਸਾਰਜੰਟ – ਨਹੀਂ ਤੂੰ ਇਥੇ ਠਹਿਰ ਇਹ ਮੇਰੇ ਤੇ ਬੜਾ ਵਡਾ ਇਹਸਾਨ ਹੋਵੇਗਾ।

ਆਦਮੀ – (ਡਰੱਮ ਤੇ ਬੈਠਦਾ ਹੋਇਆ) ਅੱਛਾ ਜਿਸ ਤਰ੍ਹਾਂ; ਤੁਹਾਡੀ ਮਰਜ਼ੀ (ਉਸ ਨੂੰ ਟਹਿਲਦਿਆਂ ਵੇਖਦੇ ਹੋਏ) ਸਾਰਜੰਟ ਤੁਸੀਂ ਬੈਠ ਕਿਉਂ ਨਹੀਂ ਜਾਂਦੇ। ਇੰਝ ਟਹਿਲਦੇ ਟਹਿਲਦੇ ਤਾਂ ਤੁਸੀਂ ਥੱਕ ਜਾਵੋਗੇ।

ਸਾਰਜੰਟ – ਸਾਡੀ ਥਕਾਵਟ ਨਾਲ ਕਿਸੇ ਨੂੰ ਕੀ ? ਅਸੀਂ ਤਾਂ ਜੰਮੇ ਹੀ ਫਾਹ ਜੋਗੇ।

ਆਦਮੀ – ਨਹੀਂ ਮੇਰਾ ਮਤਲਬ ਏ ਕਿ ਇਹ ਇਸ ਇਕ ਆਦਮੀ ਨੂੰ ਫੜਨ ਲਈ ਜ਼ਰੂਰਤ ਤੋਂ ਵਧ ਮੇਹਨਤ ਕਰਨੀ ਪੈ ਰਹੀ ਏ। ਥੋੜਾ ਆਰਾਮ ਕਰ ਲਵੋ, ਵੇਖੋ ਨਾ ਇਸ ਡਰੱਮ ਤੇ ਬੜੀ ਥਾਂ ਏ ਨਾਲੇ ਤੁਸੀਂ ਜੱਦ ਉਚੇ ਹੋਵੋ ਤਾਂ ਹੋਰ ਬਹੁਤੀ ਦੂਰ ਵੇਖ ਸਕਦੇ ਹੋ।

ਸਾਰਜੰਟ – ਇਹ ਤਾਂ ਤੂੰ ਠੀਕ ਕਹਿ ਰਿਹਾ ਏਂ, ਬੰਦਾ ਤੂੰ ਸਮਝਦਾਰ ਏਂ।

[ ਸਾਰਜੰਟ ਡਰੱਮ ਤੇ ਬੈਠ ਜਾਂਦਾ ਹੈ। ]

ਆਦਮੀ – ਸਾਰਜੰਟ ਤੁਹਾਡੇ ਕੋਲ ਮਾਚਸ ਹੋਣੀ ਏਂ, ਜ਼ਰਾ ਸਿਗਰਟ ਸੁਲਗਾ ਲਈਏ। (ਦੋਵੇਂ ਸਿਗ-ਰਟ ਸੁਲਗਾਂਦੇ ਨੇ)।

ਆਦਮੀ – ਸਾਰਜੰਟ, ਧਿਆਨ ਉਸ ਪਾਸੇ ਹੀ ਰਖਣਾ, ਇਹ ਨਾ ਹੋਵੇ ਕਿ ਸ਼ਿਕਾਰ ਹੀ ਹੱਥੋਂ ਨਿਕਲ ਜਾਏ।

ਸਾਰਜੰਟ - ਤੂੰ ਇਹਦਾ ਫ਼ਿਕਰ ਨਾ ਕਰ, ਦਸ ਸਾਲ ਹੋ ਗਏ ਨੇ ਇਸ ਪੁਲਸ ਦੀ ਨੌਕਰੀ ਵਿਚ ..... ਪਰ ਇਹ ਕੰਮ ਹੈ ਬੜਾ ਕੁੱਤਾ ਨਾ ਦਿਨੇ ਚੈਨ ਨਾ ਰਾਤੀਂ ਚੈਨ, ਹਰ ਵੇਲੇ ਪਹਿਰੇ ਤੇ ਬੈਠੇ ਰਹੋ, ਕਿਸ ਲਈ ? ਲੋਕਾਂ ਨੂੰ ਕਾਨੂੰਨ ਨਾਲ ਰਖਵਾਲੀ ਦੇਣ ਲਈ ਪਰ ਅਜੀਬ ਗੱਲ ਏ ਕਿ ਉਹਨਾਂ ਹੀ ਲੋਕਾਂ ਵਲੋਂ ਸਾਨੂੰ ਹਮੇਸ਼ਾਂ ਗਾਲ੍ਹਾਂ ਦਾ ਇਨਾਮ ਮਿਲਦਾ ਏ, ਪਰ ਕੋਈ ਪੇਸ਼ ਨਹੀਂ ਜਾਂਦੀ, ਡਿਊਟੀ, ਡਿਊਟੀ ਹੀ ਏ, ਹਰ ਵੇਲੇ ਬਦਮਾਸ਼ਾਂ ਕੋਲੋਂ ਖ਼ਤਰਾ ਰਹਿੰਦਾ ਏ, ਕੋਈ ਨਹੀਂ ਸਮਝਦਾ ਕਿ ਅਸੀਂ ਵੀ ਬਾਲ ਬੱਚੇ ਵਾਲੇ ਹਾਂ।

ਆਦਮੀ – (ਲੈਅ ਵਿਚ) ਨਿਵਾਨਾਂ ਤੇ,  
ਮੈਂ ਤੁਰਿਆ ਮੈਂ ਤੁਰਿਆ।  
ਮੈਂ ਉਹਨਾਂ ਰਾਹਾਂ ਵਿਚੋਂ ਲੰਘਿਆ,  
ਕੁਦਰਤ ਜਿਥੇ ਹਸਦੀ ਸੀ।  
ਉਥੇ ਵਹਿਣ ਨਦੀ ਦਾ, ਗੀਤ ਖ਼ੁਸ਼ੀ ਦਾ,  
ਹਵਾਵਾਂ ਨੇ ਸੀ ਛੋਹਿਆ।

ਸਾਰਜੰਟ – ਇਹ ਦੋਸਤ ਤੂੰ ਕੀ ਊਟ ਪਟਾਂਗ ਬੋਲ ਰਿਹਾ ਏਂ, ਮੇਰੇ ਪੱਲੇ ਕੁਝ ਨਹੀਂ ਪਿਆ।

ਆਦਮੀ – ਸਾਰਜੰਟ, ਇਹ ਨਵੀਂ ਕਵਿਤਾ ਏ। ਪੱਲੇ ਮੇਰੇ ਵੀ ਕੁਝ ਨਹੀਂ ਪਿਆ ਮੈਂ ਤਾਂ ਸਿਰਫ਼ ਆਪਣਾ ਡਰ ਦੂਰ ਕਰਨ ਲਈ ਇਹ ਗਾ ਰਿਹਾ ਹਾਂ। ਮੇਰਾ ਦਿਲ ਧਕ ਧਕ ਕਰਨ ਲੱਗ ਪੈਂਦਾ ਏ, ਜਦੋਂ ਮੈਂ ਸੋਚਦਾ ਆਂ ਕਿ ਕਿਸੇ ਵੇਲੇ ਵੀ ਉਹ ਕਿਸੇ ਟੋਏ ਵਿਚੋਂ ਆ ਕੇ ਸਾਨੂੰ ਪੈ ਸਕਦਾ ਏ।

ਸਾਰਜੰਟ – ਤੂੰ ਪੂਰੀ ਤਰ੍ਹਾਂ ਹੁਸ਼ਿਆਰੀ ਵਰਤ ਰਿਹਾ ਏਂ ਨਾ ?

ਆਦਮੀ – ਕਿਉਂ ਨਹੀਂ ? ਪਰ ਮੈਂ ਸਭ ਕੁਝ ਕਿਸੇ ਇਨਾਮ ਦੇ ਲਾਲਚ ਲਈ ਨਹੀਂ ਕਰ ਰਿਹਾ, ਮੇਰੇ ਤੋਂ ਵਧ ਮੂਰਖ ਤੁਹਾਨੂੰ ਕੋਈ ਨਹੀਂ ਲਭੇਗਾ, ਪਰ ਮੇਰੇ ਵੀ ਕੋਈ ਵੱਸ ਨਹੀਂ, ਜਦੋਂ ਵੀ ਮੈਂ ਤੁਹਾਡੇ ਵਰਗੇ ਕਿਸੇ ਬਾਲ ਬੱਚੇਦਾਰ ਬੰਦੇ ਨੂੰ ਤਕਲੀਫ਼ ਵਿਚ ਵੇਖਦਾ ਹਾਂ ਮੇਰੇ ਕੋਲੋਂ ਰਹਿ ਨਹੀਂ ਹੁੰਦਾ, (ਇਕਦਮ ਉਛਲ ਕੇ) ਹੈਂ ਇਹ ਕੀ ? ਉਹ ਇਹ ਤਾਂ ਡੱਡੂ ਸੀ, ਮੇਰਾ ਤਾਂ ਸਾਹ ਉਤੇ ਦਾ ਉਤੇ ਹੀ ਹੋ ਗਿਆ।

ਸਾਰਜੰਟ – (ਉਹਦੇ ਮੋਢੇ ਤੇ ਥਾਪੜੀ ਦੇਂਦੇ ਹੋਏ) ਤੈਨੂੰ ਸਵਰਗ ਵਿਚ ਤੇਰੀ ਨੇਕੀ ਦਾ ਇਨਾਮ ਮਿਲੇਗਾ।

ਆਦਮੀ – ਉਹ ਤਾਂ ਮਿਲੇਗਾ ਹੀ, ਗ਼ਰੀਬ ਆਦਮੀ ਨੂੰ ਇਥੇ ਤਾਂ ਕੁਝ ਮਿਲਣਾ ਨਹੀਂ, ਉਥੇ ਤਾਂ ਮਿਲੇਗਾ ਹੀ, ਪਰ ਸਾਰਜੰਟ, ਮੈਂ ਸਮਝਦਾ ਹਾਂ ਕਿ ਮੇਰੀ ਇਹ ਵੀ ਜ਼ਿੰਦਗੀ ਕਾਫ਼ੀ ਕੀਮਤੀ ਏ।

ਸਾਰਜੰਟ – ਅੱਛਾ ਜੇਕਰ ਗਾਉਣ ਨਾਲ ਤੇਰਾ ਡਰ ਉਤਰਦਾ ਏ ਤੇ ਤੈਨੂੰ ਹੌਸਲਾ ਹੁੰਦਾ ਏ, ਫੇਰ ਤੂੰ ਗਾਵੀਂ ਜਾ।

ਆਦਮੀ – (ਗਾਉਂਦੇ ਹੋਏ) ਉਸ ਵਿਚਾਰੀ ਦਾ
ਸਿਰ ਨੰਗਾ ਸੀ,
ਤੇ ਜਕੜੇ ਸਨ ਲੋਹੇ ਦੀ ਜ਼ੰਜੀਰ ਵਿਚ।
ਉਹਦੇ ਹੱਥ ਪੈਰ,
ਪਰ ਆਜ਼ਾਦ ਸਨ ਉਹਦੇ ਗੀਤ।
ਤੇ ਹਵਾ ਚੁੰਮਦੀ ਸੀ, ਉਹਦੇ ਹੋਠ।

ਸਾਰਜੰਟ – ਨਹੀਂ ਯਾਰ, ਇਕ ਸਤਰ ਤੂੰ ਭੁਲ ਗਿਆ ਏਂ।
ਜਕੜੇ ਸਨ ਲੋਹੇ ਦੀਆਂ ਜ਼ੰਜੀਰਾਂ ਵਿਚ
ਉਹਦੇ ਹੱਥ ਪੈਰ,
ਤੇ ਉਹਦੇ ਚੋਲੀ ਸੀ ਲੀਰੋ ਲੀਰ,
ਪਰ ਆਜ਼ਾਦ ਸਨ ਉਹਦੇ ਗੀਤ,
ਤੇ ਹਵਾ ਚੁੰਮਦੀ ਸੀ ਉਹਦੇ ਹੋਠ।

ਆਦਮੀ – ਵਾਹ ਤੁਸੀਂ ਤਾਂ ਕਮਾਲ ਕਰ ਦਿਤੀ ਹੈ ਮੈਂ ਤਾਂ ਸੋਚ ਹੀ ਨਹੀਂ ਸਕਦਾ ਸਾਂ, ਕਿ ਪੁਲਸ ਵਾਲਿਆਂ ਦੇ ਇਤਨੇ ਸੂਖ਼ਮ ਜਜ਼ਬੇ ਹੋ ਸਕਦੇ ਨੇ ਕਿ ਉਹ ਕੋਈ ਕਵਿਤਾ ਯਾਦ ਰਖ ਸਕਣ।

ਸਾਰਜੰਟ – ਯਾਰਾ ਅਸੀਂ ਵੀ ਕਿਸੇ ਵੇਲੇ ਬੜੇ ਰੰਗੀਲੇ ਹੁੰਦੇ ਸਾਂ।

ਆਦਮੀ – ਉਹ ਤਾਂ ਲਗਦਾ ਹੀ ਪਿਆ ਏ, ਮੇਰਾ ਤੇ ਖ਼ਿਆਲ ਏ ਕਿ ਇਸ ਉੱਚੇ ਡਰੱਮ ਤੇ ਬੈਠੇ ਤੁਹਾਨੂੰ ਆਪਣੇ ਪਿੰਡ ਦੀਆਂ ਉਹ ਕੰਧਾਂ ਯਾਦ ਆ ਗਈਆਂ ਨੇ, ਜਿਥੇ ਬੈਠੇ ਤੁਸੀਂ ਆਪਣੀ ਮਹਿਬੂਬਾ ਲਈ ਗੀਤ ਗਾਂਦੇ ਹੋਵੋਗੇ।

ਸਾਰਜੰਟ – ਗਾਂਦੇ ਹੁੰਦੇ ਸਾਂ, ਪਰ ਹੁਣ ਉਹ ਦਿਨ ਕਿਥੇ ?

ਆਦਮੀ – ਅਜੀਬ ਦੁਨੀਆਂ ਏ, ਬੰਦਾ ਕਿਥੇ ਦਾ ਕਿਥੇ ਪੁਜ ਜਾਂਦਾ ਏ, ਸਾਰਜੰਟ, ਹੋ ਸਕਦਾ ਏ, ਕਿ ਜਿਸ ਬੰਦੇ ਦੀ ਤੁਸੀਂ ਤਲਾਸ਼ ਕਰ ਰਹੇ ਹੋ, ਉਹ ਵੀ ਕਿਸੇ ਵੇਲੇ ਕੰਧ ਤੇ ਬਠਾ ਇਵੇਂ ਹੀ ਗਾਂਦਾ ਹੋਵੇ, ਤੇ ਹੋ ਸਕਦਾ ਹੈ ਉਹਦੇ ਤੇ ਤੁਹਾਡੇ ਸ਼ੌਕ ਮਿਲਦੇ ਹੋਣ।

ਸਾਰਜੰਟ – ਹੋ ਸਕਦਾ ਏ ਦੋਸਤ ਸਭ ਕੁਝ ਹੋ ਸਕਦਾ ਏ।

ਆਦਮੀ – ਬੜੀ ਅਜੀਬ ਦੁਨੀਆਂ ਏ, ਦੇਖੋ ਸਾਰਜੰਟ ਇਹ ਵੀ ਹੋ ਸਕਦਾ ਏ ਕਿ ਜਿਸ ਬੰਦੇ ਤੇ ਤੁਸੀਂ ਅਜ ਤਲਾਸ਼ ਕਰ ਰਹੇ ਹੋ, ਉਹ ਮੁੰਡਾ ਉਹੀ ਹੋਵੇ ਜੋ ਕਿਸੇ ਵੇਲੇ ਤੁਹਾਡੇ ਨਾਲ ਹੀ ਕੰਧ ਤੇ ਬੈਠ ਕੇ ਗੀਤ ਬੋਲਦਾ ਹੋਵੇ, ਕਿਸੇ ਵੇਲੇ ਉਹ ਤੁਹਾਡਾ ਸਾਥੀ ਹੋ ਸਕਦਾ ਸੀ ਪਰ ਹੁਣ ਉਸੇ ਨੂੰ ਗਰਿਫ਼ਤਾਰ ਕਰਕੇ ਤੁਸੀਂ ਉਸ ਨੂੰ ਫ਼ਾਂਸੀ ਲਗਾਉਣਾ ਚਾਹ ਰਹੇ ਹੋਵੋਂ, ਬੜੀ ਅਜੀਬ ਦੁਨੀਆਂ ਏਂ।

ਸਾਰਜੰਟ – ਹਾਂ ਬਹੁਤ ਅਜੀਬ ਦੁਨੀਆਂ ਏ।

ਆਦਮੀ – ਸਾਹਬ ?

ਸਾਰਜੰਟ – ਹਾਂ।

ਆਦਮੀ – ਜਦੋਂ ਤੁਸੀਂ ਕੰਧ ਤੇ ਬੈਠੇ ਗੀਤ ਗਾਂਦੇ ਹੋਵੋਗੇ – ਉਦੋਂ ਤੁਸੀਂ ਜ਼ਿੰਦਗੀ ਬਾਰੇ ਵੀ ਬੜਾ ਸੋਚਿਆ ਹੋਣਾ ਏਂ।

ਸਾਰਜੰਟ – ਹਾਂ ਉਹਨਾਂ ਦਿਨਾਂ ਵਿਚ ਬੜਾ ਕੁਝ ਸੋਚਿਆ ਕਰਦਾ ਸੀ।

ਆਦਮੀ – ਤੁਸੀਂ ਕਦੀ ਗੋਹੇ ਥੱਪਦੀ ਕੁੜੀ ਨੂੰ ਵੇਖ ਕੇ ਸੋਚਿਆ ਹੋਵੇਗਾ ਕਿ ਇਹ ਕਿਉਂ ਗੰਦ ਵਿਚ ਹੱਥ ਲਬੇੜਦੀ ਹੈ – ਕਿਉਂ ਪਿੰਡ ਦੇ ਹਰ ਮੱਛਰੇ ਮੁੰਡੇ ਦੀ ਉਹਦੇ ਤੇ ਭੈੜੀ ਨਜ਼ਰ ਹੁੰਦੀ ਹੈ।

ਸਾਰਜੰਟ – ਹਾਂ ਸਮਾਜ ਦੇ ਉਸ ਅਨਿਆਂ ਬਾਰੇ ਬੜਾ ਸੋਚਿਆ ਸੀ।

ਆਦਮੀ – ਕਿਸੇ ਵਾਗੀ, ਮੁੰਡੇ ਨੂੰ ਵੇਖ ਕੇ ਸੋਚਿਆ ਹੋਣਾ ਹੈ ਕਿ ਇਹ ਬਸਤਾ ਪਕੜ ਕੇ ਕਿਉਂ ਨਹੀਂ ਪੜ੍ਹਨ ਜਾਂਦਾ।

ਸਾਰਜੰਟ – ਬੜੀਆਂ ਗੱਲਾਂ ਦਿਮਾਗ਼ ਵਿਚ ਆਉਂਦੀਆਂ ਸਨ।

ਆਦਮੀ – ਤੁਸੀਂ ਸੋਚਦੇ ਹੋਵੋਗੇ ਕਿ ਗ਼ਰੀਬਾਂ ਲਈ ਜ਼ਿੰਦਗੀ ਹਨੇਰੇ ਵਿਚ ਹੀ ਸ਼ੁਰੂ ਹੋ ਕੇ ਹਨੇਰੇ ਵਿਚ ਹੀ ਮਿਟ ਜਾਂਦੀ ਹੈ।

ਸਾਰਜੰਟ – ਏਸ ਹਨੇਰੇ ਬਾਰੇ ਬੜੀ ਵਾਰੀ ਸੋਚਦੇ ਸਾਂ।

ਆਦਮੀ – ਸਾਰਜੰਟ ਹੋ ਸਕਦਾ ਸੀ ਕਿ ਉਹੋ ਮੁੰਡਾ ਜਿਹੜਾ ਗੀਤਾਂ ਵਿਚ ਤੁਹਾਡੇ ਸਾਥੀ ਸੀ, ਇਕ ਦਿਨ ਤੁਹਾਨੂੰ ਕਹਿੰਦਾ, ਆ ਦੋਸਤ ਕੋਈ ਚਾਰਾ ਕਰੀਏ ਜਿਸ ਨਾਲ ਇਸ ਦੇਸ਼ ਵਿਚ ਅਨਿਆਂ ਅਤੇ ਜ਼ੁਲਮ ਮੁਕ ਸਕੇ ਤੇ ਇਹ ਵੀ ਹੋ ਸਕਦਾ ਸੀ ਕਿ ਤੁਸੀਂ ਹਾਂ ਕਰ ਦਿਤੀ ਹੁੰਦੀ, ਤੇ ਇਹ ਵੀ ਹੋ ਸਕਦਾ ਏ, ਕਿ ਜਿਹੜਾ ਮੁਲ ਉਸ ਬੰਦੇ ਦੇ ਸਿਰ ਦਾ ਹੈ, ਉਹੀ ਮੁਲ ਤੁਹਾਡੇ ਸਿਰ ਦਾ ਹੁੰਦਾ।

ਸਾਰਜੰਟ – ਹਾਂ ਕੀ ਪਤਾ ਕੀ ਹੋ ਜਾਂਦਾ, ਉਹਨਾਂ ਦਿਨਾਂ ਵਿਚ ਆਪਣੇ ਵਿਚ ਬੜਾ ਜੋਸ਼ ਹੁੰਦਾ ਸੀ।

ਆਦਮੀ – ਬੜੀ ਅਜੀਬ ਦੁਨੀਆਂ ਏ ਸਾਰਜੰਟ, ਕੁਝ ਪਤਾ ਨਹੀਂ ਹੁੰਦਾ ਕਿ ਕਿਸ ਨੇ ਕੀ ਬਣ ਜਾਣਾ ਏ, ਹਰ ਮਾਂ ਆਪਣੇ ਬਚਿਆਂ ਨੂੰ ਚਾਵਾਂ ਤੇ ਮਲਾਰਾਂ ਨਾਲ ਪਾਲਦੀ ਏ, ਮਾਂ ਦੀ ਗੋਦ ਵਿਚ ਹਰ ਮਨੁਖ ਦਾ ਸ਼ੁਰੂ ਇਕੋ ਹੁੰਦਾ ਹੈ, ਪਰ ਅੰਤ ਹਰ ਇਕ ਦਾ ਵੱਖ ਵੱਖ, ਇਹ ਬਹੁਤ ਅਜੀਬ ਦੁਨੀਆਂ ਏ।

ਸਾਰਜੰਟ – (ਜਿਹੜਾ ਹੁਣ ਜਜ਼ਬਾਤ ਵਿਚ ਪੂਰੀ ਤਰ੍ਹਾਂ ਵਹਿ ਗਿਆ ਏ) ਹਾਂ ਬਹੁਤ ਅਜੀਬ ਦੁਨੀਆਂ ਏ, ਬਹੁਤ ਹੀ ਅਜੀਬ ਦੁਨੀਆਂ, ਮੈਨੂੰ ਖ਼ਿਆਲ ਆ ਰਿਹਾ ਏ ਜੇਕਰ ਮੈਂ ਪੁਲਸ ਵਿਚ ਨਾ ਹੁੰਦਾ ਜੇਕਰ ਮੇਰੇ ਸਿਰ ਤੇ ਬੀਵੀ ਬੱਚੇ ਦਾ ਭਾਰ ਨਾਂ ਹੁੰਦਾ ਤਾਂ ਹੋ ਸਕਦਾ ਸੀ ਕਿ ਮੈਂ ਵੀ ਅਜ ਇਨ੍ਹਾਂ ਬਾਗੀਆਂ ਨਾਲ ਹੁੰਦਾ, ਇਸ ਤਰ੍ਹਾਂ ਮੈਂ ਵੀ ਜੇਲ੍ਹ ਤੋੜੀ ਹੁੰਦੀ ਤੇ ਹਨੇਰੇ ਵਿਚ ਕਿਧਰੇ ਲੁਕਿਆ ਹੁੰਦਾ।

ਆਦਮੀ – ਤੇ ਇਹ ਵੀ ਹੋ ਸਕਦਾ ਏ ਕਿ ਤੁਹਾਡੀ ਥਾਂ ਵਰਦੀ ਪਾ ਕੇ ਉਹ ਡਰੱਮ ਤੇ ਬੈਠਾ ਹੁੰਦਾ ਜਿਸ ਦੀ ਤੁਹਾਨੂੰ ਤਲਾਸ਼ ਏ।

ਸਾਰਜੰਟ – ਤਾਂ ਇਹ ਮੈਂ ਹੁੰਦਾ ਜਿਹੜਾ ਰੀਂਗ ਰੀਂਗ ਕੇ ਇਥੋਂ ਨਿਕਲਣਾ ਚਾਹੁੰਦਾ, ਇਹ ਉਹ ਹੁੰਦਾ ਜੋ ਮੈਨੂੰ ਪਕੜਨਾ ਚਾਹੁੰਦਾ, ਇਹ ਮੈਂ ਹੁੰਦਾ ਜਿਨ੍ਹੇ ਕਾਨੂੰਨ ਤੋੜਿਆ ਹੁੰਦਾ, ਇਹ ਉਹ ਹੁੰਦਾ ਜੋ ਕਾਨੂੰਨ ਦੀ ਰਖਵਾਲੀ ਕਰਦਾ ਹੁੰਦਾ; ਬਹੁਤ ਅਜੀਬ ਦੁਨੀਆਂ ਏ.. ਪਰ ਇਹ ਆਵਾਜ਼ ਕੀ ਏ?

ਆਦਮੀ – (ਡਰੱਮ ਤੋਂ ਛਾਲ ਮਾਰਦੇ ਹੋਏ ਤੇ ਇਧਰ ਉਧਰ ਵੇਖਦੇ ਹੋਏ) ਕੁਝ ਨਹੀਂ ਸਾਰਜੰਟ।

ਸਾਰਜੰਟ – ਮੈਨੂੰ ਇਝ ਲਗਿਆ ਏ, ਜਿਸ ਤਰ੍ਹਾਂ ਥੱਲੇ ਦਰਿਆ ਤੇ ਕੋਈ ਕਿਸ਼ਤੀ ਆਈ ਏ, ਤੇ ਇਹੋ ਕਿਸ਼ਤੀ ਹੋਣੀ ਏਂ ਜਿਹੜੀ ਉਹਦੇ ਸਾਥੀ ਉਹਦੇ ਲਈ ਲਿਆਏ ਨੇ, ਇਹੋ ਜਿਹੇ ਵੇਲੇ ਬੰਦੇ ਨੂੰ ਕਿਹੋ ਕਿਹੋ ਜਿਹੇ ਖ਼ਿਆਲ ਆਉਂਦੇ ਨੇ।

ਆਦਮੀ – ਸਾਰਜੰਟ ਮੈਂ ਸੋਚ ਰਿਹਾ ਹਾਂ, ਕਿ ਜਦੋਂ ਤੁਸੀਂ ਜਵਾਨ ਹੁੰਦੇ ਹੋਵੋਗੇ, ਤੁਹਾਡੀ ਹਮਦਰਦੀ ਜ਼ਰੂਰ ਲੋਕਾਂ ਨਾਲ ਹੁੰਦੀ ਹੋਣੀ ਏਂ, ਤੁਸੀਂ ਨਿਆਂ ਤੇ ਇਨਸਾਫ਼ ਵਾਲੇ ਪਾਸੇ ਹੁੰਦੇ ਹੋਵੋਗੇ, ਹਕੂਮਤ ਵਲ ਨਹੀਂ ਹੁੰਦੇ ਹੋਵੋਗੇ।

ਸਾਰਜੰਟ – ਹਾਂ ਕਿਸੇ ਵੇਲੇ ਮੈਂ ਵੀ ਬਹੁਤ ਸਾਰੀਆਂ ਮੂਰਖਾਂ ਵਾਲੀਆਂ ਗੱਲਾਂ ਸੋਚਿਆ ਕਰਦਾ ਸਾਂ, ਪਰ ਹੁਣ ਤਾਂ ਕਿੰਨਾਂ ਹੀ ਪਾਣੀ ਉਹਨਾਂ ਪੁਲਾਂ ਥਲਿਓਂ ਲੰਘ ਗਿਆ ਏ।

ਆਦਮੀ – ਹੋ ਸਕਦਾ ਹੈ ਸਾਰਜੰਟ ਇਸ ਪੇਟੀ ਤੇ ਵਰਦੀ ਹੁੰਦਿਆਂ ਹੋਇਆਂ ਵੀ ਕਿਸੇ ਕਿਸੇ ਵੇਲੇ ਤੁਹਾਡਾ ਅੰਦਰਲਾ ਸੱਚ ਤੁਹਾਨੂੰ ਇਹ ਕਹਿੰਦਾ ਹੋਵੇ ਕਿ ਬਾਗੀਆਂ ਦਾ ਪੱਖ ਸੱਚ ਦਾ ਪੱਖ ਏ ਤੇ ਸਰਕਾਰ ਦਾ ਪੱਖ ਝੂਠ ਦਾ ਪੱਖ ਏ।

ਸਾਰਜੰਟ – ਮੈਂ ਕਹਿ ਨਹੀਂ ਸਕਦਾ।

ਆਦਮੀ – ਹੋ ਸਕਦਾ ਏ ਕਿ ਤੁਸੀਂ ਇਸ ਵੇਲੇ ਵੀ ਇਹੀ ਸੋਚਦੇ ਹੋਵੋ ਕਿ ਉਹ ਸੱਚ ਨਹੀਂ ਜਿਸ ਦੀ ਤੁਸੀਂ ਰਖਵਾਲੀ ਪਏ ਕਰਦੇ ਹ।

ਸਾਰਜੰਟ – (ਇਕ ਦਮ ਡਰੱਮ ਤੋਂ ਉਛਲ ਕੇ) ਮੈਨੂੰ ਇਹਨਾਂ ਗੱਲਾਂ ਵਿਚ ਨਾ ਪਾ ਹੁਣ ਮੈਂ ਇਕ ਪੁਲਸ ਅਫ਼ਸਰ ਹਾਂ, ਮੇਰੀ ਹੁਣ ਡਿਊਟੀ ਏ, ਕੁਝ ਫ਼ਰਜ਼ ਨੇ, ਤੇ ਮੈਨੂੰ ਸਿਖਾਇਆ ਗਿਆ ਏ ਕਿ ਮੈਂ ਆਪਣੇ ਫ਼ਰਜ਼ ਪੂਰੇ ਕਰਾਂ...ਪਰ ਇਹ ਤਾਂ ਵਾਕਈ ਕਿਸ਼ਤੀ ਏ, ਮੈਨੂੰ ਚੱਪੂ ਚਲਾਉਣ ਦੀ ਆਵਾਜ਼ ਆ ਰਹੀ ਏ।

[ ਪੌੜੀਆਂ ਵਲ ਜਾਂਦੇ ਹੋਏ ਅਤੇ ਥੱਲੇ ਵੇਖਣ ਦੀ ਕੋਸ਼ਸ਼ ਵਿਚ। ]

ਆਦਮੀ – (ਗਾਂਦੇ ਹੋਏ) ਹੋ ਮੇਰੇ ਸਾਥੀ ਰੇ,
ਅਜ ਕਿਧਰ ਟਿਕਾਨਾ, ਅਜ ਕਿਧਰ ਹੈ ਜਾਣਾ।
ਕਿਥੇ ਪਹਿਲਾ ਟਿਕਾਨਾ।

ਸਾਰਜੰਟ – ਮੈਂ ਕਹਿੰਦਾ ਹਾਂ ਇਹ ਗਾਣਾ ਬੰਦ ਕਰ।

ਆਦਮੀ – (ਹੋਰ ਉੱਚੀ) ਹੁਣ ਦੇਹ ਇਸ਼ਾਰਾ, ਚੰਨ ਹੈ ਚੜ੍ਹਿਆ।

ਸਾਰਜੰਟ – ਇਹ ਬੰਦ ਕਰ, ਨਹੀਂ ਤਾਂ ਮੈਂ ਗੋਲੀ ਨਾਲ ਉਡਾ ਦਿਆਂਗਾ।

[ ਥੱਲੇ ਸੀਟੀ ਵੱਜਦੀ ਹੈ। ]

ਸਾਰਜੰਟ – ਹਾਂ ਇਹ ਸੀਟੀ ਇਸ਼ਾਰਾ ਹੀ ਏ, ਹੁਣ ਦੇ ਇਸ਼ਾਰਾ, ਚੰਨ ਹੈ ਚੜ੍ਹਿਆ ਤੂੰ ਇਥੋਂ ਨਹੀਂ ਲੰਘ ਸਕਦਾ, ਪਿਛੇ ਹੋ ਜਾ, ਸੱਚ ਸੱਚ ਦਸ ਤੂੰ ਕੌਣ ਏਂ? ਇਹ ਸਾਫ਼ ਏ ਕਿ ਤੂੰ ਕਿੱਸੇ ਗਾਉਣ ਵਾਲਾ ਨਹੀਂ।

ਆਦਮੀ – ਸਾਰਜੰਟ, ਇਹ ਪੁਛਣ ਦੀ ਕੀ ਲੋੜ ਏ ਕਿ ਮੈਂ ਕੌਣ ਹਾਂ? ਇਹ ਇਸ਼ਤਿਹਾਰ ਸਭ ਕੁਝ ਦਸ ਦੇਵੇਗਾ, ਕਾਲੇ ਕਾਲੇ ਵਾਲ, ਕਾਲੀਆਂ ਕਾਲੀਆਂ ਅੱਖਾਂ, ਕੱਦ ਪੰਜ ਫੁਟ ਛੇ ਇੰਚ।

ਸਾਰਜੰਟ – ਤਾਂ ਤੂੰ ਹੀ ਏਂ ਉਹ?

ਆਦਮੀ – (ਆਪਣਾ ਹੈਟ ਉਤਾਰਦੇ ਹੋਏ) ਹਾਂ ਮੈਂ ਹੀ ਉਹ ਹਾਂ, ਪੰਜ ਹਜ਼ਾਰ ਮੇਰੇ ਸਿਰ ਦਾ ਮੁਲ ਏ, ਥੱਲੇ ਮੇਰੇ ਸਾਥੀ ਕਿਸ਼ਤੀ ਲੈ ਕੇ ਆਏ ਹਨ।

ਸਾਰਜੰਟ – ਅਜੀਬ ਗੱਲ ਏ ਕਿ ਮੈਨੂੰ ਪਤਾ ਹੀ ਨਹੀਂ ਲੱਗਾ, ਕਦੀ ਕਦੀ ਮੈਂ ਸੋਚਦਾ ਹੁੰਦਾ ਸਾਂ ਕਿ ਮੈਂ ਮੂਰਖ ਹਾਂ, ਪਰ ਹੁਣ ਮੈਨੂੰ ਪਤਾ ਲੱਗ ਗਿਆ ਏ ਕਿ ਮੈਂ ਵਾਕਈ ਮੂਰਖ ਹਾਂ।

ਆਦਮੀ – ਮੈਂ ਲੋਕਾਂ ਦਾ ਆਦਮੀ ਹਾਂ ਸਾਰਜੰਟ, ਮੇਰੇ ਸਿਰ ਦਾ ਪੰਜ ਹਜ਼ਾਰ ਮੁਲ ਏ।

ਸਾਰਜੰਟ – ਤੂੰ ਵਾਕਈ ਬਹੁਤ ਹੁਸ਼ਿਆਰ ਏਂ।

ਆਦਮੀ – ਕੀ ਤੁਸੀਂ ਮੈਨੂੰ ਲੰਘਣ ਦੇਵੋਗੇ ਕਿ ਮੈਂ ਆਪ ਲੰਘਣ ਦਾ ਉਪਰਾਲਾ ਕਰਾਂ।

ਸਾਰਜੰਟ – ਤੈਨੂੰ ਪਤਾ ਏ ਕਿ ਮੈਂ ਪੁਲਸ ਦਾ ਆਦਮੀ ਹਾਂ, ਕਾਨੂੰਨ ਦੀ ਰਾਖੀ ਕਰਨਾ ਅਤੇ ਸਰਕਾਰ ਦੇ ਬਾਗੀਆਂ ਨੂੰ ਫੜਨਾ ਮੇਰਾ ਫ਼ਰਜ਼ ਏ।

ਆਦਮੀ – ਮੇਰਾ ਖ਼ਿਆਲ ਸੀ ਕਿ ਤੁਸੀਂ ਜ਼ਬਾਨੀ ਸਾਰੀ ਗੱਲ ਸਮਝ ਜਾਵੋਗੇ ਪਰ ਲੱਗਦਾ ਏ ਮੈਨੂੰ ਆਪਣੀ ਦੂਸਰੀ ਵਿਦਿਆ ਵਰਤਣੀ ਪਵੇਗੀ। (ਛਾਤੀ ਵਾਲੇ ਬੋਝੇ ਵਿਚ ਹਥ ਪਾਉਂਦਾ ਏ ਫੇਰ ਇਕ ਦਮ ਚੁਕੰਨਾ ਹੋ ਕੇ) ਇਹ ਆਵਾਜ਼ ਕਾਹਦੀ ਏ, ਇਹ ਕੌਣ ਲੋਕ ਆ ਰਹੇ ਨੇ?

ਸਾਰਜੰਟ – ਇਹ ਮੇਰੇ ਸਾਥੀ ਨੇ ਇਧਰ ਆ ਰਹੇ ਨੇ।

ਆਦਮੀ – (ਡਰੱਮ ਦੇ ਪਿਛੇ ਛੁਪਦੇ ਹੋਏ) ਮੇਰਾ ਖ਼ਿਆਲ ਏ ਤੁਸੀਂ ਮੇਰੇ ਨਾਲ ਗ਼ੱਦਾਰੀ ਨਹੀਂ ਕਰੋਗੇ, ਯਾਦ ਰਖਣਾ ਮੈਂ ਹੱਕ ਅਤੇ ਨਿਆਂ ਲਈ ਲੜ ਰਿਹਾ ਹਾਂ।

ਸਿਪਾਹੀਆਂ ਦੀਆਂ ਆਵਾਜ਼ਾਂ - ਇਥੇ ਹੀ ਅਸੀਂ ਪਹਿਲਾ ਇਸ਼ਤਿਹਾਰ ਲਗਾਇਆ ਸੀ।

ਸਿਪਾਹੀ1 - (ਸਟੇਜ ਤੇ ਆਉਂਦੇ ਹੋਏ) ਅਸੀਂ ਭਾਵੇਂ ਸੌ ਇਸ਼ਤਿਹਾਰ ਲਗਾਈਏ ਉਸ ਨੇ ਜੇਕਰ ਫ਼ਰਾਰ ਹੋਣਾ ਹੈ ਤਾਂ ਉਹ ਹੋ ਹੀ ਜਾਏਗਾ।

ਸਿਪਾਹੀ2 - ਜਨਾਬ ਇਧਰ ਕੋਈ ਆਇਆ ਤਾਂ ਨਹੀਂ।

ਸਾਰਜੰਟ – ਨਹੀਂ ਕੋਈ ਨਹੀਂ।

ਸਿਪਾਹੀ1 – ਕੋਈ ਵੀ ਨਹੀਂ ਆਇਆ?

ਸਾਰਜੰਟ – ਨਹੀਂ ਕੋਈ ਵੀ ਨਹੀਂ ਆਇਆ।

ਸਿਪਾਹੀ2 – ਜਨਾਬ, ਸਾਡਾ ਇਸ਼ਤਿਹਾਰਾਂ ਦਾ ਕੰਮ ਖ਼ਤਮ ਹੋ ਗਿਆ ਏ ਤੇ ਕਪਤਾਨ ਸਾਹਿਬ ਦੇ ਕਹਿਣ ਅਨੁਸਾਰ ਅਸੀਂ ਚੌਂਕੀ ਵਾਪਸ ਜਾ ਸਕਦੇ ਹਾਂ, ਭਾਵੇਂ ਸਾਡਾ ਜਾਣਾ ਜ਼ਰੂਰੀ ਵੀ ਨਹੀਂ, ਜੇਕਰ ਹੁਕਮ ਕਰੋ ਤਾਂ ਅਸੀਂ ਤੁਹਾਡੇ ਕੋਲ ਠਹਿਰ ਸਕਦੇ ਹਾਂ।

ਸਾਰਜੰਟ – ਨਹੀਂ ਐਸੀ ਤਾਂ ਕੋਈ ਲੋੜ ਨਹੀਂ, ਇਥੇ ਤੁਸੀਂ ਕੀ ਕਰਨਾ ਏਂ?

ਸਿਪਾਹੀ1 – ਤੁਸੀਂ ਵਾਪਸ ਆਉਣ ਲਈ ਕਿਹਾ ਸੀ, ਇਸ ਕਰਕੇ ਵਾਪਸ ਆ ਗਏ ਹਾਂ, ਨਹੀਂ ਤਾਂ

ਅਸੀਂ ਉਧਰੋਂ ਹੀ ਵਾਪਸ ਚਲੇ ਜਾਣਾ ਸੀ।

ਸਾਰਜੰਟ – ਹਾਂ ਮੈਂ ਕਿਹਾ ਤੇ ਸੀ, ਪਰ ਜੇਕਰ ਅਸੀਂ ਇਥੇ ਬਹੁਤੇ ਜਣੇ ਹੋਵਾਂਗੇ, ਤਾਂ ਸਾਡੀ ਗੱਲ ਬਾਤ ਦੀ ਆਵਾਜ਼ ਨਾਲ ਹੋ ਸਕਦਾ ਹੈ ਕਿ ਆਉਣ ਵਾਲਾ ਨਾ ਆਵੇ।

ਸਿਪਾਹੀ2 – (ਇਕ ਪਾਸੇ ਮੂੰਹ ਕਰਕੇ ਹੌਲੀ ਜਿਹੇ) ਸਾਲਾ ਚਾਹੁੰਦਾ ਏ ਕਿ ਇਨਾਮ ਸਾਰਾ ਉਸ ਨੂੰ ਇਕੱਲੇ ਹੀ ਮਿਲੇ (ਉੱਚੀ) ਅੱਛਾ ਜਨਾਬ ਅਸੀਂ ਚਲਦੇ ਹਾਂ, ਇਹ ਲਾਲਟੈਣ ਤੁਹਾਡੇ ਲਈ ਛੱਡ ਜਾਂਦੇ ਹਾਂ।

ਸਾਰਜੰਟ – ਨਹੀਂ ਨਹੀਂ, ਇਸ ਨੂੰ ਨਾਲ ਹੀ ਲੈ ਜਾਓ, ਮੈਨੂੰ ਇਸ ਦੀ ਲੋੜ ਨਹੀਂ।

ਸਿਪਾਹੀ – ਸ਼ਾਇਦ ਤੁਹਾਨੂੰ ਲੋੜ ਪੈ ਹੀ ਜਾਏ, ਬੱਦਲ ਬੜੇ ਗਾੜ੍ਹੇ ਆ ਰਹੇ ਨੇ, ਅਤੇ ਰਾਤ ਵੀ ਬੜੀ ਕਾਲੀ ਏ, ਮੈਂ ਇਹ ਇਥੇ ਡਰੱਮ ਤੇ ਰਖ ਦੇਂਦਾ ਹਾਂ। (ਡਰੱਮ ਵਲ ਵਧਣ ਲਗਦਾ ਏ)।

ਸਾਰਜੰਟ – (ਘਬਰਾ ਕੇ) ਮੈਂ ਜੋ ਤੈਨੂੰ ਕਿਹਾ ਹੈ ਕਿ ਲੋੜ ਨਹੀਂ ਹੁਣ ਚਲਦਾ ਬਣ, ਗੱਲਾਂ ਕਰਨ ਦਾ ਸਮਾਂ ਨਹੀਂ।

ਸਿਪਾਹੀ1 – ਸਾਡਾ ਖ਼ਿਆਲ ਸੀ ਕਿ ਇਹ ਤੁਹਾਡੇ ਕੰਮ ਆਏਗੀ, ਲਾਲਟੈਣ ਕੋਲ ਹੋਵੇ ਤਾਂ ਹਨੇਰੇ ਵਿਚ ਡਰ ਨਹੀਂ ਲਗਦਾ, ਇਸ ਨੂੰ ਜਿਸ ਪਾਸੇ ਮਰਜ਼ੀ ਕਰ ਲਵੋ ਉਸ ਪਾਸੇ ਚਾਨਣ ਹੋ ਜਾਂਦਾ ਹੈ, ਹਨੇਰੇ ਵਿਚ ਲਾਲਟੈਣ ਦਾ ਹੋਣਾ ਬੜਾ ਜ਼ਰੂਰੀ ਏ।

ਸਾਰਜੰਟ – (ਗੁਸੇ ਨਾਲ) ਤੁਸੀਂ ਦੋਨੋਂ ਇਥੋਂ ਦਫ਼ਾ ਹੋ ਜਾਓ ਅਤੇ ਨਾਲ ਲਗਦੀ ਇਹ ਆਪਣੀ ਲਾਲਟੈਣ ਵੀ ਲੈ ਜਾਓ।

[ ਦੋਵੇਂ ਲਾਲਟੈਣ ਲਈ ਬੁੜ ਬੁੜ ਕਰਦੇ ਚਲੇ ਜਾਂਦੇ ਹਨ (ਪਾਸੇ ਜਾ ਕੇ) 'ਸਾਲੇ ਦੇ ਦਿਮਾਗ਼ ਵਿਚ ਇਨਾਮ ਚੜ੍ਹ ਗਿਆ ਏ, ਪਤਾ ਉਸ ਵੇਲੇ ਲਗਣਾ ਏਂ ਜਦ ਗੋਲੀ ਦਿਮਾਗ਼ ਵਿਚ ਲੰਘ ਗਈ' (ਆਦਮੀ ਡਰੱਮ ਦੇ ਪਿਛੋਂ ਨਿਕਲਦਾ ਏ)। ]

ਸਾਰਜੰਟ – ਹੁਣ ਤੂੰ ਜਾਂਦਾ ਕਿਉਂ ਨਹੀਂ ?

ਆਦਮੀ – ਮੇਰੀ ਟੋਪੀ – ਤੁਸੀਂ ਨਹੀਂ ਚਾਹੋਗੇ ਕਿ ਮੇਰੇ ਵਰਗਾ ਗ਼ਰੀਬ ਆਦਮੀ ਟੋਪੀ ਤੋਂ ਬਗ਼ੈਰ ਥੱਲੇ ਠੰਡ ਨਾਲ ਮਰ ਜਾਏ।

[ ਸਾਰਜੰਟ ਉਸ ਦੀ ਟੋਪੀ ਦੇਂਦਾ ਹੈ ਅਤੇ ਦੋਵੇਂ ਇਕ ਦੂਜੇ ਵਲ ਵੇਖਦੇ ਹਨ, ਅਤੇ ਹੱਥ ਮਿਲਾਉਂਦੇ ਹਨ। ਆਪਣੇ ਆਪਣੇ ਪਾਸੇ ਚਲਦੇ ਹਨ, ਪਰ ਧੌਣਾਂ ਉਹ ਮੋੜ ਕੇ ਇਕ ਦੂਜੇ ਨਾਲ ਨਜ਼ਰ ਮਿਲਾਈ ਰਖਦੇ ਹਨ। ਕੁਝ ਫ਼ਾਸਲੇ ਤੇ ਜਾ ਕੇ ਉਹ ਆਪਣੇ ਜਜ਼ਬਾਤ ਉਤੇ ਕਾਬੂ ਨਹੀਂ ਪਾ ਸਕਦੇ ਅਤੇ ਧਾ ਕੇ ਇਕ ਦੂਜੇ ਨੂੰ ਗਲ-ਵਕੜੀ ਪਾਉਂਦੇ ਹਨ ਜਦੋਂ ਹੌਲੀ-ਹੌਲੀ ਪਰਦਾ ਹੁੰਦਾ ਹੈ। ]

□ ਪੰਜਾਬੀ ਰੂਪ – ਗੁਰਸ਼ਰਨ ਸਿੰਘ

---


# ਜਦੋਂ ਖੇਤ ਜਾਗੇ

ਕ੍ਰਿਸ਼ਨ ਚੰਦਰ ਦਾ ਨਾਵਲ – ਮੁਲ 3.00

ਸ਼ਹੀਦ ਭਗਤ ਸਿੰਘ ਦਾ ਫਾਂਸੀ ਦੇ ਤਖ਼ਤੇ 'ਤੋਂ ਲਿਖਿਆ ਲੇਖ

# ਮੈਂ ਨਾਸਤਕ ਕਿਉਂ ?

ਮੁਲ : 1 ਰੁਪਿਆ

ਬ ਲ ਰਾ ਜ ਸਾ ਹ ਨੀ ਯਾ ਦ ਗਾ ਰ ਪ੍ਰ ਕਾ ਸ਼ ਨ

**ਬ ਲੋ ਰ**

□ ਮਾਰਕ ਜਿਊਰਗੇਨਸਮੇਅਰ

□ ਡਾ. ਨਿਰਮਲ ਸਿੰਘ

□ ਵੀ. ਆਰ. ਤਾਰਕੁੰਡੇ

## ਪੰਜਾਬ ਦੇ ਹਰੀਜਨ

[ਮਾਰਕ ਜਿਊਰਗੇਨਸਮੇਅਰ ਨੇ ਪੰਜਾਬ ਦੇ ਹਰੀਜਨਾਂ ਬਾਰੇ ਇਕ ਅਧਿਅਨ ਕੀਤਾ ਸੀ, ਜੋ ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਦੇ 1979 ਦੇ ਸਾਲਾਨਾ ਅੰਕ ਵਿੱਚ ਪ੍ਰਕਾਸ਼ਿਤ ਹੋਇਆ ਸੀ। ਹੇਠਾਂ ਅਸੀਂ ਉਸੇ ਅਧਿਅਨ ਦਾ ਸੁਧਾ ਉਪਾਧਿਆਏ ਵਲੋਂ ਕੀਤਾ ਸੰਖੇਪ ਰੂਪ ਸਮਤਾ ਦੇ ਪਾਠਕਾਂ ਲਈ ਦੇ ਰਹੇ ਹਾਂ। ਇਸ ਨਾਲ ਪੰਜਾਬ ਦੇ ਪਿੰਡਾਂ ਵਿਚ ਵਸਦੇ ਹਰੀਜਨਾਂ ਦੀ ਸਮੱਸਿਆ ਸੰਬੰਧੀ ਕਈ ਨੁਕਤੇ ਉਭਰਦੇ ਹਨ, ਜੋ ਸਮਾਜਿਕ ਯਥਾਰਥ ਨੂੰ ਸਮਝਣ ਲਈ ਅਹਿਮ ਹਨ।]

ਪਿੰਡ ਪੰਜਾਬ ਦੀ ਰਾਜਸਥਾਨ ਨਾਲ ਲਗਦੀ ਸਰਹੱਦ ਤੇ ਹੈ। ਪਿੰਡਾਂ ਦਾ ਨਾਂ ਦੱਸਣ ਦੀ ਬਹੁਤੀ ਲੋੜ ਨਹੀਂ, ਪਰ ਇਥੇ ਬੀਮਲਾ ਨਾਂ ਨਾਲ ਕੰਮ ਚਲਾ ਸਕਦੇ ਹਾਂ। ਇਸ ਦੀ ਵਸੋਂ ਕੋਈ ਦੋ ਕੁ ਹਜ਼ਾਰ ਹੈ ਜਿਸ ਦਾ ਚੌਥਾ ਹਿਸਾ ਚੂਹੜੇ-ਚਮਿਆਰ ਕਹਿਲਾਉਣ ਵਾਲੀ ਅਨੁਸੂਚਿਤ ਜਾਂ ਪਛੜੀ ਜ਼ਾਤੀ ਦੇ ਲੋਕਾਂ ਦਾ ਹੈ। ਇਹ ਸਾਰੇ ਪਿੰਡੋਂ ਬਾਹਰ ਇਕੱਠੇ ਰਹਿੰਦੇ ਹਨ। ਪਿੰਡ ਵਿਚ ਰਹਿਣ ਵਾਲਿਆਂ ਲਈ, ਇਹ ਦੋਵੇਂ ਨੀਵੀਆਂ ਜ਼ਾਤੀਆਂ ਹਨ, ਪਰ ਇਹਨਾਂ 'ਚੋਂ ਇਕ ਬਹੁਤੀ ਨੀਵੀਂ ਹੈ ਤੇ ਦੂਜੀ ਕੁਝ ਘੱਟ। ਬਹੁਤੀ ਨੀਵੀਂ ਜ਼ਾਤੀ ਮਜ਼ਬੀ ਕਹਾਉਂਦੀ ਹੈ। ਮਜ਼ਬੀ ਦਾ ਅਰਥ ਹੈ ਧਾਰਮਿਕ। ਇਹ ਨਾਂ ਇਹਨਾਂ ਨੂੰ ਸਿਖਾਂ ਨੇ ਦਿਤਾ ਹੈ ਸ਼ਾਇਦ ਸਿਖ ਧਰਮ ਦੇ ਪ੍ਰਤੀ ਇਹਨਾਂ ਦੀ ਸ਼ਰਧਾ-ਭਗਤੀ ਵੇਖ ਕੇ। ਵੈਸੇ ਇਹ ਚੂਹੜੇ ਕਹਾਉਂਦੇ ਹਨ। ਕੁਝ ਘਟ ਨੀਵੇਂ ਸਮਝੇ ਜਾਣ ਵਾਲੇ ਚਮਿਆਰ ਕਹਾਉਂਦੇ ਹਨ। ਇਸ ਜਾਤ ਦੇ ਲੋਕ ਆਮ ਤੌਰ ਤੇ ਚਮੜੇ ਦਾ ਕੰਮ ਕਰਦੇ ਹਨ ਤੇ ਪੰਜਾਬ ਦੀ ਸਭ ਤੋਂ ਵੱਡੀ ਅਨੁਸੂਚਿਤ ਜਾਤੀ ਹੈ। ਇਸ ਪਿੰਡ ਵਿਚ ਇਹਨਾਂ ਨੂੰ 'ਰੈਦਾਸੀਆਂ ਜਾਂ ਰਾਮਦਾਸੀਆ' ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਲੋਕ 16 ਵੀਂ ਸਦੀ ਦੇ ਸੰਤ ਰਵੀਦਾਸ ਨਾਲ ਆਪਣਾ ਸੰਬੰਧ ਜੋੜਦੇ ਹਨ।

ਪਰੰਪਰਾ ਅਨੁਸਾਰ ਇਹਨਾਂ ਦੋਨਾਂ ਜਾਤਾਂ ਦੇ ਪੇਸ਼ੇ ਭਾਵੇਂ ਕੁਝ ਵੀ ਕਿਉਂ ਨਾਂ ਹੋਣ, ਪਰ ਬੀਮਲਾ ਵਿਚ ਦੋਨਾਂ ਦਾ ਪੇਸ਼ਾ ਇਕੋ ਹੀ ਹੈ; ਦੋਵੇਂ ਬੇ-ਜ਼ਮੀਨੇ ਖੇਤ ਮਜ਼ਦੂਰ ਹਨ। ਪੰਜਾਬ ਦੇ ਅੰਦਰਲੇ ਇਲਾਕਿਆਂ'ਚ ਖੇਤ ਜਾਂ ਫਾਰਮ ਛੋਟੇ ਹਨ, ਪਰ ਬੀਮਲਾ ਦੇ ਨੇੜੇ ਤੇੜੇ ਸਿੰਜਾਈ ਦੀਆਂ ਸਹੂਲਤਾਂ ਕਰਕੇ ਕਾਫੀ ਵਡੀਆਂ ਜ਼ਮੀਨਾਂ ਹਨ। ਇਸ ਲਈ ਇਥੇ ਮਜ਼ਦੂਰਾਂ ਦੀ ਵੀ ਵੱਧ ਲੋੜ ਹੈ। ਦਿਹਾੜੀ ਤੇ ਮਜ਼ਦੂਰੀ ਕਰਨ ਵਾਲੇ ਖੇਤ ਮਜ਼ਦੂਰ ਆਮ ਤੌਰ ਤੇ ਫ਼ਸਲ ਦੇ ਦਿਨਾਂ ਵਿਚ ਹੀ ਕੰਮ ਕਰਦੇ ਹਨ ਤੇ ਇਹ ਇਕ ਜ਼ਮੀਨ ਦੇ ਮਾਲਕ ਤੋਂ ਦੂਜੇ ਕੋਲ

ਮਜ਼ਦੂਰੀ ਕਰਦੇ ਫਿਰਦੇ ਹਨ । ਪਰ ਕੁਝ ਸਥਾਈ ਮਜ਼ਦੂਰ ਵੀ ਹਨ ਜਿਹੜੇ ਇਥੋਂ ਦੇ ਸਭ ਤੋਂ ਧਨੀ ਜ਼ਮੀਨ ਮਾਲਕਾਂ ਦੇ ਪਰਿਵਾਰਾਂ ਨਾਲ ਜੁੜੇ ਹਨ । ਸਥਾਈ ਖੇਤ-ਮਜ਼ਦੂਰਾਂ ਦੀ ਜ਼ਿੰਦਗੀ ਇਥੇ ਬਹੁਤ ਜ਼ਿਆਦਾ ਹੀ ਔਖੀ ਹੈ । ਉਹਨਾਂ ਨੂੰ ਖੇਤ ਦਾ ਤਾਂ ਸਾਰਾ ਕੰਮ ਕਰਨਾ ਹੀ ਪੈਂਦਾ ਹੈ, ਮਾਲਕ ਦੇ ਘਰ ਦੇ ਬਾਹਰ ਦੇ ਕੰਮ ਵੀ ਕਰਨੇ ਪੈਂਦੇ ਹਨ । ਕੰਮ 'ਚ ਨਾ ਦਿਨ ਵੇਖਿਆ ਜਾਂਦਾ ਹੈ ਨਾ ਰਾਤ ।

ਜ਼ਮੀਨ ਦੇ ਮਾਲਕ ਜੱਟ ਸਿਖ ਹਨ । ਬੀਮਲਾ ਦੇ ਇਹ ਮਾਲਕ ਐਨੇ ਅਮੀਰ ਤੇ ਤਾਕਤਵਰ ਹਨ, ਜਿੰਨੇ ਪੰਜਾਬ ਦੇ ਹੋਰਨਾਂ ਜੱਟਾਂ ਵਿਚ ਸ਼ਾਇਦ ਹੀ ਹੋਣ । ਜਦ ਇਹ ਇਕ ਦੂਜੇ ਨਾਲ ਲੜਦੇ ਹਨ ਤਾਂ ਆਪਣੇ ਖੇਤ ਮਜ਼ਦੂਰਾਂ ਦੀ ਫੌਜ ਬਣਾ ਲੈਂਦੇ ਹਨ । ਜਿਹਨਾਂ ਦਾ ਕੰਮ ਹੁੰਦਾ ਹੈ, ਆਪਣੇ ਮਾਲਕ ਦੀ ਰੱਖਿਆ ਤੇ ਵਿਰੋਧੀ ਦੇ ਖਿਲਾਫ਼ ਝੱਖੜ । ਪਰ ਇਹਨਾਂ ਲੜਾਈਆਂ ਵਿਚ ਜ਼ਮੀਨ ਦੇ ਮਾਲਕ ਨਹੀਂ ਸਗੋਂ ਖੇਤ-ਮਜ਼ਦੂਰ ਹੀ ਮਾਰੇ ਜਾਂਦੇ ਜਾਂ ਜ਼ਖਮੀ ਹੁੰਦੇ ਹਨ । ਹੈਰਾਨੀ ਦੀ ਗਲ ਇਹ ਹੈ ਕਿ ਇਹ ਵਿਰੋਧੀ ਮਾਲਕਾਂ ਵਲੋਂ ਲੜਨ ਦੇ ਬਾਵਜੂਦ ਵੀ ਆਪਸ ਵਿਚ ਰਲ-ਮਿਲ ਕੇ ਰਹਿੰਦੇ ਹਨ ।

ਦਰਅਸਲ ਕਾਰਣ ਇਹ ਹੈ ਕਿ ਇਥੋਂ ਦੇ ਜ਼ਮੀਨ ਤੇ ਮਾਲਕ ਬਹੁਤ ਹੀ ਸ਼ਕਤੀਸ਼ਾਲੀ ਹਨ ਤੇ ਪਛੜੀਆਂ ਜਾਤਾਂ ਦੇ ਬੇਜ਼ਮੀਨੇ ਖੇਤ-ਮਜ਼ਦੂਰਾਂ ਤੇ ਮਨਮਾਨੇ ਅਤਿਆਚਾਰ ਕਰ ਸਕਦੇ ਹਨ, ਜਿਹਨਾਂ ਦਾ ਵਿਰੋਧ ਕਰਨਾ ਕਦੀਂ ਕਦੀਂ ਲਾਜ਼ਮੀ ਹੋ ਜਾਂਦਾ ਹੈ । ਖਾਸ ਤੌਰ ਤੇ ਔਰਤਾਂ ਤੇ ਹੋਣ ਵਾਲੇ ਅਤਿਆਚਾਰਾਂ ਦੇ ਸੰਦਰਭ ਵਿਚ, ਕਿਉਂਕਿ ਇਥੋਂ ਦੀਆਂ ਇਸ ਜ਼ਾਤ ਦੀਆਂ ਔਰਤਾਂ ਦੀ ਹਾਲਤ ਮਾੜੀ ਹੈ । ਇਕ ਜ਼ਮੀਨ ਦੇ ਮਾਲਕ ਦਾ ਸਭ ਤੋਂ ਨਿੱਕਾ ਭਰਾ ਘਮੰਡ ਨਾਲ ਇਹ ਦਾਅਵਾ ਕਰਦਾ ਹੈ ਕਿ ਉਸ ਨੇ ਆਪਣੇ ਪਿਤਾ ਕੋਲ ਕੰਮ ਕਰਨ ਵਾਲੇ ਖੇਤ-ਮਜ਼ਦੂਰ ਕੁੜੀਆਂ 'ਚੋਂ ਇਕ ਵੀ ਕੁਆਰੀ ਨਹੀਂ ਛੱਡੀ । ਦਮਨ ਕਿਉਂਕਿ ਬਹੁਤ ਹੈ ਇਸ ਲਈ ਔਰਤਾਂ ਇਸ ਤਰ੍ਹਾਂ ਦੇ ਅਤਿਆਚਾਰ ਦਾ ਵਿਰੋਧ ਨਹੀਂ ਕਰ ਸਕਦੀਆਂ ਤੇ ਇਸ ਦੇ ਬਦਲੇ ਦਸ-ਵੀਹ ਰੁਪਏ ਲੈ ਕੇ ਚੁੱਪ ਰਹਿ ਜਾਣਾ ਠੀਕ ਸਮਝਦੀਆਂ ਹਨ । ਕੁਝ ਚਿਰ ਪਹਿਲਾਂ ਮਜ਼੍ਹਬੀਆਂ ਨੇ ਆਪਣੀਆਂ ਔਰਤਾਂ ਤੇ ਬੁਰੀ ਨਜ਼ਰ ਰੱਖਣ ਵਾਲੇ ਇਕ ਮਾਲਕ ਦਾ ਘਿਰਾਉ ਕੀਤਾ, ਪਰ ਬਾਅਦ ਵਿਚ ਸਾਰਿਆਂ ਜ਼ਮੀਨ ਮਾਲਕਾਂ ਨੇ ਰਲ ਕੇ ਉਹਨਾਂ ਨੂੰ ਤੌਣੀ ਚੜ੍ਹਾਈ ਤੇ ਉਹਨਾਂ ਦੇ ਵਿਰੋਧ ਨੂੰ ਕੁਚਲ ਦਿਤਾ । ਸਥਾਈ ਮਜ਼ਦੂਰਾਂ ਦੇ ਨਾਲ ਹੀ ਨਹੀਂ, ਦਿਹਾੜੀਦਾਰ ਅਸਥਾਈ ਮਜ਼ਦੂਰਾਂ ਨਾਲ ਵੀ ਅਜਿਹਾ ਭੈੜਾ ਸਲੂਕ ਹੁੰਦਾ ਹੈ, ਪਰ ਕੁਝ ਘੱਟ । ਕਿਉਂਕਿ ਉਹ ਪਿੰਡ ਛੱਡ ਕੇ ਕਿਤੇ ਹੋਰ ਚਲੇ ਜਾਣ ਲਈ ਵੱਧ ਸੁਤੰਤਰ ਹਨ ।

ਬੀਮਲਾ ਪਿੰਡ ਦੀ ਸਮਾਜਿਕ ਬਣਤਰ (ਸਰੰਚਨਾ) ਸਿੱਧੀ ਜਿਹੀ ਹੈ । ਥੋੜੇ ਜਿਹੇ ਆਪਸ 'ਚ ਲੜਨ ਵਾਲੇ ਜ਼ਮੀਨ ਮਾਲਕ । ਵੱਡੀ ਗਿਣਤੀ ਵਿਚ ਮੱਧ ਵਰਗ ਤੇ ਮਝੌਲੀ ਜਾਤਾਂ ਦੇ ਨਿੱਕੇ ਕਿਸਾਨ ਤੇ ਕਾਰੀਗਰ । ਬਾਕੀ ਅਨੁਸੂਚਿਤ ਜਾਤੀਆਂ ਦੇ ਖੇਤ-ਮਜ਼ਦੂਰ । ਸਕੂਲ ਹੈ, ਪਰ ਉਸ 'ਚ ਬਹੁਤ ਘੱਟ ਬੱਚੇ ਪੜ੍ਹਦੇ ਹਨ । ਅਨੁਸੂਚਿਤ ਜਾਤਾਂ ਦਾ ਇਕ ਵੀ ਬਚਾ ਨਹੀਂ ਪੜ੍ਹਦਾ । ਰਾਜਨੀਤੀ ਸਿਰਫ਼ ਜ਼ਮੀਨ-ਮਾਲਕਾਂ ਦਾ ਸ਼ੁਗਲ ਹੈ । ਪਿਛਲੀ ਇਕ ਚੋਣ ਵਿਚ ਇਸ ਪਿੰਡ ਦੇ ਬਹੁਤੇ ਵੋਟ ਅਕਾਲੀ ਦਲ ਨੂੰ ਗਏ, ਪਰ 25 ਫੀਸਦੀ ਕਾਂਗਰਸ ਨੂੰ ਮਿਲੇ । ਮਜ਼੍ਹਬੀਆਂ ਤੇ ਚਮਿਆਰਾਂ ਦੀ ਗਿਣਤੀ ਠੀਕ ਉਨੀ ਹੀ ਹੈ ਕਿ ਜ਼ਮੀਨ-ਮਾਲਕਾਂ ਨੂੰ ਸਮਝਣ 'ਚ ਦੇਰ ਨਾ ਲਗੀ ਕਿ ਇਹ ਵੋਟ ਕਿਸ ਦੇ ਹਨ । ਸਬਕ ਸਿਖਾਉਣ ਲਈ ਮਾਲਕਾਂ ਨੇ ਇਹਨਾਂ ਨੂੰ ਕੁਝ ਦਿਨਾਂ ਤੱਕ ਆਪਣੇ ਖੇਤਾਂ 'ਚ ਪੈਰ ਰਖਣੋਂ ਰੋਕ ਦਿਤਾ, ਜਿਸਦਾ ਮਤਲਬ ਸੀ ਕਿ 'ਬਾਹਰ ਜਾਣ' ਦੀ ਨਿਤਪ੍ਰਤੀ ਕੁਦਰਤੀ ਸੁਵਿਧਾ ਤੋਂ ਵਾਂਝਿਆਂ ਕਰ ਦਿਤਾ । ਆਖਿਰ ਜਦ ਪਿੰਡ ਵਿਚ ਗੰਦਗੀ ਫੈਲੀ ਤੇ ਬਿਮਾਰੀਆਂ ਫੈਲਣ ਦਾ ਖਤਰਾ ਹੋਣ ਲੱਗਾ ਤਾਂ ਇਹ ਪਾਬੰਦੀ ਹਟਾਈ ਗਈ ।

ਪਿੰਡ ਦੀ ਇਕਰਸੀ ਜ਼ਿੰਦਗੀ ਵਿਚ ਜਾਂ ਤਾਂ ਮਾਲਕਾਂ ਦੇ ਆਪਸੀ ਝਗੜਿਆਂ ਨਾਲ ਹਲ ਚਲ ਪੈਦਾ ਹੁੰਦੀ ਹੈ ਜਾਂ ਫੇਰ ਧਰਮ ਦੇ ਨਾਂ ਉਤੇ ਥੋੜੀ ਚਹਿਲ-ਪਹਿਲ ਰਹਿੰਦੀ ਹੈ । ਪਿੰਡ 'ਚ ਸਿਖਾਂ ਦਾ ਇਕ ਗੁਰ-ਦੁਆਰਾ ਹੈ, ਜਿਸ ਦੇ ਗਰੰਥੀ ਦਾ ਖਰਚ ਮਾਲਕ ਕਰਦੇ ਹਨ; ਪਰ ਜ਼ਿਆਦਾਤਰ ਲੋਕ ਸਾਧੂ-ਸੰਤਾਂ ਵਿਚ ਦਿਲਚਸਪੀ ਰਖਦੇ ਹਨ । ਪਿੰਡ ਦੇ ਹੱਦ 'ਚ ਇਕ ਸਾਧ ਨੇ ਆਪਣਾ ਸਥਾਈ ਡੇਰਾ ਬਣਾਇਆ ਹੋਇਆ ਹੈ ਜੋ ਜੱਟ ਹੈ ਪਰ ਉਸ ਦੀ ਸੇਵਾ ਵਿਚ ਸਾਰੀਆਂ ਜਾਤਾਂ ਦੇ ਲੋਕ ਆਉਂਦੇ ਹਨ । ਉਸ ਦੇ ਭਗਤ ਬਹੁਤੇ ਮਜ਼੍ਹਬੀ ਤੇ ਚਮਿਆਰ ਹੀ ਹਨ, ਪਰ ਜੱਟ ਮਾਲਕ ਵੀ ਉਸ ਨੂੰ ਪਸੰਦ ਕਰਦੇ ਹਨ । ਉਹਨਾਂ ਨੇ ਸਾਧ ਨੂੰ ਪੰਜ ਏਕੜ ਜ਼ਮੀਨ ਦਿਤੀ ਹੋਈ ਹੈ, ਜਿਸ 'ਚ ਬਾਗ, ਸਰੋਵਰ, ਵੱਡਾ ਪਿਪਲ ਦਾ ਰੁਖ ਤੇ ਮੰਦਰ ਜਿਹੜਾ ਸਾਧ ਦੇ ਰਹਿਣ ਦਾ ਪੱਕਾ ਮਕਾਨ ਵੀ ਹੈ । ਸਾਧ ਤੋਂ ਇਲਾਵਾ ਚਮਿਆਰਾਂ

ਦਾ ਆਪਣਾ ਵੀ ਇਕ ਧਾਰਮਿਕ ਨੇਤਾ ਹੈ, ਜਿਸ ਤੋਂ ਪਿੰਡ ਦੇ ਬਹੁਤੇ ਲੋਕ ਡਰਦੇ ਹਨ। ਭਗਤ ਸਿੰਘ ਨਾਂ ਦਾ ਇਕ ਚਮਿਆਰ ਗੋਗਾ ਪੀਰ ਪੰਥੀ ਹੈ। ਪੰਜਾਬ ਦੇ ਇਸ ਇਲਾਕੇ ਦੇ ਗੋਗਾ ਪੀਰ ਪੰਥ ਦੇ ਬਹੁਤੇ ਮੰਨਣ ਵਾਲੇ ਨੀਵੀਂ ਜ਼ਾਤ ਦੇ ਹਨ। ਪਰ ਭਗਤ ਸਿੰਘ ਦਾ ਪ੍ਰਭਾਵ ਸਾਰਿਆ ਲੋਕਾਂ ਉਤੇ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਕੋਲ ਅਲੋਕਿਕ ਸ਼ਕਤੀਆਂ ਹਨ ਤੇ ਸੱਪ ਦੇ ਡੰਗੇ ਦਾ ਤਾਂ ਸ਼ਰਤੀਆ ਇਲਾਜ ਹੈ।

ਇੰਝ ਧਾਰਮਿਕ ਧਰਾਤਲ ਉਤੇ ਭੇਦ ਭਾਵ ਘੱਟ ਤੇ ਮੇਲ ਬਹੁਤਾ ਵਿਖਾਈ ਦੇਂਦਾ ਹੈ, ਪਰ ਆਰਥਿਕ ਸਤਹਿ ਉਤੇ ਨਬਰਾਬਰੀ ਭਿਆਨਕ ਹੈ। ਜ਼ਮੀਨ-ਮਾਲਕਾਂ ਕੋਲ ਬਹੁਤ ਜ਼ਿਆਦਾ ਤਾਕਤ ਹੈ ਤੇ ਉਹ ਨੀਵੀਆ ਜ਼ਾਤਾਂ ਦੇ ਮਜ਼ਦੂਰ ਵਰਗ ਦੇ ਲੋਕਾਂ ਦੀ ਮਨਮਾਨੀ ਲੁੱਟ, ਦਮਨ ਤੇ ਤਸ਼ੱਦਦ ਕਰਦੇ ਹਨ। ਪਿੰਡ 'ਚ ਗਰੀਬ ਉੱਚੀਆਂ ਜਾਤਾਂ ਦੇ ਵੀ ਹਨ, ਪਰ ਉਹ ਖ਼ੁਦ ਨੂੰ ਇਹਨਾਂ ਮਜ਼ਦੂਰਾਂ ਉਤੋਂ ਉੱਚਾ ਸਮਝਦੇ ਹਨ ਅਤੇ ਬਹੁਤ ਹੀ ਜ਼ਿਆਦਾ ਅੰਤਰ ਵਿਰੋਧ ਨਾਲ ਭਰੇ ਸਭਿਆਚਾਰ ਨੂੰ ਜਿਉਂਦਾ ਰਖਦੇ ਹਨ ਜਿਹੜਾ ਅਨਿਆਂ ਤੇ ਨਬਰਾਬਰੀ ਤੇ ਅਧਾਰਿਤ ਹੈ। ਪਰ ਉਪਰੋਂ ਸਾਰਿਆਂ ਨੂੰ ਇਕ ਸੂਤਰ ਵਿਚ ਬਨਣ ਵਾਲਾ ਜਾਪਦਾ ਹੈ।

ਇਸ ਪਿੰਡ ਵਰਗੀ ਹਾਲਤ ਪੰਜਾਬ ਦੇ ਬਾਕੀ ਪਿੰਡਾਂ ਦੀ ਨਹੀਂ ਹੈ। ਪੰਜਾਬ ਦੇ ਬਹੁਤੇ ਪਿੰਡਾਂ 'ਚ ਨਾਂ ਤਾਂ ਐਨੀ ਸਪਸ਼ਟ ਜਮਾਤੀ ਵੰਡ ਹੈ ਤੇ ਨਾ ਹੀ ਦਮਨ। ਉਤਰੀ ਤੇ ਮੱਧ ਪੰਜਾਬ ਵਿਚ ਜ਼ਮੀਨ ਮਾਲਕਾਂ ਕੋਲ ਮੁਕਾਬਲੇ ਵਿਚ ਜ਼ਮੀਨਾਂ ਘੱਟ ਹਨ, ਇਸ ਲਈ ਉਹ ਖ਼ੁਸ਼ਹਾਲ ਵੀ ਘੱਟ ਹਨ। ਅਨੁਸੂਚਿਤ ਜਾਤੀਆਂ ਦੇ ਲੋਕ ਭਾਵੇਂ ਉਥੇ ਵੀ ਹਾਲੀ ਤਾਂਈ ਅਛੂਤ ਮੰਨੇ ਜਾਂਦੇ ਹਨ, ਫੇਰ ਵੀ ਉਹਨਾਂ 'ਚ ਸਾਰਿਆਂ ਦੀ ਆਰਥਿਕ ਹਾਲਤ ਮਾੜੀ ਨਹੀਂ ਹੈ, ਨਾ ਸਭ ਦਾ ਸਮਾਜਿਕ ਜੀਵਨ ਐਨਾ ਮੁਸ਼ਕਲ ਹੈ। ਮਗਰ ਅਜੀਬ ਗੱਲ ਇਹ ਹੈ ਕਿ ਜਿਥੇ ਜਮਾਤੀ-ਵੰਡ ਬਹੁਤੀ ਸਪਸ਼ਟ ਨਹੀਂ ਹੈ, ਉਥੇ ਜਾਤੀ ਸੰਬੰਧੀ ਸਮਾਜਿਕ ਵਿਭਾਜਨ ਬਹੁਤਾ ਸਪਸ਼ਟ ਤੇ ਤਿੱਖਾ ਹੈ। ਮਸਲਨ ਪੰਜਾਬ ਦੇ ਸ਼ਹਿਰਾਂ ਤੇ ਉਹਨਾਂ ਦੇ ਨੇੜੇ ਤੇੜੇ ਦੇ ਉਦਯੋਗਿਕ ਖੇਤਰਾਂ 'ਚ, ਜਿਥੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਵਿਚ ਆਤਮ-ਨਿਰਭਰਤਾ ਨਜ਼ਰ ਆਉਂਦੀ ਹੈ, ਉਥੇ ਇਕ ਮਾਮੂਲੀ ਬਿਰਾਦਰੀ ਸੰਬੰਧੀ ਸਭਿਆਚਾਰ ਵਿਕਸਿਤ ਹੋਣ ਦੀ ਥਾਂਵੇਂ ਇਹਨਾਂ ਜਾਤਾਂ ਦੇ ਲੋਕਾਂ 'ਚ ਸ਼ਹਿਰੀ ਮਧਵਰਗ ਦੀ ਵਿਅਕਤੀਵਾਦੀ ਪਹਿਚਾਣ ਜ਼ਿਆਦਾ ਵਿਕਸਿਤ ਹੋ ਰਹੀ ਹੈ। ਇੰਝ ਜਾਪਦਾ ਹੈ ਕਿ ਜਿਵੇਂ ਜਿਵੇਂ ਇਹਨਾਂ ਜਾਤੀਆਂ ਦੇ ਲੋਕਾਂ ਦੀ ਆਰਥਿਕ ਦਸ਼ਾ ਸੁਧਰਦੀ ਹੈ, ਤਿਵੇਂ ਤਿਵੇਂ ਸਭਿਆਚਾਰਕ ਧਰਾਤਲ ਤੇ ਇਹਨਾ ਦੀਆਂ ਜਾਤੀ ਸੰਬੰਧੀ ਸਭਿਆਚਾਰਕ ਵਿਸ਼ੇਸ਼ਤਾਵਾਂ ਜ਼ਿਆਦਾ ਉੱਭਰ ਕੇ ਸਾਹਮਣੇ ਆਉਂਦੀਆਂ ਹਨ।

ਮਿਸਾਲ ਦੇ ਤੌਰ ਤੇ ਪੰਜਾਬ ਦੇ ਜਲੰਧਰ ਸ਼ਹਿਰ ਨਾਲ ਲਗਦੇ ਬੂਟਾ ਮੰਡੀ ਨਾਂ ਦੇ ਵਿਕਸਤ ਖੇਤਰ ਨੂੰ ਵੇਖਿਆ ਜਾ ਸਕਦਾ ਹੈ। ਬੂਟਾ ਮੰਡੀ ਦਾ ਮਤਲਬ ਬੂਟਾਂ ਜਾਂ ਜੁੱਤੀਆਂ ਦਾ ਬਾਜ਼ਾਰ ਹੈ, ਪਰ ਇਸ ਨੂੰ ਚਮੜਾ ਬਾਜ਼ਾਰ ਕਹਿਣਾ ਬਹੁਤਾ ਠੀਕ ਹੋਵੇਗਾ, ਕਿਉਂਕਿ ਚਮੜੇ ਦਾ ਕਾਰੋਬਾਰ ਹੀ ਪੂਰੀ ਬਿਰਾਦਰੀ ਦੇ ਜਿਊਣ ਦਾ ਆਧਾਰ ਹੈ। ਬੂਟਾ ਮੰਡੀ 'ਚ ਸਿਰਫ ਚਮਿਆਰ ਹੀ ਰਹਿੰਦੇ ਹਨ, ਪਰ ਉਹ ਆਪਣੇ ਆਪ ਨੂੰ ਆਦ-ਧਰਮੀ ਕਹਾਉਣਾ ਬਹੁਤਾ ਪਸੰਦ ਕਰਦੇ ਹਨ।

ਨਕੋਦਰ ਰੋਡ ਤੇ ਸਥਿਤ ਇਹ ਬੂਟਾ ਮੰਡੀ ਬੜੀ ਨਵੀਂ ਹੈ। 1930 ਤੋਂ ਪਹਿਲਾਂ ਇਹ ਇਲਾਕਾ ਵਿਰਾਨ ਸੀ। ਉਸੇ ਸਾਲ ਨਾਗਲ ਪਿੰਡ 'ਚ ਬਟਾਈ ਤੇ ਕਾਸ਼ਤ ਕਰਨ ਵਾਲਾ ਚਮਿਆਰ ਕਿਸ਼ਨਦਾਸ ਆਪਣੇ ਚਾਰ ਭਰਾਵਾਂ ਨਾਲ ਇਥੇ ਆ ਵਸਿਆ। ਉਸ ਦਾ ਇਰਾਦਾ ਸੀ ਕਿ ਜਲੰਧਰ ਛਾਉਣੀ ਦੀ ਬਰਤਾਨਵੀ ਫੌਜ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਨ ਲਈ ਇਥੇ ਕਪੜੇ ਦਾ ਹੋਲਸੇਲ ਵਪਾਰ ਸ਼ੁਰੂ ਕੀਤਾ ਜਾਵੇ। ਦਰਅਸਲ ਗੱਲ ਇਹ ਸੀ ਕਿ ਪਿੰਡ ਦੇ ਜ਼ਮੀਨ-ਮਾਲਕਾਂ ਦੇ ਦਮਨ ਸਦਕਾ ਉਸ ਦਾ ਪਿੰਡ 'ਚ ਰਹਿਣਾ ਮੁਸ਼ਕਲ ਹੋ ਗਿਆ ਸੀ। ਉਸ ਕੋਲ ਕੁਝ ਪੈਸਾ ਜਮ੍ਹਾਂ ਸੀ ਜਿਸ ਨੂੰ ਉਹ ਵਪਾਰ 'ਚ ਲਾਉਣਾ ਚਾਹੁੰਦਾ ਸੀ। ਇਸ ਤਰ੍ਹਾਂ ਪੰਜ ਭਰਾ ਇਥੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਆਏ ਸਨ। ਪਰ ਇਥੇ ਆ ਕੇ ਉਹਨਾਂ ਨੂੰ ਜਾਪਿਆ ਕਿ ਕਪੜੇ ਦੇ ਵਪਾਰ ਨਾਲੋਂ ਵਧ ਮੁਨਾਫਾ ਫੌਜੀ ਬੂਟਾਂ ਲਈ ਚਮੜਾ ਸਪਲਾਈ ਕਰਨ ਦੇ ਕੰਮ 'ਚ ਹੋਵੇਗਾ। ਉਸ ਵੇਲੇ ਇਥੇ ਚਮੜੇ ਦੇ ਬਾਜ਼ਾਰ 'ਤੇ ਜਲੰਧਰ ਦੀ ਬਸਤੀ ਗੁਜ਼ਾਂ ਦੇ ਮੁਸਲਮਾਨਾਂ ਦੀ ਇਜਾਰੇਦਾਰੀ ਸੀ। ਉਹ ਕਿਸੇ ਮੁਕਾਬਲਾ ਕਰਨ ਵਾਲੇ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਪਰ ਇਹ ਪੰਜੇ ਭਰਾ ਕਿਉਂਕਿ ਆਪ ਚਮਿਆਰ ਸਨ, ਇਸ ਲਈ ਚਮੜੇ ਦਾ ਕੰਮ ਸ਼ੁਰੂ ਕਰਨ 'ਚ ਉਹਨਾਂ ਨੂੰ ਬਹੁਤੀ ਦਿੱਕਤ ਨਾ ਹੋਈ। ਪਿੰਡਾਂ 'ਚੋਂ ਖੱਲਾਂ ਇਕੱਠੀਆਂ ਕਰਨੀਆਂ ਤੇ ਚਮੜੇ ਦੀ ਸਫਾਈ ਰੰਗਾਈ ਕਰਨ ਵਾਲੇ

ਵੀ ਚਮਿਆਰ ਸਨ। ਉਹਨਾਂ ਦਾ ਸਹਿਯੋਗ ਇਹਨਾਂ ਪੰਜਾਂ ਭਰਾਵਾਂ ਨੂੰ ਆਸਾਨੀ ਨਾਲ ਮਿਲ ਗਿਆ। ਮੁਸਲਮਾਨਾਂ ਨੇ ਉਹਨਾਂ ਨੂੰ ਬਾਜ਼ਾਰੋਂ ਭਜਾਉਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਕਾਮਯਾਬ ਨਾ ਹੋਏ। ਵੰਡ ਤੱਕ ਇਹ ਮੁਕਾਬਲਾ ਚਲਦਾ ਰਿਹਾ ਅਤੇ ਕੀਮਤਾਂ ਘੱਟ ਰਖਣ ਜਾਂ ਹੋਰ ਤਰੀਕਿਆਂ ਨਾਲ ਇਕ-ਦੂਜੇ ਨੂੰ ਨੁਕਸਾਨ ਪੁਚਾਉਂਣ ਦੇ ਚੱਕਰ 'ਚ ਦੋਵੇਂ ਹੀ ਨੁਕਸਾਨ ਉਠਾਉਂਦੇ ਰਹੇ। ਪਰ ਵੰਡ ਤੋਂ ਬਾਅਦ ਮੁਸਲਮਾਨ ਪਾਕਿਸਤਾਨ ਚਲੇ ਜਾਣ ਕਾਰਣ, ਬੂਟਾ ਮੰਡੀ ਉਤੇ ਦੌਲਤ ਵਰ੍ਹਣ ਲਗ ਪਈ।

ਜਲਦੀ ਹੀ ਚਾਰ ਮੀਲ ਦੀ ਦੂਰੀ ਤੇ ਧਾਨਲ ਪਿੰਡ ਦਾ ਸੁੰਦਰ ਦਾਸ ਚਮਿਆਰ ਵੀ ਬੂਟਾ ਮੰਡੀ ਵਿਚ ਆ ਗਿਆ। ਉਸ ਨੇ ਕਲਕੱਤੇ ਦੇ ਚੀਨੀ ਬੂਟ ਬਣਾਉਣ ਵਾਲਿਆਂ ਨੂੰ ਚਮੜਾ ਵੇਚ ਕੇ ਕੁਝ ਪੈਸਾ ਇਕੱਠਾ ਕਰ ਲਿਆ ਸੀ, ਜਿਸ ਨਾਲ ਉਸ ਨੇ ਇਥੇ ਆ ਕੇ ਚਮੜੇ ਦਾ ਵਪਾਰ ਸ਼ੁਰੂ ਕਰ ਦਿਤਾ। ਫੇਰ ਤਾਂ ਕਿਸ਼ਨ ਦਾਸ ਤੇ ਸੁੰਦਰ ਦਾਸ ਦੇ ਸਾਰੇ ਨਾਤੇ-ਰਿਸ਼ਤੇਦਾਰ ਇਥੇ ਆ ਕੇ ਵੱਸਣ ਲੱਗੇ ਤੇ ਅਜ ਬੂਟਾ ਮੰਡੀ ਦੀ ਲਗਭਗ ਦੋ ਹਜ਼ਾਰ ਦੀ ਆਬਾਦੀ 'ਚੋਂ ਬਹੁਤੇ ਇਹਨਾ ਦੋਨਾਂ ਪਰਿਵਾਰਾਂ ਦੇ ਸੰਬੰਧੀ ਹਨ। ਕਿਸਨਦਾਸ ਦੇ ਰਿਸ਼ਤੇਦਾਰ 'ਕਾਲਾਰੇ' ਤੇ ਸੁੰਦਰ ਦਾਸ ਦੇ ਰਿਸ਼ਤੇਦਾਰ 'ਮਾਹੇ' ਕਹਾਉਂਦੇ ਹਨ।

ਬੂਟਾ ਮੰਡੀ ਦੇ 50 ਫੀਸਦੀ ਲੋਕ ਛੋਟੇ ਪੈਮਾਨੇ 'ਤੇ ਚਮੜਾ ਸਾਫ਼ ਕਰਨ ਦੇ ਉਦਯੋਗ 'ਚ ਲਗੇ ਹੋਏ ਹਨ। ਉਹ ਇਹ ਕੰਮ ਠੇਕੇ 'ਤੇ ਕਰਦੇ ਹਨ। 30 ਫੀਸਦੀ ਲੋਕ ਇਹਨਾਂ ਉਦਯੋਗਪਤੀਆ ਕੋਲ ਮਜ਼ਦੂਰੀ ਕਰਦੇ ਹਨ ਤੇ ਬਾਕੀ 20 ਫੀਸਦੀ ਚਮੜੇ ਦੇ ਵਪਾਰੀ ਹਨ। ਇਥੋਂ ਦਾ ਮਜ਼ਦੂਰ ਔਸਤਨ ਦੋ-ਤਿੰਨ ਸੌ ਰੁਪਏ ਕਮਾ ਲੈਂਦਾ ਹੈ, ਪਰ ਵਪਾਰੀਆਂ ਦਾ ਮਾਸਿਕ ਮੁਨਾਫ਼ਾ ਹਜ਼ਾਰਾਂ ਵਿਚ ਹੁੰਦਾ ਹੈ। 'ਮਾਹੇ' ਲੋਕਾਂ ਦਾ ਇਕ ਪਰਿਵਾਰ ਤਾਂ ਬੜਾ ਖੁਸ਼ਹਾਲ ਹੈ, ਜਿਸ ਦਾ ਇਕ ਮੁੰਡਾ ਬੀ. ਬੀ. ਸੀ. ਲੰਡਨ 'ਚ ਕੰਮ ਕਰਦਾ ਹੈ ਅਤੇ ਇਕ ਬੈਂਕ ਮੈਨੇਜਰ ਹੈ, ਜਿਸ ਨੇ ਕੇਨੀਆ ਦੀ ਆਪਣੀ ਜਾਤ ਦੀ ਪੰਜਾਬੀ ਕੁੜੀ ਨਾਲ ਵਿਆਹ ਕੀਤਾ ਹੈ। ਸਿਖਿਆ ਦਾ ਪ੍ਰਸਾਰ ਇਥੇ ਕਾਫੀ ਹੈ। ਬੂਟਾ ਮੰਡੀ ਦੇ ਗਰੈਜੂਏਟ ਨੌਜਵਾਨਾਂ ਨੇ ਆਪਣਾ ਇਕ ਸਕੂਲ ਖੋਲ੍ਹਿਆ ਹੈ, ਜਿਸ 'ਚ ਉੱਚੀ ਜ਼ਾਤ ਦੀਆਂ ਕੁੜੀਆਂ ਦੀ ਪੜ੍ਹਾਈ ਦਾ ਵਿਸ਼ੇਸ਼ ਪ੍ਰਬੰਧ ਹੈ। ਬੂਟਾ ਮੰਡੀ ਕੋਈ ਝੁਗੀਆਂ ਵਾਲੀ ਗੰਦੀ ਬਸਤੀ ਨਹੀਂ ਹੈ, ਫੇਰ ਵੀ ਇਥੋਂ ਦੇ ਕਈ ਵਸਨੀਕ ਖੁਸ਼ਹਾਲ ਹੋਣ ਕਾਰਣ ਜਲੰਧਰ ਸ਼ਹਿਰ ਦੀਆਂ ਨਵੀਆਂ ਕਲੋਨੀਆਂ ਵਿਚ ਮਕਾਨ ਲੈ ਕੇ ਮੱਧ-ਵਰਗੀ ਜੀਵਨ ਜਿਉਂ ਰਹੇ ਹਨ। ਇਹਨਾਂ ਵਿਚ ਕਈ ਸਰਕਾਰੀ ਨੌਕਰੀਆਂ ਵੀ ਕਰਦੇ ਹਨ।

ਬੂਟਾ ਮੰਡੀ ਦੇ ਲੋਕ ਅਨੁਸੂਚਿਤ ਜਾਤਾਂ ਨਾਲ ਤਾਲੁੱਕ ਰੱਖਣ ਵਾਲੀਆਂ ਲਹਿਰਾਂ ਦੀ ਆਰਥਕ ਸਹਾਇਤਾ ਤੇ ਅਗਵਾਈ ਕਰਨ 'ਚ ਅੱਗੇ ਰਹੇ ਹਨ। ਬੂਟਾ ਮੰਡੀ ਦੀ ਥਾਪਣਾ ਤੋਂ ਪਹਿਲਾਂ ਹੀ, ਇਸ ਨੂੰ ਵਸਾਉਣ ਵਾਲੇ ਕਿਸ਼ਨ ਦਾਸ ਤੇ ਸੁੰਦਰ ਦਾਸ 'ਆਦਿ-ਧਰਮ' ਲਹਿਰ 'ਚ ਸਰਗਰਮ ਸਨ। ਇਸ ਲਹਿਰ ਦਾ ਅਜ ਵੀ ਇਥੇ ਐਨਾ ਪ੍ਰਭਾਵ ਹੈ ਕਿ ਇਥੋਂ ਦੇ ਵਸਨੀਕਾਂ ਨੇ 'ਆਦਿ-ਧਰਮ ਮੰਡਲ' ਦਾ ਨਾਂ ਆਪਣੀ ਗੋਤ ਦੇ ਰੂਪ ਵਿਚ ਅਪਣਾ ਲਿਆ ਹੈ ਤੇ ਇਹਨਾਂ ਦੇ ਆਦਿ ਗੁਰੂ ਸੰਤ ਰਵਿਦਾਸ ਦੇ ਚਿਤਰ ਬੂਟਾ ਮੰਡੀ 'ਚ ਹਰ ਥਾਂ ਵੇਖੇ ਜਾ ਸਕਦੇ ਹਨ। ਬੂਟਾ ਮੰਡੀ ਵਿਚ ਇਕ 'ਰਵਿਦਾਸ ਗੁਰਦਵਾਰਾ' ਹੈ (ਉਹਨਾਂ ਦਾ ਕਹਿਣਾ ਹੈ ਕਿ ਸੰਤ ਰਵਿਦਾਸ ਗੁਰੂ ਸਨ ਤਾਂ ਉਹਨਾਂ ਦਾ ਗੁਰਦਵਾਰਾ ਕਿਉਂ ਨਹੀਂ ਹੋ ਸਕਦਾ?) ਇਕ ਰਵਿਦਾਸ ਲਾਇਬਰੇਰੀ ਅਤੇ ਇਕ ਰਵਿਦਾਸ ਬਿਰਾਦਰੀ ਭਵਨ ਵੀ ਹੈ। ਇਹ ਸਭ ਕੁਝ 'ਕਲਾਰੇ' ਤੇ 'ਮਾਹੇ' ਪਰਿਵਾਰ ਦੇ ਦਾਨ ਨਾਲ 1950 ਦੇ ਨੇੜੇ ਤੇੜੇ ਬਣਿਆ ਹੈ, ਜਦ ਵੰਡ ਮਗਰੋਂ ਮੁਸਲਮਾਨ ਚਮੜਾ ਵਪਾਰੀਆਂ ਨਾਲ ਮੁਕਾਬਲਾ ਖਤਮ ਹੋ ਗਿਆ ਤਾਂ ਬੂਟਾ ਮੰਡੀ ਵਿਚ ਖੁਸ਼ਹਾਲੀ ਆਉਣੀ ਸ਼ੁਰੂ ਹੋਈ।

1955 ਵਿਚ ਗੁਰਦਵਾਰੇ ਵਲੋਂ ਇਕ ਰਵਿਦਾਸ ਸਕੂਲ ਖੋਲ੍ਹਿਆ ਗਿਆ, ਜਿਸ 'ਚ 350 ਬਚੇ ਪੜ੍ਹਦੇ ਹਨ। ਇਥੋਂ ਦੇ 90 ਫੀ ਸਦੀ ਬਚੇ ਸਕੂਲ ਜਾਂਦੇ ਹਨ ਤੇ ਉਹਨਾਂ 'ਚੋਂ ਲਗਭਗ 50 ਫੀਸਦੀ ਕੁੜੀਆਂ ਮੁੰਡੇ ਹਾਈ ਸਕੂਲ ਤਕ ਸਿਖਿਆ ਲੈਂਦੇ ਹਨ। ਕਾਲਜਾਂ 'ਚ ਪੜ੍ਹਨ ਵਾਲਿਆਂ ਦੀ ਗਿਣਤੀ ਵੀ ਘੱਟ ਨਹੀਂ ਹੈ ਅਤੇ ਉਹਨਾਂ ਨੇ ਆਪਣੇ ਲਈ ਇਕ 'ਰਵਿਦਾਸ ਯੂਥ ਕਲੱਬ' ਵੀ ਬਣਾ ਲਿਆ ਹੈ। ਇਹ ਆਦਿ-ਧਰਮੀ ਨੌਜਵਾਨ ਆਪਣੀ ਜਾਤ ਦਸਣ 'ਚ ਕੋਈ ਝਿਜਕ ਮਹਿਸੂਸ ਨਹੀਂ ਕਰਦੇ। ਇਥੋਂ ਤਕ ਕਿ ਉਹਨਾਂ ਨੇ ਜਲੰਧਰ ਦੇ ਦੋਆਬਾ ਕਾਲਜ ਵਿਚ ਵੀ 'ਆਦਿ-ਧਰਮ ਯੂਥ ਕਲੱਬ' ਸਥਾਪਿਤ ਕੀਤਾ ਹੋਇਆ ਹੈ, ਜਿਸ ਦੀਆਂ ਸਾਖਾਂ ਪੰਜ-ਛੇ ਕਾਲਜਾਂ ਵਿਚ ਖੁਲ੍ਹ ਗਈਆਂ ਹਨ। ਦੋਆਬਾ ਕਾਲਜ ਵਿਚ ਇਹਨਾਂ ਦੇ ਮੈਂਬਰ ਅਕਸਰ ਮਿਲਦੇ ਰਹਿੰਦੇ ਹਨ ਤੇ ਸਮਾਜਿਕ ਘਟਨਾਵਾਂ ਤੇ ਰਾਜਨੀਤਕ ਵਿਸ਼ਿਆਂ ਤੇ ਵਿਚਾਰ-ਵਟਾਂਦਰਾ

ਕਰਦੇ ਰਹਿੰਦੇ ਹਨ। ਉਹਨਾਂ ਵੇਮੁਖ ਵਿਰੋਧੀ ਹਨ। ਸਿਖ ਸਟੂਡੈਂਟਸ ਯੂਨੀਅਨ। ਬੂਟਾ ਮੰਡੀ ਦੇ ਨੌਜਵਾਨਾਂ ਨੇ ਇਕ ਸਮਾਜਵਾਦੀ ਸੰਗਠਨ ਵੀ ਬਣਾਇਆ ਹੈ, ਜਿਸ ਦੇ ਇਕ ਮੈਂਬਰ ਨੇ ਬੜੇ ਹੌਂਸਲੇ ਨਾਲ ਸਾਬਕਾ ਵਿਦੇਸ਼-ਮੰਤਰੀ ਸਵਰਨ ਸਿੰਘ ਦੇ ਖਿਲਾਫ ਲੋਕ ਸਭਾ ਦੀ ਚੋਣ ਲੜੀ ਸੀ। ਬੂਟਾ ਮੰਡੀ ਦੇ ਲੋਕਾਂ ਨੇ ਨਕੋਦਰ ਰੋਡ ਦੇ ਇਕ ਮੁਖ ਚੌਰਾਹੇ ਉਤੇ ਬੀ. ਆਰ. ਅੰਬੇਦਕਰ ਦੀ ਇਕ ਮੂਰਤੀ ਸਥਾਪਿਤ ਕੀਤੀ ਹੋਈ ਹੈ : ਉਥੇ ਇਕ ਵਡੇ ਜ਼ਮੀਨ ਦੇ ਟੋਟੇ ਦੀ ਘੇਰਾ ਬੰਦੀ ਕਰਕੇ ਫਿਲਹਾਲ ਇਕ ਛੋਟੀ ਜਿਹੀ ਇਮਾਰਤ ਬਣਾਈ ਗਈ ਹੈ, ਜਿਸ ਨੂੰ ਭਵਿੱਖ 'ਚ ਇਕ ਵਡੇ 'ਅੰਬੇਦਕਰ ਭਵਨ' ਵਿਚ ਤਬਦੀਲ ਕਰਨ ਦੀ ਯੋਜਨਾ ਹੈ। ਜਲੰਧਰ ਸ਼ਹਿਰ ਵਿਚ ਅੰਬੇਦਕਰ ਦੀ ਰਿਪਬਲੀਕਨ ਪਾਰਟੀ ਅਤੇ 'ਭੀਮ ਪਤ੍ਰਿਕਾ' ਨਾਂ ਦੇ ਰਸਾਲੇ ਦਾ ਦਫਤਰ ਵੀ ਹੈ। ਨੇੜੇ ਹੀ ਫਗਵਾੜਾ 'ਚ ਦਲਿਤ ਪੈਂਥਰਜ਼ ਦੀ ਸਥਾਪਨਾ ਹੋਈ ਤਾਂ ਬੂਟਾ ਮੰਡੀ ਦੇ ਕੁਝ ਜਵਾਨ ਵੀ ਉਸ ਨਾਲ ਜੁੜੇ ਅਤੇ 1978 'ਚ ਉਹਨਾਂ ਨੇ 'ਦਲਿਤ ਪੈਂਥਰਜ਼' ਦੀ ਤੁਕ ਤੇ 'ਦਲਿਤ ਸੰਘਰਸ਼ ਸਮਿਤੀ' ਬਣਾ ਲਈ। ਇਹਨਾਂ ਨੇ ਪੰਜਾਬ ਦੇ ਹਰਿਜਨਾਂ ਤੇ ਪਛੜੀਆਂ ਜਾਤਾਂ ਤੇ ਹੋਣ ਵਾਲੇ ਅਤਿਆ-ਚਾਰਾਂ ਦੇ ਖਿਲਾਫ ਹੀ ਨਹੀਂ, ਸਗੋਂ ਮਰਾਠਵਾੜਾ ਯੂਨੀਵਰਸਿਟੀ ਦੇ ਮਾਮਲੇ 'ਚ ਮਹਾਂਰਾਸ਼ਟਰ ਦੇ ਦਲਿਤਾਂ ਨਾਲ ਹਮਦਰਦੀ ਵਜੋਂ ਵੀ ਲਹਿਰ ਚਲਾਈ ਤੇ ਵਖਾਵੇ ਕੀਤੇ।

ਹੈਰਾਨੀ ਹੁੰਦੀ ਹੈ ਕਿ ਬੂਟਾ ਮੰਡੀ ਦੇ 'ਦਲਿਤ ਸੰਘਰਸ਼ ਸਮਿਤੀ' ਦੇ ਮੈਂਬਰਾਂ ਵਿਚ ਦਲਿਤਾਂ ਤੇ ਪੀੜਤਾਂ ਵਰਗੀ ਕੀ ਗੱਲ ਹੈ! ਉਹਨਾਂ 'ਚੋਂ ਬਹੁਤੇ ਖੁਸ਼ਹਾਲ ਤੇ ਉੱਚੀ ਸਿਖਿਆ ਪ੍ਰਾਪਤ ਲੋਕ ਹਨ, ਜਿਹਨਾਂ ਨੇ ਉਹ ਦੁਖ, ਅਪਮਾਨ ਤੇ ਅਤਿਆਚਾਰ ਖੁਦ ਕਦੀ ਨਹੀਂ ਸਹਿਆਂ, ਜਿਹੜਾ ਉਹਨਾਂ ਦੀ ਜਾਤ ਦੇ ਲੋਕਾਂ ਦੇਸ਼ ਦੇ ਹੋਰਨਾਂ ਇਲਾਕਿਆਂ 'ਚ ਝੱਲ ਰਹੇ ਹਨ। ਫੇਰ ਵੀ ਉਹਨਾਂ ਦੇ ਵਿਰੋਧ-ਵਿਖਾਵੇ ਵਿਚ ਇਕ ਸੱਚਾਈ ਤੇ ਈਮਾਨਦਾਰੀ ਹੁੰਦੀ ਹੈ। ਕਾਰਣ ਸ਼ਾਇਦ ਇਹ ਹੈ ਕਿ ਆਰਥਿਕ ਧਰਾਤਲ ਤੇ ਉਹਨਾਂ ਦੀ ਹਾਲਤ ਸੁਧਰ ਜਾਣ ਦੇ ਬਾਵਜੂਦ ਵੀ, ਸਮਾਜਿਕ, ਸਭਿਆਚਾਰਕ ਧਰਾਤਲ ਉਤੇ ਉਹ ਬਾਕੀ ਸਮਾਜ ਦੀਆਂ ਨਜ਼ਰਾਂ ਵਿਚ ਹਾਲੇ ਵੀ ਨੀਵੀਂ ਜ਼ਾਤ ਦੇ ਅਛੂਤ ਹਨ। ਸ਼ਾਇਦ ਉਹ ਇਸ ਤਥ ਬਾਰੇ ਵੀ ਸੁਚੇਤ ਨੇ ਕਿ ਉਹਨਾਂ ਦੀ ਖੁਸ਼ਹਾਲੀ ਸਾਰੇ ਦੇਸ਼ 'ਚ ਥੋੜੇ ਜਿਹੇ ਅਪਵਾਦਾਂ 'ਚ ਹੀ ਗਿਣੀ ਜਾਵੇਗੀ, ਕਿਉਂਕਿ ਜੇ ਉਹਨਾਂ ਦੇ ਵਡੇਰੇ ਨਾ ਹੁੰਦੇ ਅਤੇ ਉਹਨਾ ਨੂੰ ਜਲੰਧਰ ਵਰਗੇ ਆਧੁਨਿਕ ਉਦਯੋਗਿਕ ਨਗਰ ਵਾਲੇ ਮੌਕੇ ਨਾ ਮਿਲੇ ਹੁੰਦੇ ਤਾਂ ਸ਼ਾਇਦ ਉਹਨਾਂ ਦੀ ਹਾਲਤ ਵੀ ਅਜ ਬੀਮਲਾ ਦੇ ਚਮਾਰਾਂ ਵਰਗੀ ਹੀ ਹੁੰਦੀ।

['ਕਥਨ' ਤੋਂ ਧੰਨਵਾਦ ਸਹਿਤ।
☐ ਅਨੁ : ਸ. ਸ.]

## ਸਿਹਤ ਦੀ ਰਖਵਾਲੀ : ਸਾਡੀ ਦਵਾਈ ਸੱਨਅਤ

ਸਮੁੱਚੇ ਸਿਹਤ ਢਾਂਚੇ ਨੂੰ ਅਸੀਂ ਮੋਟੇ ਰੂਪ ਵਿਚ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ, (ੳ)ਸਿਹਤ ਸਿਖਿਆ, (ਅ)ਸਿਹਤ ਸੰਸਥਾਵਾਂ (ੲ) ਇਲਾਜ ਵਿਧੀਆਂ ਕਿਉਂਕਿ ਇਹ ਇਕ ਬਹੁਤ ਹੀ ਗੁੰਝਲਦਾਰ ਵਿਸ਼ਾ ਹੈ, ਸੋ ਆਪਾਂ ਆਪਣੇ ਆਪ ਨੂੰ ਸਿਰਫ ਇਲਾਜ ਵਿਚ ਵਰਤੀਆਂ ਜਾਂਦੀਆਂ ਅੰਗਰੇਜ਼ੀ ਦਵਾਈਆਂ ਤੀਕਰ ਹੀ ਮਹਿਦੂਦ ਰਖਾਂਗੇ। ਇਕ ਵਾਰੀ ਡਾ: ਐਸ. ਲਾਲ ਨੇ, ਜਿਹੜੇ ਆਕਸਫੋਰਡ ਯੂਨੀਵਰਸਿਟੀ ਵਿਚ ਅੰਕੜਾ ਵਿਭਾਗ ਵਿਚ ਮਾਹਰ ਦੇ ਤੌਰ ਤੇ ਕੰਮ ਕਰਦੇ ਹਨ, ਕਿਹਾ ਸੀ ਕਿ ਹਿੰਦੁਸਤਾਨ ਭਰ ਵਿਚ ਕੋਈ 15000 ਤੋਂ ਵੀ ਵਧ ਕਿਸਮ ਦੀਆਂ ਦਵਾਈਆਂ ਵਰਤੀਆਂ ਜਾ ਰਹੀਆਂ ਹਨ, ਜਦੋਂ ਕਿ ਲੋੜ ਸਿਰਫ 100 ਕੁ ਦੀ ਹੀ ਹੈ। ਦਵਾਈ ਕੰਪਨੀਆਂ ਵਲੋਂ ਮੁਲਕ 'ਚ ਹੇਠ ਲਿਖੇ ਅਨੁਸਾਰ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ :-

ਖੰਘ ਦੀਆਂ ਦਵਾਈਆਂ = 4.5%
ਦਰਦ ਹਟਾਉਣ ਤੇ ਬੁਖਾਰ ਲਾਹੁਣ ਲਈ = 4%
ਨਸ਼ੀਲੀਆਂ ਤੇ ਨੀਂਦ ਲਿਆਉਣ ਵਾਲੀਆਂ = 5%
ਵਿਟਾਮਿਨਜ਼ = 16%
ਐਂਟੀਬਾਇਓਟਿਕਸ = 21%
ਹੋਰ 49.5%

ਪਿਛੇ ਜਿਹੇ ਡਾਇਰੈਕਟਰ ਜਨਰਲ ਸਿਹਤ ਸੇਵਾਵਾਂ ਨਵੀਂ ਦਿੱਲੀ ਨੇ ਆਪਣੀ ਇਕ ਗਸ਼ਤੀ ਚਿੱਠੀ ਰਾਹੀਂ ਅਮਰੀਕਾ ਸਰਕਾਰ ਵਲੋਂ ਦਵਾਈਆਂ ਦੀ ਵਰਤੋਂ ਦੇ ਮਾਰੂ ਸਿੱਟਿਆਂ ਸਬੰਧੀ ਕਰਵਾਏ ਗਏ ਲੇਖੇ ਜੋਖੇ ਵੱਲ ਸਾਰੀਆਂ ਰਾਜ ਸਰਕਾਰਾਂ ਦਾ ਧਿਆਨ ਦਿਵਾਇਆ ਸੀ। ਇਸ ਅਨੁਸਾਰ 3500 ਕਿਸਮ ਦੇ ਦਵਾਈਆਂ ਦੇ ਜੰਗਲ ਵਿਚੋਂ 335 ਕਿਸਮ ਦੀਆਂ ਦਵਾਈਆਂ ਤੇ ਬਿਲਕੁਲ

ਪਾਬੰਦੀ ਲਾਉਣ ਦੀ ਸਿਫ਼ਾਰਸ਼ ਕੀਤੀ ਗਈ ਸੀ । ਕਿਉਂਕਿ ਤਜਰਬੇ ਨੇ ਸਾਬਤ ਕਰ ਦਿੱਤਾ ਸੀ ਕਿ ਇਹ ਦਵਾਈਆਂ ਮਨੁੱਖੀ ਵਰਤੋਂ ਲਈ ਖ਼ਤਰਨਾਕ ਹਨ। ਪਰ ਸਾਡੀ ਸਰਕਾਰ ਦੀਆਂ ਦਵਾਈਆਂ ਤੇ ਕੰਟਰੋਲ ਰੱਖਣ ਵਾਲੀ ਕਮੇਟੀ ਨੇ ਇਸ ਅਹਿਮ ਸਵਾਲ ਵੱਲ ਪਤਾ ਨਹੀਂ ਕਿਉਂ ਧਿਆਨ ਦੇਣ ਦੀ ਖੇਚਲ ਹੀ ਨਹੀਂ ਕੀਤੀ ?

ਕੀ ਕਾਰਨ ਸੀ ਕਿ ਐਮਰਜੈਂਸੀ ਦੇ ਦਿਨਾਂ ਵਿਚ ਸ੍ਰੀ ਮੈਕਨਮਾਰਾ ਨੇ ਭਾਰਤ ਦੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨੂੰ ਇਹ ਧਮਕੀ ਦਿੱਤੀ ਸੀ ਕਿ ਆਲਮੀ ਬੈਂਕ ਤੁਹਾਨੂੰ ਕਰਜ਼ਾ ਤਾਂ ਹੀ ਦੇਵੇਗਾ, ਜੇਕਰ ਤੁਸੀਂ ਪ੍ਰਵਾਰ ਨਿਯੋਜਨ ਪ੍ਰੋਗਰਾਮ ਤੇ ਵੱਧ ਤੋਂ ਵੱਧ ਜ਼ੋਰ ਦੇਵੋਗੇ। ਬੇਸ਼ਕ ਖ਼ੁਦ ਉਹਨਾਂ ਦੇ ਆਪਣੇ ਮੁਲਕ ਵਿਚ ਬਹੁਤੀ ਕਿਸਮ ਦੀਆਂ "ਗਰਭ ਰੋਕੂ" ਗੋਲੀਆਂ ਬਹੁਤ ਦੇਰ ਪਹਿਲੋਂ ਸਿਰਫ ਇਸ ਕਰਕੇ ਹੀ ਬੰਦ ਕਰ ਦਿੱਤੀਆਂ ਸਨ ਕਿ ਉਹ ਜ਼ਹਿਰੀਲੀਆਂ ਸਨ ਤੇ ਔਰਤਾਂ ਵਿਚ ਕੈਂਸਰ ਵਰਗੀਆਂ ਬਿਮਾਰੀਆਂ ਪੈਦਾ ਕਰ ਸਕਦੀਆਂ ਸਨ ਪਰ ਸਾਡੇ ਵਰਗੇ ਮੁਲਕ ਤੇ ਪਰਉਪਕਾਰ ਕਰਨ ਲਈ ਇਹ ਗੋਲੀਆਂ ਵੱਡੀ ਗਿਣਤੀ ਵਿਚ ਸਾਨੂੰ ਰਿਆਇਤੀ ਦਰਾਂ ਤੇ ਦਿੱਤੀਆਂ ਗਈਆਂ, ਕਿਉਂਕਿ ਹਿੰਦੁਸਤਾਨ ਵਿਚ ਮਨੁੱਖ ਨਹੀਂ ਸਗੋਂ ਤਜਰਬੀ ਜਾਨਵਰ ਵੱਸਦੇ ਹਨ ਤੇ ਜੇਕਰ ਇਹ ਮਰ ਵੀ ਜਾਣਗੇ ਤਾਂ ਇਹਨਾਂ ਦੀ ਕੀਮਤ ਅਮਰੀਕੀ ਮਨੁੱਖ ਜਿੰਨੀ ਥੋੜਾ ਹੋਵੇਗੀ ।

ਉਹੀਓ ਸਟੇਟ ਯੂਨੀਵਰਸਿਟੀ ਦੇ ਡਾ. ਜੇਮਜ਼. ਏ. ਡਬਲਿਯੂ ਰੋਬਰਟਸ ਵਲੋਂ ਕੀਤੀ ਖੋਜ ਮੁਤਾਬਕ ਹਸਪਤਾਲੀ ਮਰੀਜ਼ਾਂ ਦਾ ਜੋ ਹਸ਼ਰ ਹੁੰਦਾ ਹੈ, ਜਰਾ ਉਹਦੇ ਵੱਲ ਵੀ ਗਹੁ ਨਾਲ ਦੇਖਣਾ ਲਾਹੇਵੰਦ ਰਹੇਗਾ । ਉਹਨਾਂ ਨੇ ਕੁਲ 2654 ਨੁਸਖਿਆਂ ਵਿਚੋਂ ਕੇਵਲ 340 ਨੂੰ ਹੀ ਸਹੀ ਸਾਬਤ ਕੀਤਾ, ਅਰਥਾਤ ਸਮੁਚਿਆਂ ਨੁਸਖਿਆਂ ਵਿਚ ਦਰੁਸਤਾਂ ਦੀ ਗਿਣਤੀ ਕੇਵਲ 13ਫੀਸਦੀ, ਸ਼ੱਕੀ 65 ਫ਼ੀ ਸਦੀ ਤੇ ਬਿਲਕੁਲ ਗਲਤ 22 ਫ਼ੀ ਸਦੀ ਇਸੇ ਤਰਾਂ ਡਾ. ਸਿਡਨੀ ਵੂਲਫ਼ ਨੇ ਰੈਲਫ ਲਾਦਰ ਖੋਜ ਗਰੁਪ ਵਲੋਂ ਕਰਵਾਈ ਗਈ ਖੋਜ ਵਿਚ ਦਸਿਆ ਕਿ ਸਿਰਫ ਇਕ ਸਾਲ (1972) ਵਿਚ ਹੀ 20 ਲੱਖ ਰੋਂ ਵੀ ਵੱਧ ਮਰੀਜ਼ਾਂ ਨੂੰ ਮਾਮੂਲੀ ਗਲੇ ਦੀ ਖਰਾਬੀ ਜਾਂ ਜ਼ੁਕਾਮ ਆਦਿ ਲਈ ਹੀ ਐਂਪੀਸੀਲੀਨ ਨਾਮੀ ਦਵਾਈ ਦਿਤੀ ਗਈ। ਇਸ ਦੁਰਵਰਤੋਂ ਦਾ ਨਤੀਜਾ ਇਹ ਨਿਕਲਿਆ ਕਿ ਬਿਮਾਰੀ ਦੇ ਜਰਾਸੀਮਾਂ ਵਿਚ ਦਵਾਈਆਂ ਦੇ ਖਿਲਾਫ ਲੜਨ ਵਾਲੀ ਤਾਕਤ ਵਿਚ ਅਥਾਹ ਵਾਧਾ ਹੋ ਗਿਆ।

ਇਹੋ ਹੀ ਗਲ ਇਕ ਹੋਰ ਦਵਾਈ ਕਲੋਰਮਫੈਨੀਕੋਲ ਦਾ ਹੈ, ਜਿਹੜੀ ਪੱਛਮੀ ਮੁਲਕਾਂ ਵਿਚ ਬੜੇ ਇਹਤਿਆਤ ਨਾਲ ਵਰਤੀ ਜਾਂਦੀ ਹੈ, ਕਿਉਂਕਿ ਇਸ ਦੀ ਵਰਤੋਂ ਖ਼ੂਨ ਵਿਚ ਇਕ ਖਾਸ ਕਿਸਮ ਦੀ ਮਾਰੂ ਤਬਦੀਲੀ ਲਿਆ ਸਕਦੀ ਹੈ। ਪਰ ਸਾਡੇ ਮੁਲਕ ਵਿਚ ਐਰਾ ਗੈਰਾ ਨਥੂ ਖੈਰਾ ਕੇਵਲ ਇਹ ਦਵਾਈਆਂ ਹੀ ਨਹੀਂ ਸਗੋਂ ਹਰ ਕਿਸਮ ਦੀ ਦਵਾਈ ਬਗੈਰ ਕਿਸੇ ਮਾਹਰ ਡਾਕਟਰ ਦੀ ਰਾਇ ਤੋਂ ਵਰਤ ਰਿਹਾ ਹੈ। ਇਕੱਲੀ ਕਲੋਰਮਫੈਨੀਕੋਲ ਦੀ ਦੇਸ਼ ਭਰ ਵਿਚ ਲਾਗਤ ਕੋਈ 120 ਟਨ ਤੀਕਰ ਹੈ।

ਇਹ ਗਲ ਬਹੁਤ ਹੀ ਹੈਰਾਨੀ-ਜਨਕ ਹੈ ਕਿ ਦੁਨੀਆਂ ਭਰ ਵਿਚ ਬੰਦ ਕੀਤੀਆਂ ਗਈਆਂ ਦਵਾਈਆਂ ਸਾਡੇ ਦੇਸ਼ 'ਚ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵਲੋਂ ਜਿਉਂ ਦੀਆਂ ਤਿਉਂ ਵਰਤੀਆਂ ਜਾ ਰਹੀਆਂ ਹਨ। ਇਸ ਭੇਦ ਦਾ ਪ੍ਰਗਟਾਵਾ ਉਦੋਂ ਹੋਇਆ ਜਦੋਂ ਬਰਤਾਨੀਆਂ ਵਿਚ ਦਵਾਈਆਂ ਦੀ ਦੁਰਵਰਤੋਂ ਸਬੰਧੀ ਬਣਾਈ ਗਈ ਕਮੇਟੀ ਦਾ ਇਕ ਨੁਮਾਇੰਦਾ ਭਾਰਤ ਆਇਆ। ਇਸ ਕਮੇਟੀ ਨੇ ਸੰਸਾਰ ਭਰ ਦੀਆਂ ਦਵਾਈ ਕੰਪਨੀਆਂ ਨੂੰ ਦਵਾਈਆਂ ਦੀ ਦੁਰਵਰਤੋਂ ਸਬੰਧੀ ਖਬਰਦਾਰ ਕੀਤਾ ਸੀ। ਇਥੇ ਆ ਕੇ ਉਹਨੇ ਉਹ ਦਵਾਈਆਂ ਵੀ ਆਮ ਵਰਤੀਂਦੀਆਂ ਵੇਖੀਆਂ ਜਿਹੜੀਆਂ ਬਾਹਰਲੇ ਮੁਲਕਾਂ ਵਿਚ ਪੰਜ ਸਾਲ ਤੋਂ ਵੀ ਪਹਿਲੋਂ ਬੰਦ ਕਰ ਦਿੱਤੀਆਂ ਗਈਆਂ ਸਨ ।

ਉਪਰੋਕਤ ਦਲੀਲਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਸਨਅੱਤ ਵਿਚ ਐਨੀ ਮੁਨਾਫੇਖੋਰੀ ਤੇ ਘੋਰ ਲੁੱਟ ਖਸੁੱਟ ਕਰਨ ਵਾਲਿਆ ਦੀ ਭਰਮਾਰ ਹੈ ਤੇ ਇਸ ਲੁੱਟ ਦਾ ਅੱਸੀ ਫ਼ੀ ਸਦੀ ਹਿੱਸਾ ਬਹੁਕੌਮੀ ਇਜਾਰੇਦਾਰ ਕੰਪਨੀਆਂ ਬਟੋਰਦੀਆਂ ਹਨ। ਇਹਨਾਂ ਇਜਾਰੇਦਾਰਾਂ ਦੀ 1947 ਵਿਚ ਕੇਵਲ 10 ਕਰੋੜ ਦੀ ਪੂੰਜੀ ਸੀ ਜਿਹੜੀ ਅਜ 900 ਕਰੋੜ ਨੂੰ ਛੂਹ ਰਹੀ ਹੈ। ਮੁਲਕ ਵਿਚ ਲੰਗ ਭਗ 150 ਇਜਾਰੇਦਾਰ ਕੰਪਨੀਆਂ ਇਸ ਸਨਅੱਤ ਉੱਤੇ ਛਾਏ ਹੋਏ ਹਨ, ਬੇਸ਼ਕ ਸਰਕਾਰ ਕੋਲ ਰਜਿਸਟਰਾਂ ਵਿਚ ਦਵਾਈਆਂ ਬਨਾਉਣ ਵਾਲਿਆਂ ਦੀ ਗਿਣਤੀ 2500 ਤੋਂ ਵੀ ਵਧ ਹੈ, ਇਹਨਾਂ ਵੱਡੇ ਮਗਰਮੱਛਾਂ ਵਲੋਂ ਬਿਮਾਰੀਆਂ ਦੀ ਰੋਕ ਥਾਮ ਜਾਂ ਆਮ ਸਧਾਰਣ ਬਿਮਾਰੀਆਂ ਦੀਆਂ ਦਵਾਈਆਂ ਨਹੀਂ ਬਣਾਈਆਂ ਜਾਂਦੀਆਂ ਸਗੋਂ ਸਿਰਫ ਮੁਨਾਫੇ ਨੂੰ ਮੁੱਖ ਰੱਖ ਕੇ ਤੇ ਵਡੇ ਵਡੇ ਨੁਸਖੇ ਲਿਖ ਕੇ ਡਾਕਟਰਾਂ ਤੇ ਕੈਮਿਸਟਾਂ ਦਾ ਢਿੱਡ ਭਰਨ ਲਈ ਤੇ ਮਰੀਜ਼ ਦਾ ਪੇਟ ਚਾਕ ਕਰਨ ਲਈ ਨਸ਼ੀਲੀਆਂ ਗੋਲੀਆਂ ਤੇ

ਟਾਨਿਕਾਂ ਦੀ ਉਪਜ ਵਲ ਵਧੇਰੇ ਧਿਆਨ ਦਿਤਾ ਜਾਂਦਾ ਹੈ ।

ਇਹ 'ਮਨੋਪਲੀ ਅਤੇ ਡਰੱਗ ਪ੍ਰੈਕਟਿਸਿਜ਼ ਐਕਟ' ਦੀ ਉਲੰਘਣਾ ਸ਼ਰੇਆਮ ਕਰਦੇ ਹਨ ਤੇ ਬਹੁਤੀ ਵਾਰੀ ਇਹ ਲਾਇਸੰਸ ਸੁਦਾ ਮਿਕਦਾਰ ਨਾਲੋਂ ਦੋ ਤਿੰਨ ਗੁਣਾਂ ਵਧ ਦਵਾਈਆਂ ਬਣਾ ਕੇ ਆਪਣੇ ਮੁਨਾਫੇ ਨੂੰ ਹੀ ਮੋਟਾ ਨਹੀਂ ਕਰਦੇ ਸਗੋਂ ਟੈਕਸਾਂ ਦੀ ਚੋਰੀ ਵੀ ਕਰਦੇ ਹਨ । ਸਭ ਨਾਲੋਂ ਖਤਰਨਾਕ ਗੱਲ ਇਹਨਾਂ ਹੀ ਦਵਾਈਆਂ ਦੀਆਂ ਕੀਮਤਾਂ ਮੁਕੱਰਰ ਕਰਨ ਦੀ ਨੀਤੀ ਹੈ, ਜਿਸ ਕਰਕੇ ਸਾਡੀ ਦਵਾਈ ਸਨਅੱਤ ਵਿਚ ਇਕੋ ਹੀ ਦਵਾਈ ਦੀ ਕੀਮਤ ਵਿਚ ਬੇਹਿਸਾਬਾ ਫਰਕ ਹੁੰਦਾ ਹੈ । ਡਾ. ਸੰਜੇ ਲਾਲ ਕਹਿੰਦਾ ਹੈ ਕਿ ਬਹੁਕੌਮੀ ਇਜਾਰੇਦਾਰ ਕੰਪਨੀਆਂ ਕੋਲ ਦਵਾਈਆਂ ਲਈ ਲੋੜੀਂਦੇ ਕੱਚੇ ਮਾਲ ਤੇ ਵੰਡ ਪ੍ਰਣਾਲੀ ਦੀ ਚੌਧਰ ਨੇ, ਉਹਨਾਂ ਲਈ ਮੁਨਾਫੇ ਦੀ ਹਨੇਰੀ ਹੀ ਲੈ ਆਂਦੀ ਹੈ । ਇਹੋ ਕਾਰਨ ਹੈ ਕਿ ਗਰੀਬ ਤੇ ਪਛੜੇ ਮੁਲਕਾਂ ਨੂੰ ਸੋਚੇ ਸਮਝੇ ਤਰੀਕੇ ਨਾਲ ਆਪਣੀਆਂ ਲੋੜਾਂ ਜਾਂ ਉਥੋਂ ਦੀਆਂ ਸਥਾਨਕ ਬਿਮਾਰੀ ਦੀਆਂ ਹਾਲਤਾਂ ਨਾਲੋਂ ਤੋੜ ਕੇ ਬਦੇਸ਼ੀ ਕੰਪਨੀਆਂ ਦੀ ਜਾਣਕਾਰੀ ਤੇ ਦਵਾਈਆਂ ਦਾ ਮੁਥਾਜ ਬਣਾ ਦਿੱਤਾ ਜਾਂਦਾ ਹੈ । ਦਵਾਈਆਂ ਦੇ ਬਰਾਂਡ ਨਾਵਾਂ ਥੱਲੇ ਅਸਲੀਅਤ ਲੁਕਾ ਕੇ ਵੇਚਣ ਦਾ ਤਰੀਕਾ ਇਹਨਾਂ ਸ਼ੈਤਾਨਾਂ ਲਈ ਇੰਨਾ ਜ਼ਿਆਦਾ ਲਾਹੇਵੰਦਾ ਧੰਦਾ ਹੈ ਕਿ ਪਲਿਉਂ ਇਕ ਕੌਡੀ ਖਰਚੇ ਬਗੈਰ ਹੀ ਤੁਸੀਂ ਕਿਸੇ ਦਵਾਈ ਦਾ ਅਸਲੀ ਨਾਂ ਛੱਡ ਕੇ ਬਰਾਂਡ ਨਾਂ ਰੱਖ ਕੇ ਉਹਨੂੰ ਕਈ ਗੁਣਾਂ ਮਹਿੰਗੀ ਵੇਚ ਸਕਦੇ ਹੋ । ਜਿਵੇਂ 'ਵੇਲੀਅਮ' ਨਾਂ ਦੀ ਦਵਾਈ ਹਿੰਦੋਸਤਾਨ ਵਿਚ ਰੋਸ਼ ਕੰਪਨੀ ਵਲੋਂ ਆਪਣੇ ਅਸਲੀ ਨਾਂ ਵਾਲੀ ਦਵਾਈ ਨਾਲੋਂ 5555 ਗੁਣਾਂ ਜ਼ਿਆਦਾ ਵਿਕ ਰਹੀ ਹੈ । ਕਲੋਰਮਫੈਨੀਕੋਲ ਆਪਣੇ ਅਸਲੀ ਨਾਂ ਨਾਲੋਂ ਬਰਾਂਡ ਨਾਵਾਂ ਹੇਠ 680 ਗੁਣਾ ਜ਼ਿਆਦਾ ਵਿਕਦੀ ਹੈ ਤੇ ਇਸੇ ਤਰ੍ਹਾਂ 'ਜਾਨ ਵੇਥ' ਦੀ ਇਕੁਆਨਿਲ ਆਪਣੇ ਅਸਲੀ ਨਾਂ ਨਾਲੋਂ 269 ਗੁਣਾਂ ਜਿਆਦਾ । ਲੰਬੀ ਹੋ ਜਾਣ ਕਰਕੇ ਇਹ ਲਿਸਟ ਇਥੇ ਹੀ ਬੰਦ ਕਰਨੀ ਠੀਕ ਰਹੇਗੀ ।

ਇਜਾਰੇਦਾਰ ਸਾਡੀਆਂ ਸਮਾਜੀ ਲੋੜਾਂ ਅਨੁਸਾਰ ਦਵਾਈਆਂ ਨਹੀਂ ਬਣਾਉਂਦੇ ਤੇ ਨਾਂ ਹੀ ਬਣਾਉਣਗੇ । ਪ੍ਰੰਤੂ ਇਸ ਤੱਥ ਵਲ ਕਦੀ ਕਿਸੇ ਨੇ ਦਿਲਚਸਪੀ ਨਹੀਂ ਵਿਖਾਈ ਕਿ ਇਹ ਲੋਕ ਕਿਸਤਰਾਂ ਆਪਣੀਆਂ ਝੋਲੀਆਂ ਸਾਡੀ ਦੌਲਤ ਨਾਲ ਭਰਦੇ ਹਨ । ਕਿਵੇਂ ਦਵਾਈਆਂ ਦੀ ਰਾਇਲਟੀ, ਖੋਜ ਤੇ ਸਿਖਲਾਈ, ਕੱਚੇ ਮਾਲ ਦੀ ਦਰਾਮਦ ਬਰਾਮਦ ਸਾਨੂੰ ਹੋਰ ਵੀ ਮੁਥਾਜ, ਨਿਗੂਣੇ ਤੇ ਗਰੀਬ ਕਰੀ ਜਾ ਰਹੀ ਏ । ਹਾਥੀ ਕਮੇਟੀ ਨੂੰ ਮਜਬੂਰਨ ਇਹ ਕਹਿਣਾ ਪਿਆ ਸੀ ਕਿ "ਇਜਾਰੇਦਾਰ ਦਵਾਈ ਸਨਅੱਤ ਦਾ ਗੈਰ ਜ਼ਿਮੇਵਾਰਾਨਾ ਸਮਜਾਕ ਰਵਈਆ ਮੁਲਕ ਦੇ ਕਾਨੂੰਨ ਤੇ ਸਰਕਾਰੀ ਤਾਕਤ ਨਾਲ ਬਦਲਿਆ ਜਾ ਸਕਦਾ ਹੈ, ਪਰ ਇਹਨਾਂ ਕੰਪਨੀਆਂ ਦੀ ਸਰਕਾਰੇ ਦਰਬਾਰੇ ਪਹੁੰਚ ਤੇ ਭਾਈਵਾਲੀ ਕਰਕੇ ਇਹ ਗਲ ਮੁਸ਼ਕਲ ਹੀ ਨਹੀਂ, ਅਸੰਭਵ ਹੈ ।" ਇਸ ਲਈ ਜ਼ਰੂਰੀ ਹੈ ਕਿ ਇਹਨਾਂ ਦੇ ਚਿਹਰੇ ਮੋਹਰੇ ਨੂੰ ਲੋਕਾਂ ਦੀ ਅਦਾਲਤ ਵਿਚ ਨੰਗਾ ਕੀਤਾ ਜਾਵੇ ਤਾਂ ਕਿ ਲੋਕ ਇਸ ਲੁਕੀ ਹੋਈ ਘਿਨਾਉਣੀ ਲੁੱਟ ਖਸੁੱਟ ਖਿਲਾਫ ਜਦੋਜਹਿਦ ਕਰਨ ਲਈ ਸੁਚੇਤ ਹੋਣ ।

ਇਕ ਆਖਰੀ ਨੁਕਤਾ ਹੋਰ ਵੀ ਧਿਆਨ ਦੇਣ ਵਾਲਾ ਹੈ, ਕਿ ਇਹ ਭੱਦਰ ਪੁਰਸ਼ ਆਪਣੇ ਮੁਲਾਜਮਾਂ ਦਾ ਰੱਤ ਨਚੋੜ ਕੇ ਮੁਨਾਫਾ ਕਮਾਉਣ ਤੀਕਰ ਕਿਵੇਂ ਜਾਂਦੇ ਹਨ, ਜ਼ਰਾ ਦੇਖੋ—

| ਕੰਪਨੀ ਦਾ ਨਾਂ | ਕੁਲ ਮੁਲਾਜ਼ਮ | | ਕੁਲ ਮੁਨਾਫ਼ਾ ਕਰੋੜਾਂ ਵਿਚ | |
|---|---|---|---|---|
| | 1974 | 1978 | 1974 | 1978 |
| ਗਲੈਕਸੋ | 5033 | 5055 | 3·60 | 8·38 |
| ਫਾਈਜ਼ਰ | 1019 | 1013 | 6·42 | 6·90 |

ਸੋ ਇਹ ਸਨਅੱਤ ਸਾਡੀ ਸਿਹਤ ਦੀ ਰਖਵਾਲੀ ਕਰਨ ਦੀ ਥਾਂ ਆਪਣੇ ਢਿੱਡ ਦੀ ਰਾਖੀ ਕਰ ਰਹੀ ਹੈ ।

[ਕਲਕਤਿਉਂ ਨਿਕਲਦੇ ਰਸਾਲੇ ਹੈਲਥ ਐਂਡ ਸੁਸਾਇਟੀ ਤੋਂ ਧੰਨਵਾਦ ਸਹਿਤ]

□ ਡਾ. ਨਿਰਮਲ ਸਿੰਘ

## ਕੌਮੀ ਸੁਰੱਖਿਆ ਆਰਡੀਨੈਂਸ— ਜਮਹੂਰੀਅਤ ਲਈ ਬਦਸ਼ਗਨੀ

ਜਨਵਰੀ 1980 ਦੀਆਂ ਲੋਕ ਸਭਾ ਲਈ ਚੋਣਾਂ ਤੋਂ ਪਹਿਲੇ ਇੰਦਰਾ ਗਾਂਧੀ ਦੇ ਹਮਾਇਤੀ ਕਹਿੰਦੇ ਸਨ ਅਤੇ ਅਖਬਾਰਾਂ ਵਿਚ ਵੀ ਲਿਖਦੇ ਸਨ ਕਿ ਇੰਦਰਾ ਨੇ ਹੁਣ ਸੱਬਕ ਸਿਖ ਲਿਆ ਹੈ, ਜੇਕਰ ਉਹ ਫੇਰ ਤਾਕਤ ਵਿਚ ਆਈ ਤਾਂ ਉਹ ਐਮਰਜੈਂਸੀ ਵਰਗੀ ਕੋਈ ਗਲਤੀ ਨਹੀਂ ਕਰੇਗੀ । ਪਰ ਇਹ ਸਾਰੀਆਂ ਉਮੀਦਾਂ ਉਹਦੇ ਤਾਕਤ ਵਿਚ ਆਉਂਦਿਆਂ ਹੀ ਝੂਠੀਆਂ ਪੈ ਗਈਆਂ ।

ਆਉਂਦਿਆਂ ਹੀ ਪਹਿਲਾ ਕਮ ਜਿਹੜਾ ਉਹਨੇ ਕੀਤਾ ਉਹ ਇਹ ਸੀ ਕਿ ਐਮਰਜੈਂਸੀ ਦੀਆਂ ਬਦਨਾਮ ਹੱਸਤੀਆਂ ਸਰਦਾਰ ਭਿੰਡਰ ਅਤੇ ਜਗਮੋਹਣ ਨੂੰ ਸਿਲਸਲੇ ਵਾਰ ਦਿੱਲੀ ਦਾ ਪੁਲਸ ਕਮਿਸ਼ਨਰ ਅਤੇ ਗਵਰਨਰ ਬਣਾ ਦਿੱਤਾ ਸ਼ਾਹ ਕਮਿਸ਼ਨ ਦੀ ਰੀਪੋਟ ਤੇ ਕਾਰਵਾਈ ਫੌਰੀ ਬੰਦ ਕਰ ਦਿਤੀ ਅਤੇ ਉਹਦੀਆਂ ਸਾਰੀਆਂ ਕਾਪੀਆਂ ਨੂੰ ਵਾਸਤਵ ਤੌਰ ਤੇ ਜ਼ਬਤ ਕਰਨ ਦਾ ਹੁਕਮ ਚਾੜ੍ਹ ਦਿਤਾ। ਪ੍ਰੈਸ ਦੀ ਇਕ ਧਿਰ ਜਿਹੜੀ ਉਹ ਦੇ ਵਿਰੁਧ ਸੀ, ਉਸ ਵਲ ਬਦਲਾਲਊ ਨੀਤੀ ਨਾਲ ਕਾਰਵਾਈ ਸ਼ੁਰੂ ਕਰ ਦਿਤੀ।

ਸਥਾਪਤ ਜਮਹੂਰੀ ਕਦਰਾਂ ਕੀਮਤਾਂ ਦੀ ਮਿੱਟੀ ਉਦੋਂ ਰੁਲੀ ਜਦੋਂ ਨੌਂ ਸੂਬਿਆਂ ਦੀ ਗੈਰ ਕਾਂਗਰਸੀ ਸਰਕਾਰਾਂ ਨੂੰ ਇਕ ਆਰਡੀਨੈਂਸ ਰਾਹੀਂ ਬਰਖਾਸਤ ਕਰ ਦਿਤਾ ਅਤੇ ਅਸੈਂਬਲੀਆਂ ਭੰਗ ਕਰ ਦਿਤੀਆਂ ਭਾਵੇਂ ਉਹ ਆਪਣੇ ਪੰਜ ਸਾਲਾਂ ਵਿਚੋਂ ਹਾਲੇ ਢਾਈ ਸਾਲ ਹੀ ਪੂਰਾ ਕਰ ਸਕੀਆਂ ਸਨ ਅਤੇ ਉਹਨਾਂ ਵਿਚ ਕੋਈ ਸੰਕਟ ਦੀ ਸਥਿਤੀ ਨਹੀਂ ਸੀ। ਇਹ ਵਿਧਾਨ ਦੀ ਧਾਰਾ 356 ਦੀ ਸਿੱਧੀ ਹੀ ਉਲੰਘਣਾ ਸੀ। ਇਹ ਕਾਰਵਾਈ ਇਕ ਪੁਰਖਾ ਤਾਨਾਸ਼ਾਹੀ ਰਾਜ ਵਲ ਇਕ ਵਡਾ ਕਦਮ ਸੀ ਕਿ ਸਾਰੀ ਤਾਕਤ ਦਾ ਇਕ ਥਾਂ ਤੇ ਇਕ ਵਿਯਕਤੀ ਥੱਲੇ ਕੇਂਦਰੀਕਰਨ ਕੀਤਾ ਜਾਏ।

ਤਾਨਾਸ਼ਾਹੀ ਵਲ ਵਧਣ ਦੇ ਇਸ ਤੇਜ਼ ਅਮਲ ਵਿਚ ਸੰਜੇ ਗਾਂਧੀ ਦੀ ਮੌਤ ਨੇ ਥੋੜੀ ਦੇਰ ਲਈ ਕੁਝ ਠੱਲ ਪਾਈ। ਲੋਕਾਂ ਫਿਰ ਕਹਿਣਾ ਸ਼ੁਰੂ ਕਰ ਦਿਤਾ ਕਿ ਇੰਦਰਾ ਗਾਂਧੀ ਫੇਰ ਵੀ ਜਵਾਹਰ ਲਾਲ ਦੀ ਧੀ ਹੈ, ਉਸਦੇ ਅਸਰ ਰਸੂਖ ਥੱਲੇ ਜੰਮੀ ਪਲੀ ਹੈ, ਸੰਜੇ ਵਲੋਂ ਦਬਾਓ ਦੀ ਗ਼ੈਰਹਾਜ਼ਰੀ ਵਿਚ ਉਹ ਆਪਣੇ ਆਪ ਨਹੀਂ ਕੋਈ ਐਸਾ ਕਦਮ ਚੁਕੇਗੀ ਜਿਹੜਾ ਗ਼ੈਰ ਜਮਹੂਰੀ ਹੋਵੇ। ਪਰ ਇਹ ਉਮੀਦ ਵੀ ਥੋੜੀ ਦੇਰ ਹੀ ਕਾਇਮ ਰਹੀ। ਇਕ ਇਕ ਕਰਕੇ ਪਹਿਲੇ ਆਸਾਮ ਫੇਰ ਗੁਜਰਾਤ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਮਧਿਆ ਪ੍ਰਦੇਸ਼ ਜਿਹੜੇ ਇੰਦਰਾ ਕਾਂਗਰਸ ਦੀਆਂ ਸਰਕਾਰਾਂ ਤੇ ਸੂਬੇ ਸਨ, ਉਥੇ ਇਤਹਾਤੀ ਨਜ਼ਰਬੰਦੀ ਦੇ ਆਰਡੀਨੈਂਸ ਹੋਂਦ ਵਿਚ ਆ ਗਏ ਤੇ ਸਿਖਰ ਉਸ ਵੇਲੇ ਪੁੱਜਿਆ, ਜਦੋਂ 23 ਸਤੰਬਰ 1980 ਨੂੰ 'ਕੌਮੀ ਸੁਰੱਖਿਆ' ਆਰਡੀਨੈਂਸ ਪਾਸ ਕਰ ਦਿਤਾ ਗਿਆ ਜੋ ਜੰਮੂ ਕਸ਼ਮੀਰ ਨੂੰ ਛੱਡਕੇ ਸਾਰੇ ਦੇਸ਼ ਤੇ ਲਾਗੂ ਹੋ ਗਿਆ ਇਸ ਆਰਡੀਨੈਂਸ ਨੂੰ ਨਾ ਭਾਵੇਂ ਥੋੜਾ ਜਿਹਾ ਇਜ਼ਤ ਵਾਲਾ ਭਾਵ 'ਕੌਮੀ ਸੁਰੱਖਿਆ' ਦਾ ਦਿਤਾ ਗਿਆ ਪਰ ਇਹਦੀਆਂ ਸਾਰੀਆਂ ਧਾਰਾਵਾਂ ਉਹੀ ਹਨ ਜਿਹੜੀਆਂ ਕਾਲੇ ਕਨੂੰਨ ਵਾਲੇ 'ਮੀਸਾ' ਵਿਚ ਸਨ ਅਤੇ ਜਿਨਾਂ ਦੀ ਹਰ ਵੇਲੇ ਉਸੇ ਤਰ੍ਹਾਂ ਹੀ ਤੇ ਉਤਨੀ ਹੀ ਮਾਤਰਾ ਵਿਚ ਦੁਰ ਵਰਤੋਂ ਹੋ ਸਕਦੀ ਹੈ,ਜਿਤਨੀ 'ਮੀਸਾ' ਦੀ ਹੋਈ ਹੈ।

ਕਿਸੇ ਵੀ ਪੱਖ ਤੋਂ ਇਹ ਨਹੀਂ ਕਿਹਾ ਜਾ ਸਕਦਾ ਕਿ ਦੇਸ਼ ਦੀ ਹਾਲਤ ਇਸ ਵੇਲੇ ਇਹੋ ਜਿਹੀ ਹੈ ਕਿ ਇਹੋ ਜਿਹੇ ਕਾਨੂੰਨ ਦੀ ਲੋੜ ਹੋਵੇ। ਦੇਸ਼ ਦੀ ਸੁਰੱਖਿਆ ਨੂੰ ਨਾ ਹੀ ਕਿਸੇ ਬਾਹਰਲੇ ਹਮਲੇ ਦਾ ਖਤਰਾ ਹੈ ਅਤੇ ਨਾ ਹੀ ਦੇਸ਼ ਦੇ ਅੰਦਰ ਐਸੀ ਕੋਈ ਬਗ਼ਾਵਤ ਵਾਲੀ ਸਥਿਤੀ ਹੈ ਜਿਹੜੀ ਦੇਸ਼ ਲਈ ਖਤਰਾ ਹੋਵੇ। ਦੇਸ਼ ਵਿਚ ਕੋਈ ਗੜਬੜ ਐਸੀ ਨਹੀਂ, ਜਿਹੜੀ ਅਮਨ ਤੇ ਸ਼ਾਂਤੀ ਲਈ ਇਕ ਦਮ ਖਤਰਾ ਬਣਦੀ ਹੋਵੇ ਤੇ ਜਿਹੜੀ ਪਹਿਲੇ ਕਾਨੂੰਨਾਂ ਨਾਲ ਨਿੱਪਟੀ ਨਾਂ ਜਾ ਸਕਦੀ ਹੋਵੇ। ਜੇਕਰ ਕੋਈ ਗੜਬੜ ਹੋਈ ਵੀ ਹੈ ਤਾਂ ਉਹ ਫਿਰਕੂ ਫਸਾਦਾਂ ਦੀ ਸ਼ਕਲ ਵਿਚ ਹੋਈ ਹੈ ਪਰ ਹੈਰਾਨੀ ਦੀ ਗਲ ਹੈ ਕਿ ਜਦੋਂ ਇਸ ਆਰਡੀਨੈਂਸ ਦੀ ਲੋੜ ਐਲਾਨੀ ਗਈ ਹੈ ਤਾਂ ਉਸ ਵਿਚ ਕਿਧਰੇ ਇਹ ਜ਼ਿਕਰ ਤਕ ਨਹੀਂ ਕਿ ਇਹ ਆਰਡੀਨੈਂਸ ਫਿਰਕੂ ਫਸਾਦਾਂ ਨੂੰ ਰੋਕਣ ਵਾਸਤੇ ਇਸਤੇਮਾਲ ਕੀਤਾ ਜਾਏਗਾ।

ਕੌਮ ਦੀ ਸੁਰੱਖਿਆਂ ਨੂੰ ਜੇਕਰ ਕੋਈ ਹੋਰ ਖਤਰਾ ਇਸ ਵੇਲੇ ਵਡਾ ਹੈ ਤਾਂ ਉਹ 'ਬਲੈਕ ਮਾਰਕਟਿ' ਦਾ ਹੈ ਪਰ ਉਹ ਰੋਕਣ ਲਈ ਇਸ ਆਰਡੀਨੈਂਸ ਦੀ ਲੋੜ ਨਹੀਂ ਸੀ, ਕਿਉਂਕਿ ਇਹਦੇ ਲਈ ਪਹਿਲੇ ਹੀ ਇਕ ਆਰਡੀਨੈਂਸ ਜਿਸਦਾ ਨਾਂ ਬਲੈਕ ਮਾਰਕਿਟਿੰਗ ਦੀ ਰੋਕਥਾਮ ਅਤੇ ਜ਼ਰੂਰੀ ਵਸਤੂਆਂ ਦੀ ਸਪਲਾਈ ਕਾਇਮ ਰਖਣ ਲਈ ਆਰਡੀਨੈਂਸ ਹੈ 1980 ਵਿਚ ਹੀ ਪਾਰਲੀਮੈਂਟ ਨੇ ਪਾਸ ਕੀਤਾ ਹੋਇਆ ਹੈ। ਸੋ ਇਸ ਸਪੱਸ਼ਟ ਹੈ ਕਿ ਇਸ ਆਰਡੀਨੈਂਸ ਦਾ ਮੰਤਵ ਸਿਵਾਏ ਇਸਦੇ ਕਿ ਹਾਕਮਾਂ ਨੂੰ ਪੁਲਸ ਅਤੇ ਇੰਤਜ਼ਾਮੀਆਂ ਅਫਸਰਸ਼ਾਹੀ ਦੇ ਰਾਹੀਂ ਹਰ ਇਕ ਵਿਅਕਤੀ ਨੂੰ ਬਗੈਰ ਕਾਰਨ ਦੱਸੇ ਹਵਾਲਾਤ ਵਿਚ ਡਕਨ 'ਦਾ ਜਾਂ ਜੇਲੀ ਪਾਉਣ ਦਾ ਅਨ੍ਹਾਂ ਇਖਤਿਆਰ ਦੇਣਾ, ਹੋਰ ਕੁਝ ਨਹੀਂ। ਕਿਸੇ ਵੀ ਹਕੂਮਤ ਦਾ ਆਪਣੇ ਲਈ ਇਹੋ ਜਿਹੇ ਇਖਤਿਆਰ ਲੈ ਲੈਣਾ ਉਹਨਾਂ ਸਾਰੀਆਂ ਸਥਾਪਤ ਕਦਰਾਂ ਕੀਮਤਾਂ ਦੇ ਮੂੰਹ ਤੇ ਸਿੱਧੀ ਚਪੇੜ ਹੈ, ਜਿਹੜੀਆਂ, ਮਨੁੱਖ ਨੇ ਲੰਮੇ ਇਤਿਹਾਸ ਵਿਚ ਬੜੇ ਸੰਘਰਸ਼ਾਂ ਨਾਲ ਹਾਸਿਲ ਕੀਤੀਆਂ ਹਨ।

ਕਿਸੇ ਵੀ ਸਭਿਆ ਦੇਸ਼ ਵਿਚ ਹਕੂਮਤ ਇਹੋ ਜਹ ਇਖਤਿਆਰ ਕੌਮ ਕੋਲੋਂ ਉਸ ਵੇਲੇ ਹੀ ਮੰਗਦੀ ਹੈ, ਜਦੋਂ

ਉਹ ਦੇਸ਼ ਬਾਹਰਲੀ ਤਾਕਤ ਨਾਲ ਕੋਈ ਜੰਗ ਲੜ ਰਿਹਾ, ਹੋਵੇ। ਇਥੇ ਸਾਨੂੰ ਜਨਤਾ ਪਾਰਟੀ ਦੀ ਨਾਲਾਇਕੀ ਵਲ ਵੀ ਉਂਗਲ ਕਰਨੀ ਚਾਹੀਦੀ ਹੈ ਕਿ ਉਹਨਾਂ ਵੇਲੇ ਵੀ ਇਤਹਾਤੀ ਨਜ਼ਰਬੰਦੀ ਦਾ ਕਾਨੂੰਨ ਦੇਸ਼ ਵਿਚ ਰਿਹਾ ਜਦੋਂ ਕਿ ਦੇਸ਼ ਵਿਚ ਬਿਲਕੁਲ ਹੀ ਅਮਨ ਸ਼ਾਂਤੀ ਸੀ ਅਤੇ ਕਿਸੇ ਵੀ ਕਿਸਮ ਦਾ ਬੈਰੂਨੀ ਜੰਗ ਦਾ ਖ਼ਤਰਾ ਨਹੀਂ ਸੀ। ਉਹ ਗੱਦੀ ਤੇ ਬੈਠ ਕੇ ਭੁੱਲ ਗਏ ਸਨ ਕਿ ਇਹੋ ਜਿਹੇ ਕਾਨੂੰਨ ਦੀ ਉਹਨਾਂ ਦੇ ਖ਼ਿਲਾਫ ਕਿਸ ਤਰ੍ਹਾਂ ਦੁਰਵਰਤੋਂ ਕੀਤੀ ਗਈ ਸੀ। ਉਹ ਬੜਾ ਸੌਖਿਆਂ ਇਹ ਕਰ ਸਕਦੇ ਸਨ ਕਿ ਇਕ ਐਸੀ ਤਰਮੀਮ ਕਾਨੂੰਨੀ ਗਰੰਥ ਵਿਚ ਲੈ ਆਉਂਦੇ ਕਿ ਇਹੋ ਜਿਹਾ ਕੋਈ ਵੀ ਕਾਨੂੰਨ ਸਿਵਾਏ ਜੰਗ ਦੇ ਵੇਲੇ ਦੇ ਕਦੀ ਵੀ ਦੇਸ਼ ਵਿਚ ਲਾਗੂ ਨਹੀਂ ਕੀਤਾ ਜਾ ਸਕਦਾ। ਉਸ ਦੇ ਉਲਟ ਉਹ ਵੀ ਅਫ਼ਸਰਸ਼ਾਹੀ ਦੇ ਅਸਰ ਰਸੂਖ ਥਲੇ ਇਹ ਗਲ ਮੰਨ ਗਏ ਕਿ ਇਹੋ ਜਿਹੇ ਕਾਨੂੰਨ ਦੀ ਇਸ ਦੇਸ਼ ਨੂੰ ਜ਼ਰੂਰਤ ਹੈ। ਉਹਨਾਂ ਦੀਆਂ ਬਹੁਤ ਸਾਰੀਆਂ ਨਲਾਇਕੀਆਂ ਵਿਚੋਂ ਇਹ ਇਕ ਵਡੀ ਨਲਾਇਕੀ ਸੀ, ਜਿਹੜੀ ਕਦੀ ਵੀ ਮੁਆਫ਼ ਨਹੀਂ ਕੀਤੀ ਜਾ ਸਕਦੀ।

ਤਿੰਨ ਵਡੇ ਕਾਰਣ ਸੌਖੇ ਹੀ ਗਿਣਾਏ ਜਾ ਸਕਦੇ ਹਨ, ਜਿਨਾਂ ਦੀ ਬਿਨਾਂ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਆਰਡੀਨੈਂਸ ਜਮਹੂਰੀਅਤ ਜਾਂ ਜਮਹੂਰੀ ਸਮਾਜ ਦੀਆਂ ਜੜਾਂ ਪੁੱਟਦਾ ਹੈ। ਪਹਿਲੀ ਗਲ ਤੇ ਇਹ ਹੈ ਕਿ ਇਹ ਆਰਡੀਨੈਂਸ 'ਐਗਜ਼ੈਕਟਿਵ' (ਇੰਤਜ਼ਾਮੀਆਂ ਅਫਸਰ ਸ਼ਾਹੀ)ਨੂੰ ਇਹ ਇਖ਼ਤਿਆਰ ਦੇਂਦੀ ਹੈ ਕਿ ਕਿਸੇ ਵਿਅਕਤੀ ਨੂੰ ਬਗੈਰ ਉਹਦਾ ਕਸੂਰ ਦਸਿਆਂ ਕਈ ਮਹੀਨੇ ਜ਼ੇਲ੍ਹ ਵਿਚ ਸੁੱਟਿਆ ਜਾ ਸਕਦਾ ਹੈ। ਇਹ ਕਿਤਨਾ ਜਾਬਰ ਅਤੇ ਵਾਹਯਾਤ ਕਾਨੂੰਨ ਹੈ; ਇਸ ਦੇ ਲਈ ਕਿਸੇ ਕਿਸਮ ਦੀ ਅਗੇ ਵਿਆਖਿਆ ਦੀ ਲੋੜ ਨਹੀਂ। ਦੂਜੀ ਗਲ ਇਹ ਹੈ ਕਿ ਇਹ ਆਰਡੀਨੈਂਸ ਇੰਤਜ਼ਾਮੀ ਅਫਸਰਾਂ ਨੂੰ ਪੂਰੀ ਇਜਾਜ਼ਤ ਦੇਂਦਾ ਹੈ ਕਿ ਉਹ ਕਿਸੇ ਵਿਅਕਤੀ ਦੇ ਵਿਰੁਧ ਹਰ ਕਿਸਮ ਦੀ ਬਦਲਾ ਲਊ ਕਾਰਵਾਈ ਬਗੈਰ ਰੋਕਟੋਕ ਕਰ ਸਕਦਾ ਹੈ, ਜਾਂ ਇਹਦੀ ਦੂਜੀ ਸ਼ਕਲ ਇਹ ਕਿ ਹਰ ਕਿਸਮ ਦੀ ਨਾਜ਼ਾਇਜ਼ ਭ੍ਰਿਸ਼ਟਾਚਾਰੀ ਕਾਰਵਾਈ ਕਰ ਸਕਦਾ ਹੈ। ਮਿਸਾਲਾਂ ਸਾਹਮਣੇ ਹਨ ਜਦੋਂ ਐਮਰਜੈਂਸੀ ਵੇਲੇ ਪੁਲਸ ਅਧਿਕਾਰੀਆਂ ਨੇ ਵਪਾਰੀਆਂ ਕੋਲੋਂ ਵਡੀਆਂ ਰਕਮਾਂ ਉਗਰਾਹੀਆਂ, ਇਹ ਧੱਮਕੀ ਦੇ ਕੇ ਜੇਕਰ ਉਹਨਾਂ ਨੇ ਇਹ ਰਕਮ ਨਾਂ ਦਿਤੀ ਤਾਂ ਉਹਨਾਂ ਨੂੰ 'ਮੀਸਾ' ਦੇ ਅਧੀਨ ਅੰਦਰ ਕਰਵਾ ਦਿਤਾ ਜਾਏਗਾ। ਤੀਸਰਾ ਇਤਰਾਜ਼ ਤੇ ਜਿਹੜਾ ਸਾਰਿਆਂ ਨਾਲੋਂ ਮਹੱਤਵਪੂਰਨ ਹੈ ਕਿ ਜਦੋਂ ਸਮੇਂ ਦੀ ਸਰਕਾਰ ਲੋਕਾਂ ਦੇ ਕਿਸੇ ਵੀ ਬੁਨਿਆਦੀ ਮਸਲੇ ਨੂੰ ਹਲ ਨਹੀਂ ਕਰ ਸਕੇਗੀ, ਭਾਵੇਂ ਉਹ ਗਰੀਬੀ ਦਾ ਹੋਵੇ, ਭਾਵੇਂ ਬੇਰੁਜ਼ਗਾਰੀ ਦਾ ਹੋਵੇ, ਜਾਂ ਮਹਿੰਗਾਈ ਦਾ ਹੋਵੇ, ਅਤੇ ਜਦੋਂ ਲੋਕ ਇਸਦੇ ਬਾਰੇ ਕੋਈ ਆਵਾਜ਼ ਉਠਾਨਗੇ ਤਾਂ ਇਹ ਇਤਹਾਤੀ ਨਜ਼ਰਬੰਦੀ ਦਾ ਕਾਨੂੰਨ ਉਹਨਾਂ ਦੀ ਆਵਾਜ਼ ਬੰਦ ਕਰਨ ਲਈ ਵਰਤਿਆ ਜਾਏਗਾ ਅਤੇ ਇਸ ਤਰ੍ਹਾਂ ਇਕ ਦਹਿਸ਼ਤ ਦਾ ਰਾਜ ਕਾਇਮ ਕਰ ਦਿਤਾ ਜਾਵੇਗਾ। ਇਹ ਬਿਲਕੁਲ ਉਹੀ ਤਜਰਬਾ ਹੋਵੇਗਾ ਜੋ 'ਐਮਰਜੈਂਸੀ' ਵੇਲੇ ਹੋਇਆ। ਐਮਰਜੈਂਸੀ ਵੇਲੇ ਵੀ ਇਹ ਇਤਹਾਤੀ ਨਜ਼ਰਬੰਦੀ ਵਾਲਾ ਕਾਨੂੰਨ ਹੀ ਵਡੇ ਪੈਮਾਨੇ ਤੇ ਵਰਤਿਆ ਗਿਆ ਸੀ।

ਇਹ ਵੀ ਕਿਹਾ ਜਾਂਦਾ ਹੈ ਕਿ ਇਹ ਕਾਨੂੰਨ ਜਾਂ ਆਰਡੀਨੈਂਸ ਸਿਰਫ ਸਰਕਾਰ ਨੇ ਕਿਸੇ ਸੰਕਟ ਦੇ ਮੌਕੇ 'ਤੇ ਵਰਤਣ ਲਈ ਹੀ ਬਣਾਇਆ ਹੈ ਤੇ ਇਹਦੀ ਕੋਈ ਫੌਰੀ ਵਰਤੋਂ ਨਹੀਂ ਕੀਤੀ ਜਾਏਗੀ। ਇਥੇ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ 'ਮੀਸਾ' 1971 ਵਿਚ ਕਾਗਜ਼ਾਂ ਵਿਚ ਆਇਆ ਸੀ ਪਰ ਉਹਦੀ ਅਸਲੀ ਵਰਤੋਂ ਜੂਨ 1975 ਦੇ ਬਾਅਦ ਹੀ ਕੀਤੀ ਗਈ ਸੀ। ਪਹਿਲੇ ਕਿਉਂ ਨਾ ਕੀਤੀ ਗਈ ਕਿਉਂਕਿ ਉਸ ਵੇਲੇ ਇੰਦਰਾ ਗਾਂਧੀ ਬੰਗਲਾਦੇਸ਼ ਦੀ ਲੜਾਈ ਦੇ ਬਾਅਦ ਲੋਕਾਂ ਨੂੰ ਇਹ ਭਰਮ ਦੇਣ ਵਿਚ ਸਫਲ ਸੀ ਕਿ ਉਹੀ ਦੇਸ਼ ਦੀ ਸਾਰਿਆਂ ਤੋਂ ਚੰਗੀ ਨੇਤਾ ਹੈ। 1975 ਵਿਚ ਜਦੋਂ ਇਹ ਕਾਨੂੰਨ ਅਸਲ ਮੈਨਿਆਂ ਵਿਚ ਵਰਤਿਆ ਗਿਆ, ਉਸ ਵੇਲੇ ਇੰਦਰਾ ਗਾਂਧੀ ਦੀ ਲੋਕ ਪ੍ਰਿਯਤਾ ਮਿੱਟੀ ਵਿਚ ਮਿਲ ਚੁਕੀ ਸੀ ਅਤੇ ਥਾਂ ਥਾਂ ਤੇ ਉਸ ਨੂੰ ਗੱਦੀ ਤੋਂ ਲਾਹੁਣ ਲਈ ਸੰਘਰਸ਼ ਚਲ ਰਹੇ ਸਨ ਤੇ ਅਲਾਹਬਾਦ ਹਾਈ-ਕੋਰਟ ਦਾ ਫੈਸਲਾ ਉਹਦੇ ਵਿਰੁਧ ਆ ਚੁਕਿਆ ਸੀ। ਜੋ ਦੇਸ਼ ਦੀ ਹਾਲਤ 1975 ਵਿਚ ਸੀ, ਉਹ ਹੁਣ ਛੇਤੀ ਹੀ ਆਉਣ ਵਾਲੀ ਹੈ, ਕਿਉਂਕਿ ਮੌਜੂਦਾ ਸਰਕਾਰ ਨੇ ਆਪਣੇ ਦਸ ਮਹੀਨਿਆਂ ਦੇ ਰਾਜ ਵਿਚ ਇਹ ਚੰਗੀ ਪ੍ਰਕਾਰ ਸਾਬਤ ਕਰ ਦਿਤਾ ਹੈ ਕਿ ਉਹ ਲੋਕਾਂ ਦੇ ਕਿਸ ਵੀ ਮਾਮਲੇ ਨੂੰ ਨਿਜੱਠਣ ਦੇ ਯੋਗ ਨਹੀਂ ਹੈ। ਉਸ ਵੇਲੇ ਇਸ 'ਕੌਮੀ ਸੁਰਖਿਆ ਆਰਡੀਨੈਂਸ' ਦੀ ਉਸੇ ਤਰ੍ਹਾਂ ਦੁਰਵਰਤੋਂ ਕੀਤੀ ਜਾਏਗੀ, ਜਿਸ ਤਰ੍ਹਾਂ ਐਮਰਜੈਂਸੀ ਵੇਲੇ 'ਮੀਸਾ' ਦੀ ਕੀਤੀ ਗਈ ਸੀ।

ਇਕ ਹੋਰ ਵੀ ਵਡਾ ਕਾਰਨ ਇਸ ਦੁਰਵਰ ਹੈ, ਉਹ ਇਹ ਹੈ ਕਿ 1975 ਦੇ ਮੁਕਾਬਲ ਇ

ਸਰਕਾਰ ਦੀ ਤਾਕਤ ਦਾ ਪੂਰਾ ਕੇਂਦਰੀਕਰਨ ਹੋ ਚੁੱਕਾ ਹੈ। ਹਕੂਮਤ ਕਰਦੀ ਪਾਰਟੀ ਸਾਰੀ ਇਕੋ ਹੀ ਵਿਅਕਤੀ ਦੀ ਮੁੱਠੀ ਵਿਚ ਹੈ। ਉਹਦੀ ਆਪਣੀ ਪਾਰਟੀ ਵਿਚ ਉਹ ਨੂੰ ਕੋਈ ਵੀ ਚੈਲਿੰਜ ਕਰਨ ਵਾਲਾ ਨਹੀਂ। ਕੋਈ ਵੀ ਐਸਾ ਅਦੋਲਨ ਜਾਂ ਲਹਿਰ ਜਿਹੜੀ ਉਹਦੀ ਹੋਂਦ ਲਈ ਥੋੜਾ ਜਿਹਾ ਖ਼ਤਰਾ ਹੀ ਸਾਬਤ ਹੋ ਸਕਦੀ ਹੈ, ਉਹ ਪੂਰੀ ਤਾਕਤ ਨਾਲ ਉਸ ਨੂੰ ਦਬਾਏਗੀ ਅਤੇ ਇਹੋ ਜਿਹੇ ਆਰਡੀਨੈਂਸ ਇਸ ਦਮਨ ਮਸ਼ੀਨਰੀ ਦੇ ਵਡੇ ਹਥਿਆਰ ਹੋਣਗੇ।

ਮਨੁੱਖ ਦੀਆਂ ਬੁਨਿਆਦੀ ਕਦਰਾਂ ਕੀਮਤਾਂ ਅਤੇ ਆਜ਼ਾਦੀ ਲਈ ਇਹ ਆਰਡੀਨੈਂਸ ਇਕ ਵਡਾ ਖ਼ਤਰਾ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਸ਼ਹਿਰੀ ਆਜ਼ਾਦੀ ਲਈ ਲੜਨ ਵਾਲੀਆਂ ਸਾਰੀਆਂ ਗ਼ੈਰਸਿਆਸੀ ਸੰਸਥਾਵਾਂ, ਜਿਸ ਤਰ੍ਹਾਂ ਇਕ ਸੰਸਥਾ ਹੈ 'ਸਿਟੀਜ਼ਨਸ ਫਾਰ ਡੈਮੋਕਰੇਸੀ ਐਂਡ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' (ਪੰਜਾਬ ਵਿਚ ਜਮਹੂਰੀ ਅਧਿਕਾਰ ਸਭਾ ਇਕ ਐਸੀ ਸੰਸਥਾ ਹੈ —ਸੰਪਾਦਕ) ਤੇ ਨਾਲ ਹੀ ਸਾਰੀਆਂ ਵਿਰੋਧੀ ਧਿਰ ਦੀਆਂ ਪਾਰਟੀਆਂ, ਇਕ ਵਿਉਂਤ ਬੰਦ ਤਰੀਕੇ ਨਾਲ ਇਸ ਆਰਡੀਨੈਂਸ ਦੇ ਵਿਰੁਧ ਲੰਮੇ ਸੰਘਰਸ਼ ਦਾ ਪ੍ਰੋਗਰਾਮ ਬਨਾਉਣ। ਇਕ ਪ੍ਰਚਾਰ ਮੁਹਿੰਮ ਇਸ ਆਰਡੀ-ਨੈਂਸ ਦੇ ਵਿਰੁਧ ਚਲਾਈ ਜਾਏ। ਲੋਕਾਂ ਨੂੰ ਚੇਤਣ ਕੀਤਾ ਜਾਏ ਕਿ ਤੁਹਾਡੀਆਂ ਹੀ ਵੋਟਾਂ ਨਾਲ ਚੁਣੀ ਹੋਈ ਸਰਕਾਰ ਤੁਹਾਡਾ ਕੁਝ ਬੋਲਨ ਦਾ ਉਹ ਹੱਕ ਵੀ ਖ਼ੋਹ ਰਹੀ ਹੈ, ਜਿਹੜਾ ਇਸ ਵੇਲੇ ਜਮਹੂਰੀ ਹੱਕਾਂ ਵਿਚੋਂ ਸਾਰਿਆਂ ਨਾਲੋਂ ਵਡਾ ਹੱਕ ਸਮਝਿਆ ਜਾਂਦਾ ਹੈ। ਇਹ ਵੀ ਜ਼ਰੂਰੀ ਹੈ ਕਿ ਸਾਡੇ ਵਕੀਲ ਭਰਾ ਆਪਣੀਆਂ ਕਮੇਟੀਆਂ ਬਨਾਉਣ ਜੋ ਹਾਈਕੋਰਟ ਵਿਚ ਹਰ ਇਕ ਨਾਜਾਇਜ਼ ਨਜ਼ਰਬੰਦੀ ਨੂੰ ਉਸ ਵਿਅਕਤੀ ਕੋਲੋਂ ਬਗ਼ੈਰ ਫੀਸ ਲਏ ਚੈਲਿੰਜ ਕਰਨ। ਜੇਕਰ ਕੋਈ ਨਾਜਾਇਜ਼ ਨਜ਼ਰਬੰਦੀ ਸਾਬਤ ਹੋ ਜਾਵੇ, ਜਿਸਤਰ੍ਹਾਂ ਐਮਰਜੈਂਸੀ ਵੇਲੇ ਭੀਮਸੈਨ ਸੱਚਰ ਅਤੇ ਕੁਲਦੀਪ ਨਈਅਰ ਦੀ ਹੋਈ ਸੀ ਤਾਂ ਉਸ ਸਰਕਾਰੀ ਅਫਸਰ ਤੇ ਉਲਟਾ ਹਰਜਾਨੇ ਲਈ ਜਵਾਬੀ ਦਾਅਵਾ ਕੀਤਾ ਜਾਏ, ਜਿਹੜਾ ਉਸ ਨਾਜਾਇਜ਼ ਕਾਰਵਾਈ ਲਈ ਜ਼ੁੰਮੇਵਾਰ ਸੀ। ਇਸ ਤਰ੍ਹਾਂ ਦੀਆਂ ਕਾਰਵਾਈਆਂ ਅਫ਼ਸਰਾਂ ਦਾ ਹੱਥ ਥੋੜਾ ਬਹੁਤ ਬੰਨ ਸਕਦੀਆਂ ਹਨ। ਇਹ ਸਪਸ਼ਟ ਹੈ ਕਿ ਉਹ ਆਰਡੀਨੈਂਸ ਹਰ ਇਕ ਹਿੰਦੋਸਤਾਨੀ ਦੀ ਗ਼ੈਰਤ ਨੂੰ ਸਿਧੀ ਚੁਣਾਉਤੀ ਹੈ। ਅਸੀਂ ਇਸ ਚੁਣਾਉਤੀ ਨੂੰ ਕਿਸ ਹੱਦ ਤੱਕ ਸਵੀਕਾਰ ਕਰਦੇ ਹਾਂ, ਇਹ ਆਉਣ ਵਾਲਾ ਸਮਾਂ ਹੀ ਦਸੇਗਾ।

□ ਵੀ. ਐਮ. ਤਾਰਕੁੰਡੇ
ਇੰਡੀਅਨ ਐਕਸਪ੍ਰੈਸ ਤੋਂ ਧੰਨਵਾਦ ਸਹਿਤ-ਗ. ਸ.

---

ਸਵੈਸਾਚੀ ਦੇ ਲੇਖਾਂ ਦਾ ਸੰਗ੍ਰਹਿ ਪਹਿਲੀ ਵਾਰ ਪੰਜਾਬੀ ਵਿਚ ਇਕ ਵਡੀ ਪੁਸਤਕ ਦੇ ਰੂਪ ਵਿਚ]

## ਸੂਹੀ ਸਵੇਰ

ਇਸ ਵਿਚ ਸਮਾਜ ਨੂੰ ਬਦਲ ਦਿਓ, ਮੇਰੀ ਦੁਨੀਆਂ ਦੀ ਕਹਾਣੀ, ਇਹ ਸਭ ਕਿਉਂ ? ਸਮਾਜ ਦਾ ਵਿਕਾਸ, ਰਾਜ ਸੱਤਾ, ਧਰਮ, ਅਸੀਂ ਕੀ ਕਰੀਏ — ਸਾਧਾਰਨ ਲੋਕਾਂ ਦੀ ਸਮਝ ਲਈ ਲਿਖੇ ਖਾਸ ਲੇਖ ਹਨ —

ਪੰਜਾਬੀ ਅਨੁਵਾਦ ਗੁਰਬਖ਼ਸ਼ ਜੱਸ

ਸਫ਼ੇ 212—ਕੀਮਤ 5-00

ਨੋਟ : ਸੂਹੀ ਸਵੇਰ ਨਾਂ ਦੇ ਹੇਠ ਸਵੈਸਾਚੀ ਦੀ ਪਹਿਲੀ ਇਕ ਛੋਟੀ ਕਿਤਾਬ ਛਪ ਚੁੱਕੀ ਹੈ, ਪਰ ਉਹ ਇਕ ਹੀ ਲੇਖ 'ਇਹ ਸਭ ਕਿਉਂ' ਦਾ ਅਨੁਵਾਦ ਸੀ। ਹੁਣ ਛਪੀ 'ਸੂਹੀ ਸਵੇਰ' ਉਹਦੀਆਂ ਤੇਰਾਂ ਕਿਤਾਬਾਂ ਦਾ ਅਨੁਵਾਦ ਹੈ।

**ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ**

ਹਿੰਦੀ ਕਹਾਣੀ

# ਵਾਪਸੀ

□

ਊਸ਼ਾ ਪ੍ਰੀਯਮਵਦਾ

---

[ਸਰਮਾਏਦਾਰੀ ਦੇ ਵਿਕਾਸ ਨੇ ਸਮਾਜਿਕ ਰਿਸ਼ਤਿਆਂ ਵਿਚ ਵੱਡੀ ਤਬਦੀਲੀ ਲਿਆਂਦੀ ਹੈ। ਰਿਸ਼ਤਿਆਂ ਦੀ ਇਹ ਤਬਦੀਲੀ ਮੱਧ ਵਰਗ ਨੇ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕੀਤੀ ਤੇ ਸਾਹਿਤ ਵਿਚ ਪ੍ਰਗਟਾਈ ਗਈ ਹੈ। ਬਦਲੇ ਹੋਏ ਸਮਾਜਿਕ ਸੰਦਰਭ ਵਿਚ ਰਿਸ਼ਤਿਆਂ ਦੀ ਇਹ ਟੱਕਰ 'ਵਾਪਸੀ' ਕਹਾਣੀ ਦਾ ਕੇਂਦਰੀ ਧੁਰਾ ਹੈ।]

ਗਜਾਧਰ ਬਾਬੂ ਨੇ ਕਮਰੇ ਵਿਚ ਜਮਾਂ ਸਮਾਨ ਤੇ ਨਜ਼ਰ ਦੁੜਾਈ—ਦੋ ਬਕਸੇ, ਬਾਲਟੀ—"ਇਹ ਡੱਬਾ ਕਿਸ ਤਰ੍ਹਾਂ ਦਾ ਹੈ, ਗਣੇਸ਼ੀ ?" ਉਸਨੇ ਪੁਛਿਆ। ਗਣੇਸ਼ੀ ਬਿਸਤਰਾ ਬੰਨਦਾ ਹੋਇਆ, ਕੁਝ ਮਨ ਨਾਲ, ਦੁਖੀ ਹਿਰਦੇ ਨਾਲ ਸੰਗਦਾ ਹੋਇਆ ਬੋਲਿਆ, "ਘਰਵਾਲੀ ਨੇ ਰਸਤੇ ਲਈ ਕੁਝ ਵੇਸਣ ਦੇ ਲੱਡੂ ਰਖ ਦਿਤੇ ਹਨ। ਕਹਿੰਦੀ ਸੀ, ਬਾਬੂ ਜੀ ਨੂੰ ਪਸੰਦ ਸਨ, ਹੁਣ ਕਿਥੇ ਅਸੀਂ ਗਰੀਬ ਲੋਕ ਤੁਹਾਡੇ ਲਈ ਕੁਝ ਕਰ ਸਕਾਂਗੇ," ਘਰ ਆਉਣ ਦੀ ਖੁਸ਼ੀ ਵਿਚ ਵੀ ਗਜਾਧਰ ਨੂੰ ਜੁਦਾਈ ਦਾ ਅਹਿਸਾਸ ਹੋਇਆ, ਜਿਵੇਂ ਇਕ ਵਾਕਫ, ਸਨੇਹ, ਆਦਰ ਦੇਣ ਵਾਲੇ ਸਹਿਜ ਸੰਸਾਰ ਨਾਲੋਂ ਉਸ ਦਾ ਨਾਤਾ ਟੁੱਟ ਰਿਹਾ ਹੋਵੇ। "ਕਦੀ ਕਦੀ ਸਾਡੇ ਲੋਕਾਂ ਦੀ ਵੀ ਖਬਰ ਲੈਂਦੇ ਰਿਹਾ, ਕਰਿਓ," ਗਣੇਸ਼ੀ ਬਿਸਤਰੇ ਨੂੰ ਰੱਸੀ ਬੰਨਦਾ ਹੋਇਆ ਬੋਲਿਆ।

ਗਣੇਸ਼ੀ ਨੇ ਪਰਨੇ ਦੇ ਪੱਲੇ ਨਾਲ ਆਪਣੀਆਂ ਅੱਖਾਂ ਪੂੰਝਦੇ ਹੋਏ ਕਿਹਾ, "ਹੁਣ ਤੁਸੀਂ ਲੋਕ ਸਹਾਰਾ ਨਾ ਦੇਵੋਗੇ, ਤਾਂ ਕੌਣ ਦੇਵੇਗਾ। ਤੁਸੀਂ ਏਥੇ ਰਹਿੰਦੇ ਤਾਂ ਕੁੜੀ ਦੇ ਵਿਆਹ ਸਮੇਂ ਕੁਝ ਹੌਸਲਾ ਰਹਿੰਦਾ।"

ਗਜਾਧਰ ਬਾਬੂ ਤੁਰਨ ਲਈ ਤਿਆਰ ਬੈਠੇ ਸਨ। ਰੇਲਵੇ ਕਵਾਟਰ ਦਾ ਉਹ ਕਮਰਾ, ਜਿਸ ਵਿਚ ਉਨ੍ਹਾਂ ਕਈ ਵਰ੍ਹੇ ਲੰਘਾਏ ਸਨ, ਉਨ੍ਹਾਂ ਦਾ ਸਮਾਨ ਚੁਕਣ ਨਾਲ ਕਰੂਪ ਲੱਗਣ ਲੱਗ ਪਿਆ ਸੀ। ਵਿਹੜੇ ਵਿਚਲੇ ਬੂਟੇ ਵੀ ਜਾਣ-ਪਛਾਣ ਦੇ ਲੋਕ ਲੈ ਗਏ ਸਨ, ਥਾਂ ਥਾਂ ਤੇ ਮਿੱਟੀ ਖਿਲਰੀ ਪਈ ਸੀ। ਪਰ ਪਤਨੀ, ਬਾਲ-ਬੱਚਿਆਂ ਦੇ ਨਾਲ ਰਹਿਣ ਦੇ ਚਾਅ ਸਾਹਮਣੇ ਇਹ ਵਿਛੋੜਾ ਨਿਗੂਣਾ ਜਿਹਾ ਹੋ ਕੇ ਰਹਿ ਗਿਆ।

ਗਜਾਧਰ ਬਾਬੂ ਬਹੁਤ ਖੁਸ਼ ਸਨ। ਪੈਂਤੀ ਸਾਲ ਦੀ ਨੌਕਰੀ ਤੋਂ ਬਾਅਦ ਉਹ ਰਿਟਾਇਰ ਹੋਕੇ ਜਾ ਰਹੇ ਸਨ। ਇਸ ਅਰਸੇ ਵਿਚ ਬਹੁਤਾ ਸਮਾਂ ਉਨ੍ਹਾਂ ਇਕੱਲੇ ਰਹਿ ਕੇ ਕੱਟਿਆ ਸੀ। ਇਕਾਂਤ ਸਮੇਂ ਉਹ ਇਸੇ ਸਮੇਂ ਦੀ ਕਲਪਨਾ ਕਰਦੇ ਹੁੰਦੇ ਸਨ। ਸੰਸਾਰ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦਾ ਜੀਵਨ ਇਕ ਸਫਲ ਜੀਵਨ ਸੀ। ਉਨ੍ਹਾਂ ਸ਼ਹਿਰ ਵਿਚ ਇਕ ਮਕਾਨ ਬਣਵਾ ਲਿਆ ਸੀ, ਵਡੇ ਲੜਕੇ ਅਤੇ ਲੜਕੀ ਦੀ ਸ਼ਾਦੀ ਕਰ ਦਿੱਤੀ ਸੀ, ਦੋ ਬੱਚੇ ਵੱਡੀਆਂ ਜਮਾਤਾਂ ਵਿਚ ਪੜ੍ਹ ਰਹੇ ਸਨ। ਗਜਾਧਰ ਬਾਬੂ ਨੌਕਰੀ ਕਾਰਨ ਆਪ ਛੋਟੇ ਛੋਟੇ ਸਟੇਸ਼ਨਾਂ ਤੇ ਰਹੇ ਤੇ ਉਨ੍ਹਾਂ ਦੇ ਬੱਚੇ ਤੇ ਪਤਨੀ ਸ਼ਹਿਰ ਵਿਚ, ਤਾਂ ਕਿ ਪੜ੍ਹਾਈ ਵਿਚ ਰੁਕਾਵਟ ਨਾ ਪਵੇ। ਗਜਾਧਰ ਬਾਬੂ ਬੜੇ ਸਨੇਹੀ ਸੁਭਾਅ ਦੇ ਸਨ। ਜਦ ਪਰਿਵਾਰ ਨਾਲ ਹੁੰਦਾ ਤਾਂ ਡਿਊਟੀ ਤੋਂ ਬਾਅਦ ਬੱਚਿਆਂ ਨਾਲ ਹੱਸਦੇ-ਖੇਡਦੇ ਸਨ, ਪਤਨੀ ਨਾਲ ਗੱਲਬਾਤ ਕਰਦੇ— ਸਭ ਦੇ ਚਲੇ ਜਾਣ ਦੇ ਬਾਅਦ ਉਨ੍ਹਾਂ ਦੇ ਜੀਵਨ ਵਿਚ ਗਹਿਰਾ ਸੁੰਨਾਪਨ ਪਸਰ

ਜਾਂਦਾ। ਖਾਲੀ ਪਲਾਂ ਵਿਚ ਉਹ ਦੋ ਮਿੰਟ ਵੀ ਘਰ ਨਾ ਟਿਕਦੇ। ਕਦੀ ਮਨ ਦੇ ਨਾਂ ਹੋਣ ਤੇ ਵੀ ਉਨ੍ਹਾਂ ਨੂੰ ਪਤਨੀ ਦੀਆਂ ਗਲਾਂ ਚੇਤੇ ਆਉਂਦੀਆਂ। ਦੁਪਹਿਰੇ ਗਰਮੀ ਵਿਚ ਵੀ ਦੋ ਵਜੇ ਤੱਕ ਰੋਟੀਆਂ ਸੇਕਦੀ ਰਹਿੰਦੀ -- ਉਨ੍ਹਾਂ ਦੇ ਮਨ੍ਹਾਂ ਕਰਨ ਤੇ ਵੀ ਉਹ ਬਦੋਬਦੀ ਕੁਝ ਨਾ ਕੁਝ ਥਾਲੀ ਵਿਚ ਰੱਖ ਦੇਂਦੀ। ਜਦੋਂ ਉਹ ਥਕੇ-ਹਾਰੇ ਘਰ ਆਉਂਦੇ, ਤਾਂ ਬਿੜਕ ਲਗਦੇ ਹੀ ਰਸੋਈ ਵਿਚੋਂ ਬਾਹਰ ਆ ਜਾਂਦੀ, ਤੇ ਉਸ ਦੀਆਂ ਬੇਹਬਲ ਅੱਖਾਂ ਮੁਸਕਰਾ ਪੈਂਦੀਆਂ। ਗਜਾਧਰ ਬਾਬੂ ਨੂੰ ਤਦ ਨਿੱਕੀ ਤੋਂ ਨਿੱਕੀ ਗਲ ਵੀ ਯਾਦ ਆਉਂਦੀ ਤੇ ਉਹ ਉਦਾਸ ਹੋ ਜਾਂਦਾ......ਹੁਣ ਕਿਨੇ ਵਰ੍ਹਿਆਂ ਬਾਅਦ ਫਿਰ ਉਹ ਵਕਤ ਆਇਆ ਸੀ ਜਦੋਂ ਉਹ ਸਨੇਹ ਭਰੇ ਮਹੌਲ ਵਿਚ ਰਹਿਣ ਜਾ ਰਹੇ ਹਨ।

\+ \+

ਟੋਪੀ ਲਾਹਕੇ ਗਜਾਧਰ ਬਾਬੂ ਨੇ ਮੰਜੀ ਤੇ ਰੱਖ ਦਿੱਤੀ। ਜੁੱਤੀ ਲਾਹਕੇ ਮੰਜੀ ਹੇਠ ਖਿਸਕਾ ਦਿੱਤੀ, ਅੰਦਰੋਂ ਰਹਿ-ਰਹਿਕੇ ਹਾਸੇ ਦੀਆਂ ਅਵਾਜ਼ਾਂ ਆ ਰਹੀਆਂ ਸਨ। ਐਤਵਾਰ ਦਾ ਦਿਨ ਸੀ ਤੇ ਉਹਨਾਂ ਦੇ ਸਭ ਬੱਚੇ ਇਕੱਠੇ ਹੋ ਕੇ ਨਾਸ਼ਤਾ ਕਰ ਰਹੇ ਸਨ। ਗੁਜਾਧਰ ਬਾਬੂ ਦੇ ਰੁਖੇ ਚਿਹਰੇ ਤੇ ਮੁਸਕਾਨ ਆ ਗਈ, ਉਸੇ ਤਰ੍ਹਾਂ ਮੁਸ-ਕਰਾਉਂਦੇ ਹੋਏ, ਉਹ ਬਿਨਾਂ ਖੰਘੂਰਾ ਮਾਰੇ ਅੰਦਰ ਲੰਘ ਗਏ। ਉਹਨਾਂ ਵੇਖਿਆ ਕਿ ਨਰਿੰਦਰ ਢਾਕਾਂ ਤੇ ਹੱਥ ਰੱਖੀ ਸ਼ਾਇਦ ਪਿਛਲੀ ਰਾਤ ਫਿਲਮ ਵਿਚ ਵੇਖੇ ਕਿਸੇ ਡਾਂਸ ਦੀ ਨਕਲ ਕਰ ਰਿਹਾ ਸੀ ਤੇ ਬਸੰਤੀ ਹੱਸ-ਹੱਸਕੇ ਦੋਹਰੀ ਹੋ ਰਹੀ ਸੀ। ਅਮਰ ਦੀ ਵਹੁਟੀ ਨੂੰ ਆਪਣੇ ਆਪ ਦੀ ਕੋਈ ਸੁਧਬੁਧ ਨਹੀਂ ਸੀ। ਖੁਲ੍ਹਕੇ ਹੱਸ ਰਹੀ ਸੀ। ਗਜਾਧਰ ਬਾਬੂ ਨੂੰ ਵੇਖਦੇ ਹੀ ਨਰਿੰਦਰ ਧਪ ਕਰਕੇ ਸੋਫੇ ਤੇ ਬਹਿ ਗਿਆ ਤੇ ਚਾਹ ਪੀਣ ਲੱਗ ਪਿਆ। ਅਮਰ ਦੀ ਵਹੁਟੀ ਨੂੰ ਹੋਸ਼ ਆਇਆ ਤਾਂ ਝੱਟ ਸਿਰ ਢੱਕ ਲਿਆ, ਕੇਵਲ ਬਸੰਤੀ ਦਾ ਸਰੀਰ ਰਹਿ-ਰਹਿਕੇ ਹਾਸਾ ਰੋਕਣ ਦੇ ਯਤਨ ਵਿਚ ਹਿਲ ਰਿਹਾ ਸੀ।

ਗਜਾਧਰ ਬਾਬੂ ਮੁਸਕਰਾਉਂਦੇ ਹੋਏ ਸਭ ਵੱਲ ਵੇਖਦੇ ਰਹੇ। ਫਿਰ ਕਿਹਾ, "ਕਿਉਂ ਨਰਿੰਦਰ, ਕਿਸ ਦੀ ਨਕਲ ਕਰ ਰਿਹਾ ਏ?" ਕੁਝ ਨਹੀਂ ਬਾਬੂ ਜੀ।" ਨਰਿੰਦਰ ਨੇ ਘਬਰਾਉਂਦੇ ਹੋਏ ਕਿਹਾ। ਗਜਾਧਰ ਬਾਬੂ ਨੇ ਚਾਹਿਆ ਕਿ ਉਹ ਉਹਨਾਂ ਨਾਲ ਹੱਸੇ-ਖੇਡੇ, ਪਰ ਜਿਵੇਂ ਉਹਨਾ ਦੇ ਆਉਦਿਆਂ ਸਭ ਸੁੰਗੜਕੇ ਬਹਿ ਗਏ, ਉਹਨਾਂ ਦੇ ਮਨ ਨੂੰ ਠੇਸ ਲਗੀ। ਬਹਿੰਦੇ ਹੋਏ ਬੋਲੇ, "ਬਸੰਤੀ, ਚਾਹ ਮੈਨੂੰ ਵੀ ਦੇ। ਤੇਰੀ ਮਾਂ ਦੀ ਪੂਜਾ ਅਜੇ ਵੀ ਚਲ ਰਹੀ ਹੈ ਕੀ?"

ਬਸੰਤੀ ਨੇ ਮਾਂ ਦੀ ਕੋਠਰੀ ਵਲ ਵੇਖਿਆ, "ਹੁਣੇ ਆਉਂਦੀ ਹੀ ਹੋਵੇਗੀ" ਤੇ ਕੱਪ ਵਿਚ ਉਹਨਾਂ ਲਈ ਚਾਹ ਪਾਉਣ ਲੱਗ ਪਈ। ਬਹੂ ਚੁਪ ਚਾਪ ਪਹਿਲਾਂ ਹੀ ਚਲੀ ਗਈ। ਹੁਣ ਨਰਿੰਦਰ ਵੀ ਚਾਹ ਦਾ ਆਖਰੀ ਘੁਟ ਪੀ ਕੇ ਉੱਠ ਖੜਾ ਹੋਇਆ, ਸਿਰਫ ਬਸੰਤੀ, ਪਿਤਾ ਦੇ ਲਿਹਾਜ਼ ਕਰਕੇ, ਚੌਂਕੇ ਵਿਚ ਬੈਠੀ ਮਾਂ ਦੇ ਆਉਣ ਦਾ ਇੰਤਜ਼ਾਰ ਕਰਦੀ ਰਹੀ। ਗਜਾਧਰ ਬਾਬੂ ਨੇ ਇਕ ਘੁਟ ਚਾਹ ਪੀ ਕੇ ਫਿਰ ਕਿਹਾ, "ਧੀਏ ਚਾਹ ਤਾਂ ਫਿਕੀ ਹੈ।"

"ਲਿਆਉ, ਖੰਡ ਹੋਰ ਪਾ ਦੇਵਾਂ।" ਬਸੰਤੀ ਬੋਲੀ।

"ਰਹਿਣ ਦੇਹ, ਤੇਰੀ ਅਮਾ ਆਵੇਗੀ, ਤਦ ਹੀ ਪੀ ਲਵਾਂਗਾ।"

ਥੋੜੀ ਦੇਰ ਪਿਛੋਂ ਉਹਨਾਂ ਦੀ ਪਤਨੀ ਪਾਣੀ ਦਾ ਲੋਟਾ ਲੈ ਕੇ ਨਿਕਲੀ ਤੇ ਪਾਣੀ ਤੁਲਸੀ ਨੂੰ ਪਾ ਦਿੱਤਾ। ਉਸ ਨੂੰ ਵੇਖਦਿਆਂ ਹੀ ਬਸੰਤੀ ਉੱਠ ਪਈ। ਪਤਨੀ ਨੇ ਆ ਕੇ ਕਿਹਾ-"ਵਾਹ, ਤੁਸੀਂ ਇਕਲੇ ਬੈਠੇ ਹੋ--ਉਹ ਸਭ ਕਿਥੇ ਗਏ?" "ਆਪਣੇ ਆਪਣੇ ਕੰਮ ਵਿੱਚ ਲੱਗ ਗਏ ਹਨ--ਆਖਰ ਬੱਚੇ ਹੀ ਹਨ।"

ਪਤਨੀ ਆਕੇ ਚੌਂਕੇ ਵਿਚ ਬੈਠ ਗਈ--ਉਸ ਨੱਕ ਮੂੰਹ ਚਾੜ੍ਹਕੇ ਜੂਠੇ ਭਾਂਡਿਆਂ ਵਲ ਵੇਖਿਆ। ਫਿਰ ਕਿਹਾ, "ਸਾਰੇ ਭਾਂਡੇ ਪਏ ਹਨ। ਇਸ ਘਰ ਵਿਚ ਧਰਮ ਕਰਮ ਕੁਝ ਨਹੀਂ। ਪੂਜਾ ਕਰਕੇ ਸਿਧਾ ਚੌਂਕੇ ਵਿਚ ਵੜੋ।" ਫਿਰ ਉਸ ਨੇ ਨੌਕਰ ਨੂੰ ਅਵਾਜ਼ ਦਿੱਤੀ, ਜਦ ਜੁਆਬ ਨਾ ਮਿਲਿਆ ਤਾਂ ਇਕ ਵਾਰ ਫੇਰ ਉੱਚੀ ਅਵਾਜ਼ ਦਿਤੀ। ਫਿਰ ਪਤੀ ਵਲ ਵੇਖਕੇ ਬੋਲੀ, "ਬਹੂ ਨੇ ਭੇਜਿਆ ਹੋਵੇਗਾ ਬਜ਼ਾਰ।" ਤੇ ਇਕ ਲੰਬਾ ਸਾਹ ਲੈ ਕੇ ਚੁੱਪ ਹੋ ਗਈ।

ਗਜਾਧਰ ਬਾਬੂ ਬੈਠਕੇ ਚਾਹ ਤੇ ਨਾਸ਼ਤੇ ਦਾ ਇੰਤਜ਼ਾਰ ਕਰਦੇ ਰਹੇ। ਉਹਨਾਂ ਨੂੰ ਅਚਾਨਕ ਗਣੇਸ਼ੀ ਦੀ ਯਾਦ ਆ ਗਈ। ਰੋਜ਼ ਸਵੇਰੇ, ਪੈਸੰਜਰ ਆਉਣ ਤੋਂ ਪਹਿਲਾਂ ਗਰਮ-ਗਰਮ ਪੂੜੀਆਂ ਤੇ ਜਲੇਬੀਆਂ ਬਣਾਉਂਦਾ ਸੀ। ਚਾਹ ਵੀ ਕਿਨੀ ਵਧੀਆ, ਕੱਚ ਦੇ ਗਲਾਸ ਨੂੰ ਉਪਰ ਤੱਕ ਭਰੀ, ਲਬਾਲਬ, ਪੂਰੇ ਢਾਈ ਚਮਚ ਖੰਡ ਤੇ ਗਾੜ੍ਹੀ ਮਲਾਈ। ਪੈਸੰਜਰ ਭਾਵੇਂ ਗਜ਼ੀਪੁਰ ਲੇਟ ਪਹੁੰਚੇ, ਗਣੇਸ਼ੀ ਨੇ ਚਾਹ ਦੇਣ ਵਿਚ ਦੇਰ ਨਹੀਂ ਸੀ ਕੀਤੀ। ਕੀ ਮਜਾਲ ਕਦੀ ਉਸ ਨੂੰ ਕੁਝ ਕਹਿਣਾ ਪਵੇ।

ਪਤਨੀ ਦੀ ਸ਼ਕਾਇਤ ਭਰੀ ਅਵਾਜ਼ ਸੁਣਕੇ ਵਿਚਾਰਾਂ ਦੀ ਲੜੀ ਟੁੱਟੀ। ਉਹ ਕਹਿ ਰਹੀ ਸੀ, ਸਾਰਾ ਦਿਨ ਇਸੇ ਬਕ-ਬਕ ਵਿਚ ਨਿਕਲ ਜਾਂਦਾ ਹੈ। ਕਬੀਲਦਾਰੀ

ਦਾ ਇਹੋ ਭਾਰ ਢੋਂਦਿਆਂ ਢੋਂਦਿਆਂ ਉਮਰ ਲੰਘ ਗਈ। ਕੋਈ ਜ਼ਰਾ ਹੱਥ ਨਹੀਂ ਵਟਾਉਂਦਾ।

"ਬਹੂ ਕੀ ਕਰਦੀ ਹੈ ?" ਗਜਾਧਰ ਨੇ ਪੁਛਿਆ।

"ਪਈ ਰਹਿੰਦੀ ਹੈ। ਬਸੰਤੀ ਨੇ ਤਾਂ ਕਾਲਜ ਜਾਣਾ ਹੁੰਦਾ ਹੈ।"

ਗਜਾਧਰ ਬਾਬੂ ਨੇ ਜੋਸ਼ ਵਿਚ ਆ ਕੇ ਬਸੰਤੀ ਨੂੰ ਅਵਾਜ਼ ਮਾਰੀ। ਬਸੰਤੀ ਭਾਬੀ ਦੇ ਕਮਰੇ ਵਿਚੋਂ ਨਿਕਲੀ ਤਾਂ ਗਜਾਧਰ ਬਾਬੂ ਨੇ ਕਿਹਾ, "ਬਸੰਤੀ, ਅਜ ਤੋਂ ਸ਼ਾਮ ਦਾ ਖਾਣਾ ਬਣਾਉਣ ਦੀ ਜ਼ਿਮੇਵਾਰੀ ਤੇਰੀ। ਸਵੇਰ ਦਾ ਨਾਸ਼ਤਾ ਤੇਰੀ ਭਾਬੀ ਬਣਾਏਗੀ।"

ਬਸੰਤੀ ਮੂੰਹ ਲਮਕਾ ਕੇ ਬੋਲੀ, "ਬਾਬੂ ਜੀ, ਪੜ੍ਹਨਾ ਵੀ ਹੁੰਦਾ ਹੈ।" ਗਜਾਧਰ ਬਾਬੂ ਨੇ ਬੜੇ ਪਿਆਰ ਨਾਲ ਸਮਝਾਇਆ, "ਤੂੰ ਸਵੇਰੇ ਪੜ੍ਹ ਲਿਆ ਕਰ। ਤੇਰੀ ਮਾਂ ਬੁਢੀ ਹੋ ਗਈ ਹੈ, ਹੁਣ ਉਸ ਦੇ ਸਰੀਰ ਵਿਚ ਏਨੀ ਸ਼ਕਤਿਆਂ ਨਹੀਂ ਬਚੀ। ਤੂੰ ਏਂ, ਤੇਰੀ ਭਾਬੀ ਹੈ, ਦੋਵਾਂ ਨੂੰ ਮਿਲ ਕੇ ਕੰਮ ਵਿਚ ਹੱਥ ਵਟਾਉਣਾ ਚਾਹੀਦਾ," ਬਸੰਤੀ ਚੁਪ ਰਹਿ ਗਈ। ਉਸ ਜਾਣ ਤੋਂ ਬਾਦ, ਉਸ ਦੀ ਮਾਂ ਨੇ ਕਿਹਾ, "ਪੜ੍ਹਨ ਦਾ ਤਾਂ ਬਹਾਨਾਂ ਹੈ ਕਦੀ ਜੀਅ ਹੀ ਨਹੀਂ ਲਗਦਾ, ਲਗੇ ਵੀ ਕਿਵੇਂ ? ਸ਼ੀਲਾ ਵਲੋਂ ਹੀ ਵਿਹਲ ਨਹੀਂ, ਵਡੇ-ਵਡੇ ਮੁੰਡੇ ਹਨ ਉਸ ਘਰ ਵਿਚ, ਹਰ ਵਕਤ ਉਥੇ ਹੀ ਵੜੀ ਰਹਿੰਦੀ ਹੈ, ਮੈਨੂੰ ਨਹੀਂ ਚੰਗਾ ਲਗਦਾ। ਜੀਅ ਕਰੇ ਤਾਂ ਸੁਣਦੀ ਹੈ ਨਹੀਂ ਤਾਂ ਨਾ ਸਹੀ।"

ਨਾਸ਼ਤਾ ਕਰਕੇ ਗਜਾਧਰ ਬਾਬੂ ਬੈਠਕ ਵਿਚ ਚਲੇ ਗਏ। ਘਰ ਛੋਟਾ ਸੀ ਤੇ ਵੰਡ ਇਸ ਤਰ੍ਹਾਂ ਹੋ ਚੁਕੀ ਸੀ ਕਿ ਉਨ੍ਹਾਂ ਦੇ ਰਹਿਣ ਲਈ ਕੋਈ ਥਾਂ ਬਚੀ ਨਹੀਂ ਸੀ। ਜਿਵੇਂ ਕਿਸੇ ਮਹਿਮਾਨ ਲਈ ਅਸਥਾਈ ਬੰਦੋਬਸਤ ਕਰ ਲਈਦਾ ਹੈ ਉਸੇ ਤਰ੍ਹਾਂ ਬੈਠਕ ਵਿਚ ਕੁਰਸੀਆਂ ਨੂੰ ਕੰਧ ਨਾਲ ਲਾਕੇ ਵਿਚ ਜਿਹੇ ਗਜਾਧਰ ਬਾਬੂ ਲਈ ਇਕ ਪਤਲੀ ਜਿਹੀ ਮੰਜੀ ਡਾਹ ਦਿਤੀ ਗਈ। ਗਜਾਧਰ ਬਾਬੂ ਇਥੇ ਪਏ ਪਏ ਕਈ ਵਾਰ ਬੜਾ ਹੋਰ ਤਰ੍ਹਾਂ ਅਨੁਭਵ ਕਰਨ ਲੱਗ ਪੈਂਦੇ। ਉਨ੍ਹਾਂ ਨੂੰ ਉਹ ਰੇਲ ਗੱਡੀਆਂ ਯਾਦ ਆਉਂਦੀਆਂ, ਜੋ ਆਉਂਦੀਆਂ ਤੇ ਥੋੜੀ ਦੇਰ ਰੁਕ ਕੇ ਅਗੇ ਚਲੇ ਜਾਂਦੀਆਂ।

ਘਰ ਛੋਟਾ ਜਿਹਾ ਹੋਣ ਕਰਕੇ ਬੈਠਕ ਵਿਚ ਹੀ ਆਪਣਾ ਪ੍ਰਬੰਧ ਕੀਤਾ ਸੀ। ਉਨ੍ਹਾਂ ਦੀ ਪਤਨੀ ਕੋਲ ਅੰਦਰ ਇਕ ਕਮਰਾ ਜ਼ਰੂਰ ਸੀ ਪਰ ਉਸ ਤੋਂ ਸਟੋਰ ਦਾ ਕੰਮ ਵੀ ਲਿਆ ਜਾਂਦਾ ਸੀ। ਘਰ ਦਾ ਦੂਸਰਾ ਕਮਰਾ ਅਮਰ ਅਤੇ ਉਸਦੀ ਬਹੂ ਲਈ ਸੀ, ਤੀਸਰਾ ਕਮਰਾ ਬੈਠਕ ਸੀ ਗਜਾਧਰ ਬਾਬੂ ਦੇ ਆਉਣ ਤੋਂ ਪਹਿਲਾਂ ਇਸ ਕਮਰੇ ਵਿਚ ਅਮਰ ਦੀ ਬਹੂ ਦੇ ਪੇਕਿਆਂ ਤੋਂ ਆਈਆਂ ਬੈਂਤ ਦੀਆਂ ਤਿੰਨ ਕੁਰਸੀਆਂ ਪਈਆਂ ਸਨ।

ਜਦ ਕਦੀ ਉਸ ਦੀ ਪਤਨੀ ਨੇ ਲੰਮੀ ਸ਼ਕਾਇਤ ਕਰਨੀ ਹੁੰਦੀ, ਤਾਂ ਆਪਣੀ ਚਟਾਈ ਬੈਠਕ ਵਿਚ ਵਿਛਾ ਕੇ ਪੈ ਜਾਂਦੀ। ਤਾਂ ਇਕ ਦਿਨ ਉਹ ਚਟਾਈ ਲੈ ਕੇ ਆ ਗਈ। ਗਜਾਧਰ ਬਾਬੂ ਨੇ ਘਰ-ਗ੍ਰਹਿਸਤੀਦਾਰੀ ਦੀਆਂ ਗਲਾਂ ਸ਼ੁਰੂ ਕੀਤੀਆਂ। ਬਹੁਤ ਹੌਲੀ ਜਿਹੀ ਉਸ ਕਿਹਾ ਕਿ ਹੁਣ ਹੱਥ ਵਿਚ ਪੈਸਾ ਘੱਟ ਰਹੇਗਾ, ਕੁਝ ਖਰਚ ਘਟ ਕਰਨਾ ਚਾਹੀਦਾ ਹੈ।

"ਸਭ ਖਰਚ ਤਾਂ ਵਾਜ਼ਬ ਹੈ ਕਿਸ ਦਾ ਪੇਟ ਕਟੀਏ ? ਇਹੋ ਕਰਦੀ ਕਰਦੀ ਬੁਢੀ ਹੋ ਗਈ, ਨਾ ਮਨ ਦਾਂ ਪਾਇਆ, ਨਾ ਖਾਧਾ"।

"ਤੈਨੂੰ ਕਿਸ ਗਲ ਦੀ ਕਮੀ ਹੈ ਅਮਰ ਦੀ ਮਾਂ-ਘਰ ਵਿਚ ਬਹੂ ਹੈ, ਬਾਲ ਬੱਚੇ ਹਨ, ਸਿਰਫ ਪੈਸੇ ਨਾਲ ਹੀ ਆਦਮੀ ਅਮੀਰ ਨਹੀ ਹੁੰਦਾ," ਗਜਾਧਰ ਬਾਬੂ ਨੇ ਕਿਹਾ ਅਤੇ ਕਹਿਣ ਦੇ ਨਾਲ ਹੀ ਮਹਿਸੂਸ ਕੀਤਾ ਕਿ ਇਹੋ ਜੇਹੀਆਂ ਗਲਾਂ ਸਮਝਣੀਆਂ ਉਸ ਦੀ ਪਤਨੀ ਦੇ ਵਸ ਦਾ ਰੋਗ ਨਹੀਂ। "ਹਾਂ, ਬਹੁਤ ਸੁਖ ਹੈ ਨਾ ਬਹੂ ਹੱਥੋਂ। ਅਜ ਰਸੋਈ ਵਿਚ ਗਈ ਹੈ, ਵੇਖੋ ਕੀ ਕਰਦੀ ਹੈ।" ਕਹਿ ਕੇ ਪਤਨੀ ਨੇ ਅਖਾਂ ਬੰਦ ਕਰ ਲਈਆਂ ਅਤੇ ਸੌਂ ਗਈ। ਗਜਾਧਰ ਬਾਬੂ ਬੈਠਾ ਪਤਨੀ ਨੂੰ ਵੇਖਦਾ ਰਿਹਾ। ਕੀ ਇਹੋ ਸੀ ਉਨ੍ਹਾਂ ਦੀ ਪਤਨੀ, ਜਿਸਦੇ ਹਥਾਂ ਦੀ ਕੋਮਲ ਛੋਹ, ਜਿਸਦੀ ਮੁਸਕਰਾਹਟ ਦੀ ਯਾਦ ਵਿਚ ਉਨ੍ਹਾਂ ਆਪਣੀ ਪੂਰੀ ਜ਼ਿੰਦਗੀ ਕੱਟ ਲਈ ਸੀ ? ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੀ ਕਲਪਨਾਂ ਵਾਲੀ ਮੁਟਿਆਰ ਕਿਤੇ ਰਾਹ ਵਿਚ ਹੀ ਗੁਆਚ ਗਈ ਹੈ ਤੇ ਉਸ ਦੀ ਜਗ੍ਹਾ ਇਹ ਜੋ ਔਰਤ ਹੈ ਇਸ ਨਾਲ ਉਨ੍ਹਾਂ ਦੀ ਮਾਨਸਿਕ ਸਾਂਝ ਕੋਈ ਨਹੀ। ਉਸਨੂੰ ਗੂੜ੍ਹੀ ਨੀਂਦ ਵਿਚ ਸੁੱਤੀ ਪਤਨੀ ਦਾ ਭਾਰੀ ਸਰੀਰ ਬੜਾ ਬੇਡੌਲ ਤੇ ਕਰੂਪ ਲੱਗਾ, ਚੇਹਰਾ ਪ੍ਰਭਾਵਹੀਨ ਅਤੇ ਰੁਖਾ। ਗਜਾਧਰ ਬਾਬੂ ਦੇਰ ਤਕ ਪਤਨੀ ਵਲ ਖਾਲੀ ਖਾਲੀ ਨਜ਼ਰਾਂ ਨਾਲ ਵੇਖਦੇ ਰਹੇ ਫਿਰ ਲੰਮੇ ਪਏ ਪਏ ਛੱਤ ਵਲ ਝਾਕਣ ਲੱਗ ਪਏ।

ਅੰਦਰ ਕੁਝ ਡਿੱਗਿਆਂ ਤਾਂ ਉਨ੍ਹਾਂ ਦੀ ਪਤਨੀ ਹੜਬੜਾ ਕੇ ਉੱਠ ਬੈਠੀ, "ਲਓ, ਬਿੱਲੀ ਨੇ ਕੁਝ ਸੁਟਿਆ ਹੋਣਾ ਸ਼ਾਇਦ," ਤੇ ਅੰਦਰ ਵੱਲ ਭੱਜੀ, ਥੋੜੀ ਦੇਰ ਬਾਅਦ ਵਾਪਸ ਆਈ ਤਾਂ ਉਸ ਦਾ ਮੂੰਹ ਫੁਲਿਆ

ਹੋਇਆ ਸੀ । "ਵੇਖਿਆ ਬਹੂ ਦੇ ਕੰਮ, ਰਸੋਈ ਖੁਲ੍ਹੀ ਛੱਡ ਆਈ, ਬਿੱਲੀ ਨੇ ਦਾਲ ਦੀ ਪਤੀਲੀ ਹੇਠਾਂ ਸੁੱਟ ਦਿੱਤੀ । ਸਭ ਨੇ ਤਾਂ ਖਾਣਾ ਖਾਣਾ ਹੈ, ਹੁਣ ਕਾਹਦੇ ਨਾਲ ਦੇਵਾਂਗੀ, "ਉਹ ਸਾਹ ਲੈਣ ਲਈ ਰੁਕੀ ਤੇ ਬੋਲੀ," ਇਕ ਸਬਜ਼ੀ ਤੇ ਚਾਰ ਪਰਾਂਠੇ ਬਣਾਉਣ ਵਿਚ ਘਿਉ ਦਾ ਸਾਰਾ ਡੱਬਾ ਬਨੇ ਲਾ ਦਿਤਾ । ਜ਼ਰਾਂ ਵੀ ਦਰਦ ਨਹੀਂ" ਕਮਾਉਣ ਵਾਲਾ ਹੱਡ ਤੋੜੇ ਤੇ ਇਥੇ ਚੀਜ਼ਾਂ ਦੀ ਕੋਈ ਪਰਵਾਹ ਨਹੀਂ । ਮੈਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਇਹ ਸਭ ਕੰਮ ਇਹਨਾ ਦੇ ਵਸ ਦਾ ਨਹੀ ।"

ਗਜਾਧਰ ਬਾਬੂ ਨੂੰ ਲਗਿਆ ਕਿ ਪਤਨੀ ਕੁਝ ਹੋਰ ਬੋਲੀ ਤਾਂ ਉਨ੍ਹਾਂ ਦਾ ਸਿਰ ਪਾਟ ਜਾਵੇਗਾ । ਅੱਖਾਂ ਮੀਟ, ਪਾਸਾ ਮੋੜਕੇ ਪਤਨੀ ਵਲ ਪਿਠ ਕਰਕੇ ਪੈ ਗਏ ।

\+ \+

ਰਾਤ ਦੀ ਰੋਟੀ ਬਸੰਤੀ ਨੇ ਜਾਣ ਬੁਝਕੇ ਐਸੀ ਬਣਾਈ ਕਿ ਇਕ ਗਰਾਹੀ ਤਕ ਨਾਂ ਖਾਧੀ ਜਾ ਸਕੇ । ਗਜਾਧਰ ਬਾਬੂ ਚੁਪਚਾਪ ਖਾਕੇ ਉੱਠ ਗਏ, ਪਰ ਨਰਿਦਰ ਥਾਲੀ ਪਰੇ ਕਰਕੇ ਉੱਠ ਪਿਆ ਤੇ ਬੋਲਿਆ, "ਮੈਂ ਖਾਣਾ ਨਹੀਂ ਖਾ ਸਕਦਾ ।"

ਬਸੰਤੀ ਟਾਂਚ ਨਾਲ ਬੋਲੀ, "ਤਾਂ ਨਾਂ ਖਾ ਕੌਣ ਤੁਹਾਡੀ ਖੁਸ਼ਾਮਦ ਕਰਦਾ ਹੈ ।"

"ਤੈਨੂੰ ਖਾਣਾ ਬਣਾਉਣ ਲਈ ਕਿਸ ਨੇ ਕਿਹਾ ਸੀ ?" ਨਰਿਦਰ ਚੀਕਿਆਂ ।

"ਬਾਬੂ ਜੀ ਨੇ ।"

"ਬਾਬੂ ਜੀ ਨੂੰ ਬੈਠੇ ਬੈਠੇ ਇਹੋ ਸੁਝਦਾ ਹੈ ।"

ਬਸੰਤੀ ਨੂੰ ਉਠਾਕੇ ਮਾਂ ਨੇ ਨਰਿੰਦਰ ਨੂੰ ਮਨਾਇਆ ਤੇ ਆਪਣੇ ਹੱਥੀਂ ਕੁਝ ਬਣਾਕੇ ਦਿੱਤਾ । ਗਜਾਧਰ ਬਾਬੂ ਨ ਬਾਅਦ ਵਿਚ ਪਤਨੀ ਨੂੰ ਕਿਹਾ, "ਐਡੀ ਵੱਡੀ ਕੁੜੀ ਹੋ ਗਈ ਹੈ ਅਤੇ ਇਸ ਨੂੰ ਖਾਣਾ ਬਣਾਉਣ ਦਾ ਚੱਜ ਨਹੀਂ" "ਆਉਂਦਾ ਸਭ ਕੁਝ ਹੈ, ਕਰਨਾ ਨਹੀਂ ਚਾਹੁੰਦੀ," ਪਤਨੀ ਨੇ ਜਵਾਬ ਦਿੱਤਾ । ਅਗਲੀ ਸ਼ਾਮ ਮਾਂ ਨੂੰ ਰਸੋਈ ਵਿਚ ਵੇਖ, ਕਪੜੇ ਬਦਲਕੇ ਬਸੰਤੀ ਬਾਹਰ ਆ ਆਈ ਤਾਂ ਬੈਠਕ ਵਿਚੋਂ ਗਜਾਧਰ ਬਾਬੂ ਨੇ ਟੋਕ ਦਿੱਤਾ, "ਕਿੱਥੇ ਦੀ ਤਿਆਰੀ ਕੀਤੀ ਹੈ ?"

"ਗਵਾਂਢ ਵਿੱਚ, ਸੀਲਾ ਦੇ ਘਰ ।" ਬਸੰਤੀ ਨੇ ਕਿਹਾ । "ਕੋਈ ਲੋੜ ਨਹੀਂ, ਅੰਦਰ ਜਾਕੇ ਪੜ੍ਹ ।" ਗਜਾਧਰ ਬਾਬੂ ਨੇ ਸਖਤੀ ਨਾਲ ਕਿਹਾ । ਕੁਝ ਦੇਰ ਖੜੇ ਰਹਿ ਕੇ ਬਸੰਤੀ ਅੰਦਰ ਚਲੀ ਗਈ । ਗਜਾਹਰ ਬਾਬੂ ਸ਼ਾਮ ਨੂੰ ਸੈਰ ਲਈ ਚਲੇ ਜਾਂਦੇ ਸਨ, ਵਾਪਸ ਆਏ ਤਾਂ ਪਤਨੀ ਨੇ ਕਿਹਾ, 'ਕੀ ਕਹਿ ਦਿਤਾ ਬਸੰਤੀ ਨੂੰ ? ਸ਼ਾਮ ਦੀ ਮੂੰਹ ਲਪੇਟੀ ਪਈ ਹੈ ਖਾਣਾ ਵੀ ਨਹੀਂ ਖਾਧਾ ।"

ਗਜਾਧਰ ਬਾਬੂ ਦੁਖੀ ਹੋ ਗਏ । ਪਤਨੀ ਦੀ ਗਲ ਦਾ ਉਨ੍ਹਾਂ ਕੋਈ ਉਤਰ ਨਹੀਂ ਦਿੱਤਾ । ਉਨ੍ਹਾਂ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਲੜਕੀ ਦਾ ਜਲਦੀ ਵਿਆਹ ਕਰ ਦੇਣਾ ਚਾਹੀਦਾ । ਉਸ ਦਿਨ ਤੋਂ ਬਾਅਦ ਬਸੰਤੀ ਪਿਤਾ ਜੀ ਤੋਂ ਬਚੀ-ਬਚੀ ਰਹਿਣ ਲੱਗ ਪਈ। ਜਾਣਾ ਹੁੰਦਾ ਤਾਂ ਪਛਵਾੜੇ ਵਲ ਦੀ ਜਾਂਦੀ । ਗਜਾਧਰ ਬਾਬੂ ਨੇ ਪਤਨੀ ਤੋਂ ਪੁਛਿਆ ਤਾਂ ਜਆਬ ਮਿਲਿਆ, "ਨਰਾਜ਼ ਹੋਈ ਹੈ ।" ਗਜਾਧਰ ਬਾਬੂ ਨੂੰ ਹੋਰ ਰੋਹ ਚੜ੍ਹ ਗਿਆ । ਲੜਕੀ ਦੀ ਐਨੀ ਮਿਜ਼ਾਜ, ਜਾਣ ਤੋਂ ਰੋਕਿਆ ਤਾਂ ਪਿਤਾ ਨਾਲ ਬੋਲਣਾ ਬੰਦ । ਫਿਰ ਉਨ੍ਹਾਂ ਦੀ ਪਤਨੀ ਨੇ ਹੀ ਸੂਚਨਾ ਦਿੱਤੀ ਕਿ ਅਮਰ ਅੱਡ ਰਹਿਣ ਦੀ ਸੋਚ ਰਿਹਾ ਹੈ "ਕਿਉਂ ?" ਗਜਾਧਰ ਬਾਬੂ ਨੇ ਹੈਰਾਨੀ ਨਾਲ ਪੁਛਿਆ ।

ਪਤਨੀ ਨੇ ਸਾਫ-ਸਾਫ ਜੁਆਬ ਨਹੀਂ ਦਿਤਾ। ਅਮਰ ਤੇ ਉਸ ਦੀ ਬਹੂ ਨੂੰ ਸ਼ਕਾਇਤਾਂ ਬਹੁਤ ਸਨ । ਉਹ ਕਹਿੰਦੇ ਸਨ ਕਿ ਗਜਾਧਰ ਬਾਬੂ ਸਾਰਾ ਦਿਨ ਬੈਠਕ ਵਿਚ ਬੈਠੇ ਰਹਿੰਦੇ ਹਨ । ਕੋਈ ਆਉਣ ਜਾਣ ਵਾਲਾ ਹੋਵੇ ਤਾਂ ਬਹਿਣਨੂੰ ਥਾਂ ਨਹੀਂ । ਅਮਰ ਨੂੰ ਅਜੇ ਵੀ ਉ ੲ ਛੋਟਾ ਜਿਹਾ ਸਮਝਦੇ ਸਨ ਤੇ ਮੌਕੇ ਬੇਮੌਕੇ ਟੋਕ ਦਿੰਦੇ ਸਨ । ਬਹੂ ਨੂੰ ਕੰਮ ਕਰਨਾ ਪੈਂਦਾ ਸੀ ਤੇ ਸੱਸ ਹਰ ਸਮੇਂ ਤਾਹਨੇ ਦਿੰਦੀ ਰਹਿੰਦੀ ਸੀ ।

"ਮੇਰੇ ਆਉਣ ਤੋਂ ਪਹਿਲਾਂ ਵੀ ਕਦੀ ਇਸ ਤਰ੍ਹਾਂ ਹੋਇਆ ਸੀ ?" ਗਜਾਧਰ ਬਾਬੂ ਨੇ ਪੁਛਿਆ । ਪਤਨੀ ਨੇ ਸਿਰ ਹਿਲਾਕੇ ਦਸਿਆ ਕਿ ਨਹੀਂ । ਪਹਿਲਾਂ ਅਮਰ ਘਰ ਦਾ ਮਾਲਕ ਬਣਕੇ ਰਹਿੰਦਾ ਸੀ ਬਹੂ ਨੂੰ ਕੋਈ ਰੋਕ-ਟੋਕ ਨਹੀਂ ਸੀ, ਅਮਰ ਦੇ ਦੋਸਤਾਂ ਦੀ ਅਕਸਰ ਏਥੇ ਭੀੜ ਰਹਿੰਦੀ ਤੇ ਅੰਦਰੋਂ ਨਾਸ਼ਤਾ ਚਾਹ ਆਦਿ ਆਉਂਦੀ ਰਹਿੰਦੀ । ਬਸੰਤੀ ਨੂੰ ਵੀ ਇਹ ਸਭ ਚੰਗਾ ਲਗਦਾ ਸੀ।

ਗਜਾਧਰ ਬਾਬੂ ਨੇ ਕਿਹਾ, "ਅਮਰ ਨੂੰ ਕਹੋ, ਜਲਦਬਾਜ਼ੀ ਦੀ ਕੋਈ ਲੋੜ ਨਹੀਂ ।"

ਅਗਲੇ ਦਿਨ ਸੈਰ ਤੋਂ ਵਾਪਸ ਆਏ ਤਾਂ ਉਨ੍ਹਾਂ ਵੇਖਿਆ ਕਿ ਬੈਠਕ ਵਿਚ ਉਨ੍ਹਾਂ ਦੀ ਮੰਜੀ ਨਹੀਂ ਹੈ। ਅੰਦਰ ਆਏ ਤਾਂ ਉਨ੍ਹਾਂ ਦੀ ਨਜ਼ਰ ਰਸੋਈ ਵਿਚ ਬੈਠੀ ਪਤਨੀ ਤੇ ਪਈ। ਉਨ੍ਹਾਂ ਨੇ ਇਹ ਪੁੱਛਣ ਲਈ ਮੂੰਹ ਖੋਲ੍ਹਿਆ ਕਿ ਬਹੂ ਕਿਥੇ ਹੈ, ਪਰ ਕੁਝ ਯਾਦ ਕਰਕੇ ਚੁੱਪ ਕਰ ਗਏ । ਪਤਨੀ ਦੀ ਕੋਠੜੀ 'ਚ ਝਾਕਿਆ ਤਾਂ ਅਚਾਰ,

ਰਜਾਈਆਂ ਤੇ ਪੀਪਿਆ ਦੇ ਦਰਮਿਆਨ ਆਪਣੀ ਮੰਜੀ ਵੇਖੀ । ਗਜਾਧਰ ਬਾਬੂ ਨੇ ਕੁਝ ਖਾਧੇ ਬਿਨਾਂ ਹੀ ਲੇਟ ਗਏ । ਕੁਝ ਵੀ ਹੋਵੇ, ਮਨ ਆਖਰਕਾਰ ਬੁਢਾ ਹੀ ਸੀ। ਸਵੇਰੇ ਸ਼ਾਮੀ ਕੁਝ ਸੈਰ ਜ਼ਰੂਰ ਕਰ ਲੈਂਦੇ । ਗਜਾਧਰ ਬਾਬੂ ਨੂੰ ਆਪਣਾ ਸਾਰਾ ਖੁਲ੍ਹਾਂ ਕੁਆਟਰ ਯਾਦ ਆਇਆ । ਬੇਫ਼ਿਕਰੀ ਵਾਲਾ ਜੀਵਨ, ਸਵੇਰੇ ਪੈਸੰਜਰ ਗੱਡੀ ਆਉਣ ਵਾਲੇ ਸਟੇਸ਼ਨ ਦੀ ਚਹਿਲ-ਪਹਿਲ, ਵਾਕਫ ਚੇਹਰੇ ਤੇ ਪਟਰੀ ਦੇ ਰੇਲ ਦੇ ਪਹੀਆਂ ਦੀ ਖਟ-ਖਟ ਜੋ ਉਨ੍ਹਾਂ ਲਈ ਮਨ ਨੂੰ ਮੋਹ ਲੈਣ ਵਾਲੇ ਸੰਗੀਤ ਦੀ ਤਰ੍ਹਾਂ ਸੀ । ਤੂਫਾਨ ਡਾਕ ਗੱਡੀ ਦੇ ਇੰਜਣਾ ਦੀ ਚੀਹਾੜ ਉਨ੍ਹਾਂ ਦੀ ਰਾਤਾਂ ਦੀ ਸਾਥੀ । ਸੇਠ ਰਾਮਜੀਮਲ ਦੀ ਮਿਲ ਦੇ ਕੁਝ ਲੋਕ ਕਈ ਵਾਰ ਕੋਲ ਆ ਬੈਠਦੇ, ਇਹੋ ਉਨ੍ਹਾਂ ਦਾ ਦਾਇਰਾ ਸੀ, ਇਹੋ ਉਨ੍ਹਾਂ ਦੇ ਸਾਥੀ ਸਨ । ਇਹ ਜੀਵਨ ਹੁਣ ਗੁਜ਼ਰ ਚੁੱਕੇ ਸਮਿਆਂ ਦੀ ਦਾਸਤਾਂ ਲਗਣ ਲੱਗ ਪਿਆ । ਉਨ੍ਹਾਂ ਨੂੰ ਲਗ ਰਿਹਾ ਸੀ ਕਿ ਜ਼ਿੰਦਗੀ ਨੇ ਉਹਨਾਂ ਨਾਲ ਠੱਗੀ ਕੀਤੀ ਹੈ । ਉਹਨਾਂ ਜੋ ਕੁਝ ਚਾਹਿਆ, ਉਸ ਦੀ ਇਕ ਬੂੰਦ ਤਕ ਵੀ ਨਾ ਮਿਲੀ ।

ਲੇਟੇ ਪਏ ਅੰਦਰ ਆਉਂਦੀਆਂ ਅਵਾਜ਼ਾਂ ਨੂੰ ਉਹ ਸੁਣਦੇ ਰਹੇ । ਬਹੂ ਤੇ ਸੱਸ ਦੀ ਛੋਟੀ ਜਿਹੀ ਝੜਪ, ਬਾਲਟੀ ਵਿਚ ਖੁਲ੍ਹੀ ਟੂਟੀ ਦੇ ਪਾਣੀ ਦੀ ਆਵਾਜ਼, ਰਸੋਈ ਵਿਚ ਬਰਤਨਾਂ ਦੀ ਚੁੱਕ-ਥਲ ਦੀ ਖੜ ਖੜ-ਤੇ ਅਚਾਨਕ ਉਹਨਾਂ ਮਨ ਬਣਾ ਲਿਆ ਕਿ ਹੁਣ ਘਰ ਦੀ ਕਿਸੇ ਗਲ ਵਿਚ ਦਖਲ ਨਹੀਂ ਦੇਣਗੇ । ਜੇ ਘਰ ਦੇ ਮਾਲਕ ਲਈ ਇਕ ਮੰਜੀ ਦੀ ਥਾਂ ਨਹੀਂ ਅਤੇ ਆਪਣੇ ਘਰ ਵਿਚ ਹੀ ਪਰਾਇਆਂ ਵਾਂਗੂ ਪਏ ਰਹਿਣਗੇ... . ਤੇ ਉਸ ਦਿਨ ਦੇ ਬਾਦ ਸਚਮੁਚ ਗਜਾਧਰ ਬਾਬੂ ਕੁਝ ਨਹੀਂ ਬੋਲੇ । ਨਰਿੰਦਰ ਰੁਪੈ ਮੰਗਣ ਆਇਆ ਤਾਂ ਬਿਨਾਂ ਕਾਰਨ ਪੁੱਛੇ ਉਸ ਨੂੰ ਰੁਪੈ ਦੇ ਦਿੱਤੇ। ਬਸੰਤੀ ਹਨੇਰਾ ਹੋਣ ਤੋਂ ਬਾਦ ਵੀ ਗਵਾਂਢ ਵਿਚ ਰਹੀ ਤਾਂ ਵੀ ਉਨ੍ਹਾਂ ਕੁਝ ਨਹੀਂ ਕਿਹਾ ਪਰ ਉਨ੍ਹਾਂ ਨੂੰ ਸਭ ਤੋਂ ਵੱਧ ਗਮ ਇਹ ਸੀ ਕਿ ਪਤਨੀ ਨੇ ਵੀ ਉਨ੍ਹਾਂ ਨਾਲ ਕੋਈ ਦੁਖ ਨਹੀਂ ਵੰਡਾਇਆ । ਉਹ ਮਨ ਹੀ ਮਨ ਵਿਚ ਕਿਨ੍ਹਾਂ ਭਾਰ ਢੋ ਰਹੇ ਹਨ, ਇਸ ਤੋਂ ਉਹ ਅਨਜਾਣ ਹੀ ਬਣ ਰਹੀ ਬਲਕਿ ਉਸ ਦੇ ਹੁਣ ਵਾਲੇ ਵਿਹਾਰ ਤੋਂ ਖੁਸ਼ੀ ਹੀ ਲਗਦੀ ਸੀ । ਕਦੀ-ਕਦੀ ਉਹ ਕਹਿ ਦੇਂਦੀ, "ਠੀਕ ਹੀ ਹੈ, ਤੁਸੀਂ ਟੋਕਿਆ ਨਾ ਕਰੋ, ਬੱਚੇ ਵੱਡੇ ਹੋ ਗਏ ਹਨ, ਸਾਡਾ ਜੋ ਫਰਜ਼ ਸੀ, ਕਰ ਰਹੇ ਹਾਂ । ਪੜ੍ਹਾ ਰਹੇ ਹਾਂ, ਸ਼ਾਦੀ ਕਰ ਦੇਵਾਂਗੇ ।"

ਗਜਾਧਰ ਬਾਬੂ ਨੇ ਅਜੀਬ ਨਜ਼ਰਾਂ ਨਾਲ ਆਪਣੀ ਪਤਨੀ ਵਲ ਵੇਖਿਆ । ਉਹਨਾਂ ਮਹਿਸੂਸ ਕੀਤਾ ਕਿ ਉਹ ਪਤਨੀ ਤੇ ਬਚਿਆਂ ਲਈ ਸਿਰਫ ਧਨ ਪੈਦਾ ਕਰਨ ਦਾ ਸੋਮਾ ਹੀ ਹਨ । ਜਿਸ ਵਿਅਕਤੀ ਦੀ ਹੋਂਦ ਕਾਰਨ ਉਸ ਦੀ ਪਤਨੀ ਮਾਂਗ ਵਿਚ ਸੰਧੂਰ ਪਾਉਣ ਦੀ ਅਧਿਕਾਰੀ ਹੈ, ਸਮਾਜ ਵਿਚ ਉਸ ਦਾ ਰੁਤਬਾ ਹੈ, ਉਹ ਸਿਰਫ ਉਸ ਦੇ ਸਾਹਮਣੇ ਦੋ ਵੇਲੇ ਰੋਟੀ ਪਰੋਸ ਕੇ ਸਾਰੇ ਫਰਜ਼ਾਂ ਤੋਂ ਵਹਿਲੀ ਹੋ ਜਾਂਦੀ ਹੈ । ਉਹ ਘਿਉ ਤੇ ਚੀਨੀ ਦੇ ਡੱਬਿਆਂ ਵਿਚ ਏਨੀ ਗੁਆਚ ਗਈ ਹੈ ਕਿ ਬਸ ਇਹੀ ਉਸ ਦੀ ਦੁਨੀਆਂ ਬਣ ਗਏ ਹਨ । ਕਿਸੇ ਗਲ ਵਿਚ ਦਖਲ ਨਾ ਦੇਣ ਦੇ ਨਿਰਨੇ ਤੋਂ ਬਾਦ ਵੀ ਉਹ ਉਸ ਵਾਤਾਵਰਨ ਦਾ ਹਿੱਸਾ ਨਾ ਬਣ ਸਕੇ । ਉਹਨਾਂ ਦੀ ਸਾਰੀ ਖੁਸ਼ੀ ਇਕ ਗਹਿਰੀ ਉਦਾਸੀ ਵਿਚ ਡੁੱਬ ਕੇ ਰਹਿ ਗਈ ।

\+ \+

ਇਸ ਨਿਸ਼ਚੇ ਦੇ ਬਾਵਜੂਦ ਗਜਾਧਰ ਬਾਬੂ ਇਕ ਦਿਨ ਘਰ ਦੇ ਮਾਮਲੇ ਵਿਚ ਦਖਲ ਦੇ ਬੈਠੇ । ਪਤਨੀ ਸੁਭਾ ਅਨੁਸਾਰ ਨੌਕਰ ਦੀ ਸ਼ਕਾਇਤ ਕਰ ਰਹੀ ਸੀ । ਕਿਨ੍ਹਾਂ ਕੰਮ ਚੋਰ ਹੈ, ਬਜ਼ਾਰ ਦੀ ਹਰ ਚੀਜ਼ ਵਿਚੋਂ ਪੈਸੇ ਮਾਰਦਾ ਹੈ, ਖਾਣਾ ਖਾਣ ਬੈਠਦਾ ਹੈ ਤਾਂ ਖਾਂਦਾ ਹੀ ਜਾਂਦਾ ਹੈ ।" ਗਜਾਧਰ ਬਾਬੂ ਨੂੰ ਬਰਾਬਰ ਇਹ ਮਹਿਸੂਸ ਹੋ ਰਿਹਾ ਸੀ ਕਿ ਉਹਨਾਂ ਦੇ ਘਰ ਦਾ ਰਹਿਣ-ਸਹਿਣ ਤੇ ਖਰਚ ਉਹਨਾਂ ਦੀ ਹਸੀਅਤ ਤੋਂ ਵਧ ਹੈ । ਪਤਨੀ ਦੀ ਗਲ ਸੁਣਕੇ ਲੱਗਾ ਕਿ ਨੌਕਰ ਦਾ ਖਰਚ ਬਿਲਕੁਲ ਬੇਕਾਰ ਹੈ । ਛੋਟਾ-ਮੋਟਾ ਕੰਮ ਹੈ ਅਤੇ ਘਰ ਵਿਚ ਤਿੰਨ ਮਰਦ ਹਨ, ਕੋਈ-ਨਾ-ਕੋਈ ਤਾਂ ਕਰ ਹੀ ਸਕਦਾ ਹੈ । ਉਹਨਾਂ ਨੇਂ ਉਸੇ ਦਿਨ ਨੌਕਰ ਦਾ ਹਿਸਾਬ ਕਰ ਦਿੱਤਾ । ਅਮਰ ਦਫਤਰ ਤੋਂ ਆਇਆ ਤਾਂ ਨੌਕਰ ਨੂੰ ਬੁਲਾਉਣ ਲਗਾ । ਅਮਰ ਦੀ ਬਹੂ ਬੋਲੀ, "ਬਾਬੂ ਜੀ ਨੇ ਨੌਕਰ ਕਢ ਦਿੱਤਾ ਹੈ ।"

"ਕਿਉਂ ?"

"ਕਹਿੰਦੇ ਹਨ ਖਰਚ ਬਹੁਤ ਹੈ ।"

ਵਾਰਤਾਲਾਪ ਬਹੁਤ ਸਿਧਾ ਸੀ, ਪਰ ਜਿਸ ਤਨਜ਼ ਨਾਲ ਬਹੂ ਬੋਲੀ, ਗਜਾਧਰ ਬਾਬੂ ਨੂੰ ਖਾ ਗਿਆ । ਉਸ ਦਿਨ ਜੀ ਭਰਿਆ ਹੋਣ ਕਾਰਨ ਗਜਾਧਰ ਬਾਬੂ ਸੈਰ ਕਰਨ ਨਹੀਂ ਗਏ ਸਨ । ਆਲਸ ਕਾਰਨ ਉੱਠ ਕੇ ਬੱਤੀ ਵੀ ਨਹੀਂ ਸੀ ਜਗਾਈ । ਇਸ ਗਲ ਤੋਂ ਬੇਖਬਰ ਨਰਿੰਦਰ ਮਾਂ ਨੂੰ ਕਹਿਣ ਲਗਾ, "ਅੰਮਾਂ, ਤੂੰ ਬਾਬੂ ਜੀ ਨੂੰ ਕਹਿੰਦੀ ਕਿਉਂ ਨਹੀਂ ? ਬੈਠੇ-ਬਿਠਾਏ ਹੋਰ ਕੁਝ ਨਹੀਂ ਤਾਂ ਨੌਕਰ ਹੀ ਭਜਾ ਦਿੱਤਾ । ਜੇ ਬਾਬੂ ਜੀ ਇਹ ਸਮਝਦੇ ਹਨ

ਕਿ ਮੈਂ ਸਾਈਕਲ ਤੇ ਕਣਕ ਰਖਕੇ ਆਟਾ ਪਿਸਾਉਣ ਜਾਵਾਂਗਾ ਤਾਂ ਮੈਥੋਂ ਇਹ ਸਭ ਨਹੀਂ ਹੋਵੇਗਾ ।" "ਹਾਂ ਅੰਮਾਂ"—ਬਸੰਤੀ ਦੀ ਅਵਾਜ਼ ਹੀ, "ਮੈਂ ਕਾਲਜ ਵੀ ਜਾਵਾਂ ਤੇ ਮੁੜ ਕੇ ਘਰ ਝਾੜੂ ਵੀ ਦੇਵਾਂ, ਇਹ ਮੇਰੇ ਵਸ ਦੀ ਗਲ ਨਹੀਂ ।"

'ਬੁਢਾ ਆਦਮੀ ਹੈ ।' ਅਮਰ ਬੁੜਬੁੜਾਇਆਂ, "ਚੁਪ ਚਾਪ ਪਿਆ ਰਹੇ । ਹਰ ਗਲ ਵਿਚ ਦਖਲ ਕਿਉਂ ਦੇਂਦੇ ਹਨ ।" ਮਾਂ ਨੇ ਵਿਅੰਗ ਨਾਲ ਕਿਹਾ "ਹੋਰ ਕੁਝ ਨਹੀਂ ਸੁਝਿਆ ਤਾਂ ਤੇਰੀ ਬਹੂ ਨੂੰ ਰਸੋਈ ਵਿਚ ਭੇਜ ਦਿਤਾ । ਪੂਰੇ ਮਹੀਨੇ ਦਾ ਰਾਸ਼ਨ ਹਫਤੇ ਵਿਚ ਬਣਾ ਕੇ ਰੱਖ ਦਿੱਤਾ ।" ਬਹੂ ਕੁਝ ਕਹੇ,ਇਸ ਤੋਂ ਪਹਿਲਾਂ ਹੀ ਉਹ ਰਸੋਈ ਵਿਚ ਵੜ ਗਈ । ਕੁਝ ਦੇਰ ਬਾਦ ਆਪਣੀ ਕੋਠਰੀ ਵਿਚ ਆਈ ਤੇ ਬਿਜਲੀ ਜਗਾਈ ਤਾਂ ਗਜਾਧਰ ਬਾਬੂ ਨੂੰ ਲੇਟੇ ਵੇਖ ਕੇ ਕੜਾ ਤੜਫੀ । ਗਜਾਧਰ ਬਾਬੂ ਦੇ ਚੇਹਰੇ ਤੋਂ ਉਹ ਕੋਈ ਅਨੁਮਾਨ ਨਾ ਲਾ ਸਕੀ । ਉਹ ਚੁੱਪ, ਅੱਖਾਂ ਬੰਦ ਕਰੀ ਲੇਟੇ ਰਹੇ ।

\+ +

ਜਗਾਧਰ ਬਾਬੂ ਚਿੱਠੀ ਹੱਥ ਵਿਚ ਲਈ ਅੰਦਰ ਆਏ ਤੇ ਪਤਨੀ ਨੂੰ ਅਵਾਜ਼ ਦਿੱਤੀ । ਉਹ ਭਿਜੇ ਹੱਥ ਚੁੰਨੀ ਨਾਲ ਪੂੰਝਦੀ ਹੋਈ ਕੋਲ ਆਣ ਖਲੋਤੀ । ਗਜਾਧਰ ਬਾਬੂ ਨੇ ਬਿਨਾਂ ਕਿਸੇ ਭੂਮਿਕਾ ਦੇ ਕਿਹਾ, "ਮੈਨੂੰ ਸੇਠ ਰਾਮਜੀ ਮਲ ਦੀ ਖੰਡ ਮਿੱਲ ਵਿਚ ਨੌਕਰੀ ਮਿਲ ਗਈ ਹੈ । ਵਿਹਲੇ ਬਹਿਣ ਨਾਲੋਂ ਤਾਂ ਚਾਰ ਪੈਸੇ ਘਰ ਵਿਚ ਆਉਣ ਇਹੀ ਚੰਗਾ ਹੈ । ਉਹਨਾਂ ਤਾਂ ਪਹਿਲਾਂ ਵੀ ਕਿਹਾ ਸੀ ਪਰ ਮੈਂ ਹੀ ਮਨ੍ਹਾਂ ਕਰ ਦਿਤਾ ਸੀ ।" ਫਿਰ ਕੁਝ ਚਿਰ ਰੁਕ ਕੇ ਉਹਨਾਂ ਹੌਲੀ ਹੌਲੀ ਕਿਹਾ, "ਮੈਂ ਸੋਚਿਆ ਸੀ ਕਿਨੇ ਵਰ੍ਹੇ ਤੁਹਾਥੋਂ ਦੂਰ ਰਹਿਣ ਤੋਂ ਬਾਦ, ਰੀਟਾਇਰ ਹੋ ਕੇ ਤੁਹਾਡੇ ਨਾਲ ਰਹਾਂਗਾ । ਖੈਰ, ਪਰਸੋਂ ਜਾਣਾ ਹੈ । ਤੂੰ ਵੀ ਚਲੇਂਗੀ ?" "ਮੈਂ ?" ਪਤਨੀ ਨੇ ਛਟਪਟਾ ਕੇ ਕਿਹਾ, "ਮੈਂ ਜਾਵਾਂ ਤਾਂ ਇਥੇ ਦਾ ਕੀ ਬਣੇਗਾ ? ਐਨੀ ਵੱਡੀ ਕਬੀਲਦਾਰੀ, ਫਿਰ ਜੁਆਨ ਕੁੜੀ..."

ਗਲਾਂ ਵਿਚੋਂ ਕੱਟ ਕੇ ਗਜਾਧਰ ਬਾਬੂ ਨੇ ਕਿਹਾ, "ਠੀਕ ਹੈ, ਤੂੰ ਇਥੇ ਹੀ ਰਹਿ । ਮੈਂ ਤਾਂ ਵੈਸੇ ਹੀ ਕਿਹਾ ਸੀ ।" ਤੇ ਡੂੰਘੀ ਚੁੱਪ ਵਿਚ ਲਹਿ ਗਏ ।

÷ ÷

ਨਰਿੰਦਰ ਨੇ ਬੜੀ ਕਾਹਲੀ ਨਾਲ ਬਿਸਤਰਾ ਬੰਨ੍ਹਿਆਂ ਤੇ ਰਿਕਸ਼ਾ ਲੈ ਆਇਆ । ਟੀਨ ਦਾ ਬਕਸਾ ਤੇ ਹੌਲਾ ਜਿਹਾ ਬਿਸਤਰਾ ਉਸ ਤੇ ਰੱਖ ਦਿੱਤਾ । ਨਾਸ਼ਤਾ ਲੈ ਕੇ ਗਜਾਧਰ ਬਾਬੂ ਰਿਕਸ਼ੇ ਤੇ ਬੈਠ ਗਏ । ਇਕ ਨਜ਼ਰ ਆਪਣੇ ਪਰੀਵਾਰ ਵਲ ਵੇਖਿਆ ਫੇਰ ਦੂਸਰੇ ਪਾਸੇ ਵੇਖਣ ਲੱਗੇ ਤੇ ਰਿਕਸ਼ਾ ਚਲ ਪਿਆ । ਉਹਨਾਂ ਦੇ ਜਾਣ ਤੋਂ ਬਾਦ ਸਭ ਅੰਦਰ ਆ ਗਏ, ਬਹੂ ਨੇ ਅਮਰ ਤੋਂ ਪੁਛਿਆ, "ਸਿਨਮੇ ਲੈ ਜਾਵੋਗੇ ਨਾ ?" ਬਸੰਤੀ ਨੇ ਉਛਲਕੇ ਕਿਹਾ, "ਭਾ ਜੀ ਮੈਨੂੰ ਵੀ ।"

ਗਜਾਧਰ ਬਾਬੂ ਦੀ ਪਤਨੀ ਸਿਧੀ ਚੌਂਕੇ ਵਿਚ ਚਲੀ ਗਈ । ਬਚੀਆਂ ਮੱਠੀਆਂ ਪਲੇਟ ਵਿਚ ਰੱਖ ਕੇ ਆਪਣੇ ਕਮਰੇ ਵਿਚ ਲੈ ਆਈ ਤੇ ਪੀਪਿਆਂ ਦੇ ਕੋਲ ਰੱਖ ਦਿੱਤੀਆਂ ਫਿਰ ਬਾਹਰ ਆ ਕੇ ਕਿਹਾ, "ਨਰਿੰਦਰ, ਬਾਬੂ ਜੀ ਦੀ ਮੰਜੀ ਕਮਰੇ ਵਿਚੋਂ ਕਢ ਦੇ । ਕਮਰੇ ਵਿਚ ਲੰਘਣ ਲਈ ਵੀ ਰਾਹ ਨਹੀਂ ਹੈ ।"

ਅਨੁਵਾਦ :

□ ਰਾਵਿੰਦਰ ਸਿੰਘ ਬਾਠ


## ਬਲਰਾਜ ਸਾਹਨੀ ਯਾਦਗਰ ਪ੍ਰਕਾਸ਼ਨ ਦੀਆਂ ਕੁਝ ਕਿਤਾਬਾਂ

| | |
|---|---|
| ਗੁਲਮੋਹਰ (ਨਾਵਲ) ਭੁਪਿੰਦਰ ਸੂਦਨ | ਮੁਲ 5-00 |
| ਮੈਂ ਦਸਾਂਗਾ (ਕਵਿਤਾ) ਸੀ. ਮਾਰਕੰਡਾ | ਮੁਲ 2-00 |
| ਗਿਲੀਆਂ ਛਿੱਟੀਆਂ ਦੀ ਘੱਗ (ਕਹਾਣੀ) ਬਲਦੇਵ ਸਿੰਘ | ਮੁਲ 4-00 |
| ਲੇਖ ਸਿਆੜਾਂ ਦੇ (ਗੀਤ) ਜਸਵਿੰਦਰ | ਮੁਲ 2-00 |
| ਰਾਤ (ਨਾਵਲ) ਅਬਦੱਲਾ ਹੁਸੈਨ | ਮੁਲ 3-00 |
| ਪੰਖੀਆਂ ਦੇ ਆਲ੍ਹਣੇ (ਕਹਾਣੀ) ਬੂਰਾ ਸਿੰਘ ਕਲੇਰ | ਮੁਲ 2-00 |

ਇਹ ਕਿਤਾਬਾਂ ਤੇ ਹੋਰ ਕਿਤਾਬਾਂ ਲਈ

# ਅਮਰ ਨਿਊਜ਼ ਏਜੰਸੀ

## ਬਸ ਸਟੈਂਡ, ਬੁਕ ਸਟਾਲ

## ਅੰਮ੍ਰਿਤਸਰ

ਕਿਤਾਬਾਂ

## 1. 'ਮੁਕਤੀ ਦਾ ਬੰਧਨ'

ਪ੍ਰੇਮ ਪ੍ਰਕਾਸ਼ ਦੇ ਕਹਾਣੀ ਸੰਗ੍ਰਹਿ 'ਮੁਕਤੀ'* ਬਾਰੇ ਕੁਝ ਲਿਖਣਾ ਮੇਰੇ ਲਈ ਕਾਫ਼ੀ ਮੁਸ਼ਕਿਲ ਕੰਮ ਹੈ ਜਿਹੜਾ ਮੈਂ ਆਪਣੇ ਉਤੇ ਜ਼ੋਰ ਪਾ ਕੇ ਕਰ ਰਿਹਾ ਹਾਂ। 'ਮੁਕਤੀ' ਮੈਨੂੰ ਅੱਧੀ ਸਮਰਪਨ ਹੈ। ਪ੍ਰੇਮ ਪ੍ਰਕਾਸ਼ ਮੇਰੇ ਉਹਨਾਂ ਕਰੀਬੀ ਦੋਸਤਾਂ ਵਿਚੋਂ ਹੈ ਜਿਨ੍ਹਾਂ ਦਾ ਕੋਈ ਲੇਖਾ ਨਹੀਂ। ਮੈਂ ਉਹਦੇ ਕੋਲੋਂ ਕਹਾਣੀ ਲਿਖਣ ਦੀ ਜਾਚ ਸਿੱਖਣ ਬਾਰੇ ਕਈ ਉਦਮ ਕੀਤੇ ਹਨ, ਪਰ ਮੈਨੂੰ ਕਾਮਯਾਬੀ ਨਹੀਂ ਮਿਲੀ। ਮੈਂ ਉਸ ਦੀਆਂ ਇਹਨਾਂ ਕਹਾਣੀਆਂ ਦੇ ਕੱਚੇ ਡਰਾਫ਼ਟ ਸੁਣੇ ਹਨ। ਕਈ ਵਾਰ ਪ੍ਰੇਮ ਪ੍ਰਕਾਸ਼ ਦੀ ਅਤੇ ਮੇਰੀ ਉਹਨਾਂ ਨੁਕਤਿਆਂ ਬਾਰੇ ਗੱਲ ਬਾਤ ਹੋਈ ਹੈ ਜਿਹੜੇ ਮਗਰੋਂ ਜਾ ਕੇ ਕਹਾਣੀਆਂ ਬਣ ਗਏ। ਮੈਂ ਕਹਾਣੀਆਂ ਦੇ ਬਹੁਤ ਸਾਰੇ 'ਕਿਰਦਾਰਾਂ' ਨੂੰ ਵੀ ਜਾਣਦਾ ਹਾਂ।

'ਮੈਂ ਤੁਹਾਡੇ ਵਿਚੋਂ ਹਾਂ' ਘਟੀਆ ਜਜ਼ਬੇ ਉਤੇ ਆਧਾਰਿਤ ਹੈ ਜਿਹੜੀ ਪ੍ਰੇਮ ਪ੍ਰਕਾਸ਼ ਨੂੰ ਤਾਂ ਕੀ ਕਿਸੇ ਵੀ ਕਹਾਣੀਕਾਰ ਦੇ ਲਾਇਕ ਨਹੀਂ ਹੋ ਸਕਦੀ। ਮਿਲਣ ਵਾਲਾ ਵੀ ਉਹਦੇ ਵਰਗਾ ਹੀ ਹੋਣਾ ਹੈ ਜਿਸ ਨੂੰ ਉਹ ਮਿਲਣ ਗਿਆ ਸੀ। ਕਹਾਣੀ ਵਿਚ ਉਹਦੀ ਬਰਤਰੀ ਦਾ ਕੋਈ ਇਸ਼ਾਰਾ ਨਹੀਂ। ਜੇ ਬਹੁਤਾ ਚੰਗਾ ਵੀ ਹੋਇਆ ਤਾਂ 'ਦਸਤਾਵੇਜ਼' ਦੇ ਪਾਤਰਾਂ ਵਰਗਾ ਹੋਣਾ।

ਕੁਝ ਸਾਲ ਪਹਿਲਾਂ 'ਖ਼ੂਨ-ਬਹਾ' ਕਹਾਣੀ ਨੇ ਪ੍ਰੇਮ ਪ੍ਰਕਾਸ਼ ਨੂੰ ਸਿਆਸੀ, ਜੁਝਾਰੂ ਪ੍ਰਗਤੀਵਾਦੀ ਕਹਾਣੀਕਾਰ ਬਣਾਇਆ ਸੀ। ਇਹ ਕਹਾਣੀ ਨਾ ਸਿਆਸੀ, ਨਾ ਪ੍ਰਗਤੀਵਾਦੀ ਹੈ। ਇਹਦੀ ਸਿਆਸਤ ਵਾਤਾਵਰਨ ਦੀ ਹੈ, ਬਿਰਤਾਂਤ ਅਤੇ ਵਿਸ਼ਲੇਸ਼ਨ ਦੀ ਨਹੀਂ। ਇਹਦਾ ਜੁਝਾਰਵਾਦ ਚਿੰਨ੍ਹ ਮਾਤਰ ਹੈ। ਜੀਮ, ਕੁਬਾ ਅਤੇ ਮਰੀ ਬਿੱਲੀ ਸਮਰੂਪ ਹਨ। ਫੇਰ 'ਚੌਕ ਤਾਂ ਮੇਰੇ ਅੰਦਰ ਹੈ, ਮੇਰੇ ਨਾਲ ਰਵੇਗਾ'। ਇਹਦੀ ਵਾਕ ਬਣਤਰ 'ਸਕਣ' ਵਾਲੀ ਹੈ ਜਿਹੜੀ "ਹੈ" ਦੇ ਯਥਾਰਥ ਤੋਂ ਦੂਰੀ ਦੀ ਨਿਸ਼ਾਨੀ ਹੈ – 'ਸੀਨ ਹੁਣ ਵੀ ਆਖ ਦੇਵੇ, ਮੈਂ ਇਸ ਚੌਂਕ ਦੇ ਵਿਚਕਾਰ ਖਲੋ ਸਕਦਾ ਹਾਂ, ਮਸ਼ਾਲ ਬਾਲ ਕੇ'। ਜੇ ਕਿਸੇ ਨੇ ਮਸ਼ਾਲ ਬਾਲਣੀ ਹੈ ਤਾਂ ਉਹਨੂੰ ਨਾਂ ਤਾ 'ਸਕਣ' ਦੇ ਐਲਾਨ ਦੀ ਲੋੜ ਹੈ ਅਤੇ ਨਾ 'ਆਖਣ' ਵਾਲੇ ਦੀ ਸਿਫ਼ਾਰਸ਼ ਦੀ।

'ਨਾਵਲ ਦਾ ਮੁੱਢ' ਪਤਾ ਨਹੀਂ ਕਿਵੇਂ ਬਣ ਗਈ ? ਗਰੀਬੀ ਦੀ ਸ਼ਰਮ ਜ਼ਰੂਰ ਹੁੰਦੀ ਹੈ ਪਰ ਇਹ ਗੱਲ ਕਹਿਣ ਦੀ ਲੋੜ ਨਹੀਂ। ਕਹਿਣ ਦੀ ਗੱਲ ਤਾਂ ਇਹ ਹੈ ਕਿ ਗ਼ਰੀਬੀ ਦੀ ਸ਼ਰਮ ਦੀ ਲੋੜ ਨਹੀਂ। ਰਵੱਈਏ ਦਾ ਸੁੰਦਰਤਾ ਨਾਲ ਸਬੰਧ ਹੈ। ਕਈ ਵਾਰ ਗ਼ਲਤ ਰਵੱਈਆ ਹੀ 'ਸਹੀ' ਗੱਲ ਦੇ ਸੌਂਦਰਜ ਨੂੰ ਖ਼ਤਮ ਕਰ ਦਿੰਦਾ ਹੈ। ਇਹ ਚੀਜ਼ 'ਲੱਛਮੀ' ਬਾਰੇ ਵੀ ਸਹੀ ਹੈ। ਜੇ ਅਤਿ ਨਿਰਧਨ ਲੋਕ ਵੀ ਜ਼ਾਤ ਪਾਤ ਨੂੰ ਮੰਨਦੇ ਹਨ ਤਾਂ ਇਹ ਸਮਾਜੀ ਦੁਖਾਂਤ ਹੈ ਜਿਹੜਾ ਕਲਾ ਨਹੀਂ ਬਣ ਸਕਦਾ। ਇਸੇ ਤਰ੍ਹਾਂ ਹੀ 'ਘਰ' ਦੀ ਹਾਲਤ ਮਾੜੀ ਹੈ।

ਪ੍ਰੇਮ ਪ੍ਰਕਾਸ਼ ਦੀ ਤਕੜਾਈ ਇਸ ਗੱਲ ਵਿਚ ਹੈ ਕਿ ਉਹ ਆਧੁਨਿਕ ਭਾਵ ਦਾ ਕਹਾਣੀਕਾਰ ਹੈ। ਇਹ ਆਧੁਨਿਕ ਭਾਵ ਪਾਤਰਾਂ ਦੀ ਸਥਿਤੀ ਕਾਰਨ ਹੈ। ਪ੍ਰੇਮ ਪ੍ਰਕਾਸ਼ ਵਿਚ ਬਿਰਤਾਂਤ ਦੀ ਘਾਟ ਇਸੇ ਭਾਵ ਨੂੰ ਹੀ ਉਹਦੀ ਕਲਾ ਦਾ ਆਧਾਰ ਬਣਾਉਂਦੀ ਹੈ। ਪਰ ਆਧੁਨਿਕ ਭਾਵ ਪ੍ਰਤੀ ਪ੍ਰੇਮ ਪ੍ਰਕਾਸ਼ ਦਾ ਆਪਣਾ ਰਵੱਈਆ ਪ੍ਰਤੀਗਾਮੀ ਹੈ। ਜੋ ਉਹਦਾ ਰਵੱਈਆ ਕਹਾਣੀ ਵਿਚ ਸਮਤੋਲ ਦਾ ਝਾਉਲਾ ਪਾਉਂਦਾ ਹੈ ਜਿਸ ਦੇ ਸਦਕਾ ਕਈ ਪਾਠਕਾਂ ਨੂੰ ਪ੍ਰੇਮ ਪ੍ਰਕਾਸ਼ ਦੀ ਕਲਾ ਦੀ ਕੁਸ਼ਲਤਾ ਹੋਰ ਵੀ ਜ਼ਿਆਦਾ ਪ੍ਰਤੀਤ ਹੁੰਦੀ ਹੈ। ਦੋਮੂਹੀਂ ਰਵੱਈਆ 'ਦਸਤਾਵੇਜ਼' ਵਿਚ ਲੁਕਿਆ ਨਾ ਰਹਿ ਸਕਿਆ ਨਾਵਲ ਦੇ ਆਕਾਰ ਨੇ ਉਹ ਗੱਲ ਨਾ ਹੋਣ ਦਿਤੀ ਜਿਹੜੀ ਕਹਾਣੀ ਦੇ ਲਘੂ-ਆਕਾਰ ਵਿਚ ਸੰਭਵ ਹੈ।

*ਮੁਕਤੀ, (ਕਹਾਣੀ ਸੰਗ੍ਰਹਿ) ਪ੍ਰੇਮ ਪ੍ਰਕਾਸ਼, ਤ੍ਰਿਸ਼ੂਲ ਪ੍ਰਕਾਸ਼ਨ, 593, ਮੋਤਾ ਸਿੰਘ ਨਗਰ, ਜਲੰਧਰ ਸ਼ਹਿਰ, 1980, ਮੁੱਲ — 5.00, ਸਫ਼ੇ 95।

ਮੇਰੀਆਂ ਨਜ਼ਰਾਂ ਵਿਚ ਇਹ ਕੁਸ਼ਲਤਾ ਨਹੀਂ ਪ੍ਰੇਮ ਪ੍ਰਕਾਸ਼ ਦੀ ਕਹਾਣੀ ਕਲਾ ਦੀ ਕਮਜ਼ੋਰੀ ਹੈ। ਜੇ ਮੇਰੀ ਗੱਲ ਗ਼ਲਤ ਹੋਵੇ ਤਾਂ ਮੈਨੂੰ ਇਸ ਦੀ ਸਭ ਤੋਂ ਵਧ ਖ਼ੁਸ਼ੀ ਹੋਵੇਗੀ। ਮੈਨੂੰ ਪ੍ਰੇਮ ਪ੍ਰਕਾਸ਼ ਦੀ ਕਹਾਣੀ ਵਿਚ ਬੇਚੈਨ ਕਰਨ ਵਾਲੀ ਖਟਕ ਜਿਹੀ ਮਹਿਸੂਸ ਹੁੰਦੀ ਹੈ ਜਿਸ ਦੇ ਕਾਰਨ ਮੈਂ ਉਹਦੇ ਬਾਰੇ ਲਿਖਣਾ ਨਹੀਂ ਚਾਹੁੰਦਾ ਸੀ।

ਪ੍ਰੇਮ ਪ੍ਰਕਾਸ਼ ਆਧੁਨਿਕ ਲਿੰਗ ਦੇ ਐਨ ਨਾਲ ਹੀ ਪ੍ਰਤੀਗਾਮੀ ਰੁਚੀ ਵਿਖਾਉਂਦਾ ਰਹਿੰਦਾ ਹੈ 'ਮੈਨੂੰ ਹੋਸ਼ ਆਈ ਤਾਂ ਮੈਂ ਸੱਤੀ ਨੂੰ ਉਸ ਤਰ੍ਹਾਂ ਲਈ ਪਈ ਸੀ ਜਿਵੇਂ ਮਾਂ ਆਪਣੇ ਨਾਲ ਲੇਟੇ ਬੱਚੇ ਨੂੰ ਦੁੱਧ ਚੁੰਘਾਉਂਦੀ ਸੌਂ ਚਲੀ ਹੋਵੇ ਤੇ ਫੇਰ ਬੱਚਾ ਵੀ' 'ਦੇ ਨਾਲ ਹੀ' ਦੁਪਹਿਰੇ ਮੈਂ ਕਾਹਲੀ ਨਾਲ ਡਾਕਟਰ ਪੁਰੀ ਕੋਲ ਗਈ। ਉਹਨਾਂ ਨੂੰ ਨਵੀਂ ਰਖੀ ਨੌਕਰਾਣੀ ਨਾਲ ਸੱਤੀ ਦੀ ਗੱਲ ਜੋੜ ਕੇ ਦੱਸੀ। ਕਈ ਵਾਰ ਅਧੁਨਿਕਤਾ ਅਤੇ ਪ੍ਰਤੀਗਮਨ ਇਕੋ ਥਾਉਂ ਹੁੰਦੇ ਹਨ 'ਉਹਦੇ ਹੌਕੇ ਦਾ ਅਰਥ ਪਿਆਰ ਦਾ ਪ੍ਰਗਟਾ ਨਹੀਂ ਸੀ, ਦੁੱਧ ਦਾ ਪ੍ਰਗਟਾਵਾ ਵੀ ਨਹੀਂ ਸੀ। ਐਵੇਂ ਮਰਦ ਨੂੰ ਜ਼ਰਾ ਸੱਟ ਮਾਰਨ ਦਾ ਢੰਗ ਨਹੀਂ ਸੀ।' ਲਾਲ ਸੁਰਖ਼ ਰੰਗ ਮੈਨੂੰ ਇਸੇ ਲਈ ਚੰਗਾ ਲੱਗਦਾ ਹੈ ਸ਼ਾਇਦ ਕਿ ਉਹ ਇਸਤ੍ਰੀ ਦੇ ਰਜ ਦੇ ਰੰਗ ਵਰਗਾ ਹੁੰਦਾ ਹੈ। ਮੇਰਾ ਦਿਲ ਕਰਦਾ ਹੈ ਕਿ ਉਸ ਰੰਗ ਦਾ ਮੈਂ ਟਿੱਕਾ ਲਾਵਾਂ। ਉਹਦੀ ਬਦਬੋ ਚੰਗੀ ਹੈ ਜਾਂ ਮਾੜੀ – ਮੈਨੂੰ ਚੰਗੀ ਲੱਗਦੀ ਹੈ', ਪਰ ਉਹਦੇ ਬਾਵਜੂਦ 'ਉਹ ਉਹਦੇ ਪੱਟਾਂ ਵਿਚ ਪਿਆ। ਬੱਚੇ ਵਾਂਗੂ ਜਿਵੇਂ ਦੁੱਧ ਚੁੰਘ ਰਿਹਾ ਹੋਵੇ। ਆਲ ਨਾਨਸੈਂਸ' ਹੈ।

ਅੰਤ ਵਿਚ 'ਮੁਕਤੀ (2)' ਵਿਚੋਂ ਆਧੁਨਿਕ ਅਨੁਭਵ ਬਾਰੇ ਪ੍ਰਤੀਗਾਮੀ ਰਵੱਈਆ ਨਾਕਾਬਲੇ ਬਰਦਾਸ਼ਤ ਹੈ। ਮੈਂ ਇਹ ਗੱਲ ਸਮਾਜੀ ਯਥਾਰਥ ਬਾਰੇ ਨਹੀਂ ਕਹਿ ਰਿਹਾ, ਸਗੋਂ ਕਲਾ ਬਾਰੇ ਕਹਿੰਦਾ ਹਾਂ। ਕਦੇ ਯਥਾਰਥ ਦੀ ਤਕੜਾਈ ਕਲਾ ਦੀ ਕਮਜ਼ੋਰੀ ਵੀ ਹੋ ਜਾਂਦੀ ਹੈ। 'ਕਦੇ ਕਦੇ ਮੈਂ ਸੋਚਦੀ ਹਾਂ ਉਹ ਇਕ ਘੜੀ ਦਾ ਮੇਰਾ ਰੋਲ, ਗਣਿਕਾ ਜਾਂ ਕੋਠੇ ਵਾਲੀ ਦੇ ਰੋਲ ਤੋਂ ਕੀ ਵੱਖਰਾ ਹੈ? ਲੱਗਦਾ ਅੰਤ ਨੂੰ ਔਰਤ ਦਾ ਨਸੀਬਾ ਇਹੀ ਹੈ ਕਿ ਉਹ ਪਤਨੀ ਬਣੇ ਜਾਂ ਗਣਿਕਾ। ਛਾਂ ਤਾਂ ਮਰਦ ਦੇ ਹੱਥ ਨੇ ਹੀ ਕਰਨੀ ਹੈ। ਉਹ ਪੁੱਤਰ ਬਣ ਕੇ ਕਰੇ, ਪਤੀ ਬਣ ਕੇ ਕਰੇ। ਪ੍ਰੋਫ਼ੈਸਰ ਵਰਮਾ ਨੇ ਇਕ ਦਿਨ ਬੜੇ ਗੌਰਵ ਨਾਲ ਕਿਹਾ ਸੀ, 'ਮੇਰੇ ਬੂਹੇ ਤੇਰੇ ਲਈ ਹਮੇਸ਼ਾਂ ਖੁਲ੍ਹੇ ਰਹਿਣਗੇ ਸੁਸ਼ਮਾ।' ਹੁਣ ਕੌਣ ਕਹੇ ਇਹ ਗੱਲ, ਇਸ ਲਾਸ਼ ਨੂੰ। ਉਹ ਦਿਨ ਗਏ ਜਦ ਉਹਨੇ ਪਿਆਰ ਵਿਚ ਪਾਗਲ ਹੋ ਕੇ ਆਪਣੇ ਬੁੱਲ੍ਹ ਮੇਰੀਆਂ ਪਾਤਲੀਆਂ ਨੂੰ ਲਾ ਦਿਤੇ ਸਨ ਤੇ ਮੈਂ ਡਰ ਗਈ ਸੀ। ਆਦਮੀ ਦਾ ਏਨਾ ਪਤਨ! ਪਰ ਇਹ ਗੱਲ ਮੈਂ ਰਾਜਿੰਦਰ ਬਾਰੇ ਸੋਚਦੀ ਤਾਂ ਮੈਨੂੰ ਚੰਗਾ ਲਗਦਾ, ਆਦਮੀ ਦਾ ਔਰਤ ਦੇ ਹੱਥੋਂ ਜ਼ਲੀਲ ਹੋਣਾ। ਪਤਨੀ ਅਤੇ ਗਣਿਕਾ ਦੀ ਬਦਲਾਵੀਂ ਚੋਣ ਅਸ਼ਿਖਿਅਤ ਹੈ। ਕਿਸੇ ਦੀਆਂ ਪਾਤਲੀਆਂ ਨੂੰ ਬੁੱਲ੍ਹ ਲਾਉਣ ਨਾਲ ਪਤਨ ਨਹੀਂ ਹੁੰਦਾ, ਮੇਰਾ ਤਾਂ ਹੋਇਆ ਨਹੀਂ। ਆਦਮੀ ਨੂੰ ਜ਼ਲੀਲ ਕਰਨਾ ਕੋਈ ਸਮੁੱਲੀ ਭਾਵਨਾ ਨਹੀਂ। ਪ੍ਰੇਮ ਪ੍ਰਕਾਸ਼ ਕਹਿ ਸਕਦਾ ਹੈ ਕਿ ਇਹ ਮੇਰਾ ਰਵੱਈਆ ਨਹੀਂ ਪਾਤਰ ਦਾ ਹੈ, ਸਮਾਜੀ ਯਥਾਰਥ ਹੀ ਅਜਿਹਾ ਹੈ। ਇਹ ਉਜ਼ਰ ਦਰੁਸਤ ਹੈ ਪਰ ਇੰਨੀਆਂ ਗ਼ਲਤ ਗੱਲਾਂ ਦੇ ਮਿਲਗੋਭੇ ਬਾਰੇ ਕਹਾਣੀਕਾਰ ਦਾ ਬੇਹਿੱਸ ਰਹਿਣਾ, ਇਸ਼ਾਰੇ ਵਜੋਂ ਇਕ ਲਫ਼ਜ਼ ਵੀ ਨਾ ਲਿਖਣਾ ਫ਼ਿਕਰ ਵਾਲੀ ਗੱਲ ਹੈ। 'ਸ਼ਿਆਸੀ' ਕਹਾਣੀਕਾਰ ਦੀ ਚੁੱਪ ਠੀਕ ਨਹੀਂ ਲੱਗਦੀ। ਮੈਨੂੰ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪ੍ਰੇਮ ਪ੍ਰਕਾਸ਼ ਗੁੰਝਲਾਂ ਵਾਲੇ ਲਿੰਗ ਦਾ ਕਹਾਣੀਕਾਰ ਹੈ ਪਰ ਲਿੰਗ ਦਾ ਮੁਦੱਈ ਨਹੀਂ ਇਹਦਾ ਦੁਸ਼ਮਣ ਹੈ। ਉਹ ਨਾ ਤਾਂ ਲਿੰਗ ਦੀ ਇੱਜ਼ਤ ਕਰਦਾ ਹੈ ਅਤੇ ਨਾ ਹੀ ਇਹਦੀ ਦਾਰਸ਼ਨਿਕ ਸਮਝ ਹੈ।

ਪ੍ਰੇਮ ਪ੍ਰਕਾਸ਼ ਦੀ ਤਕੜਾਈ ਯਥਾਰਥ ਦੀ ਪਕੜ ਹੈ, ਉਹਦੀ ਕਮਜ਼ੋਰੀ ਬੌਧਿਕ ਰੁਚੀ ਦੀ ਘਾਟ ਹੈ। ਉਹਨੂੰ ਆਪ ਲੱਭੀ ਗੱਲ ਹਮੇਸ਼ਾਂ ਪਿਆਰੀ ਲੱਗਦੀ ਹੈ ਪਰ ਕਿਸੇ ਦੀ ਦੱਸੀ ਸਮਝ ਭਰੀ ਗੱਲ ਸਮਝਣ ਯੋਗ ਨਹੀਂ ਲੱਗਦੀ। ਇਕ ਪਾਸੇ ਤਾਂ ਉਹ ਕਹਿੰਦਾ ਹੈ – 'ਸੋਚਦੀ ਰਹੀ, ਅਸੀਂ ਕੀ ਕੀਤਾ? ਕੀ ਅਸੀਂ ਧਰਮ ਦੀ ਨਜ਼ਰ ਵਿਚ ਪਥ-ਭ੍ਰਿਸ਼ਟ ਹੋ ਗਏ ਹਾਂ? ਨਰਕ ਦੇ ਭਾਗੀ ਬਣ ਗਏ ਹਾਂ? ਲੱਗਿਆ, ਮੈਂ ਧਰਮ ਗ੍ਰੰਥਾਂ ਵਿਚ ਜੋ ਕੁਝ ਪੜ੍ਹਿਆ ਹੈ, ਉਹ ਝੂਠ ਹੈ। ਸੱਚ ਉਹ ਹੈ ਜੋ ਪਰਿਸਥਤੀਆਂ ਸਾਨੂੰ ਦੇਂਦੀਆਂ ਹਨ। ਜਿਨ੍ਹਾਂ ਵਿਚ ਬ੍ਰਹਮ-ਹੱਤਿਆ ਵੀ ਪਾਪ ਨਹੀਂ ਹੋ ਸਕਦੀ'। ਪਰ ਇਹਦੇ ਉਲਟ 'ਮੈਂ ਮੁਕਤ ਹੋ ਗਈ ਹਾਂ ਇਸ ਦੁਬਿਧਾ ਉਤੋਂ। ਇਹ ਸਰੀਰ ਦੀ ਅਪਵਿੱਤਰਤਾ ਤਦ ਤਕ ਹੈ ਜਦ ਤਕ ਆਤਮਾ ਸਰੀਰ ਦੇ ਪੱਧਰ ਉਤੇ ਹੈ। ਜਦ ਉੱਚੀ ਹੋ ਗਈ ਤਾਂ ਇਸ ਮਿੱਟੀ ਦਾ ਕੀ ਕਰਨਾ ਕਰਾਉਣੈ! - ਇਹ ਗੱਲ ਮੈਂ ਆਪਣੇ ਦਿਲ ਵਿਚ ਹੀ

ਕਹੀ। ਵਰਮਾ ਇਹਨੂੰ ਸਮਝਣ ਦੇ ਯੋਗ ਨਹੀਂ ਸੀ। ਹੁਣ ਸੋਚਦੀ ਹਾਂ – ਉਹ ਕਿਹੜੀ ਮਾਨਸਿਕ ਅਵਸਥਾ ਸੀ ਜਿਸ ਨੇ ਮੈਨੂੰ ਉਹ ਗੱਲ ਸੁਝਾਈ ਸੀ। ਇਕ ਪਲ ਦੀ ਮੁਕਤੀ ਦਿਤੀ ਸੀ।' ਇਥੇ ਪ੍ਰੇਮ ਪ੍ਰਕਾਸ਼ ਪਾਤਰ ਦੇ ਉਜ਼ਰ ਦਾ ਸਹਾਰਾ ਨਹੀਂ ਲੈ ਸਕਦਾ ਕਿਉਂਕਿ ਪਾਤਰ ਜੋ ਮਰਜ਼ੀ ਕਹੇ ਕਹਾਣੀ ਦਾ ਨਾਉਂ ਨਹੀਂ ਰਖ ਸਕਦਾ। ਪ੍ਰੇਮ ਪ੍ਰਕਾਸ਼ ਆਪ ਸਰੀਰ ਨੂੰ ਨਕਾਰਨ ਵਿਚ ਮੁਕਤੀ ਸਮਝਦਾ ਹੈ। ਇਹੀ ਚੀਜ਼ 'ਮੱਛੀ' ਵਿਚ ਦੁਹਰਾਈ ਗਈ ਹੈ – ਇਸ ਅਵਸਥਾ ਵਿਚ ਅਸੀਂ ਕਿੰਨੀ ਦੇਰ ਤਕ ਰਹੇ, ਇਹਦਾ ਕੋਈ ਹਿਸਾਬ ਨਹੀਂ। ਸ਼ਾਇਦ ਅਨਾਦੀ ਤੋਂ ਅਨੰਤ ਸਮੇਂ ਤਕ ਇਸ ਨਾਸ਼ਵਾਨ ਸੰਸਾਰ, ਇਸ ਪਾਰਥਿਵ ਸਰੀਰ ਤੋਂ ਮੁਕਤ ਰਹੇ। ਇਹ ਬੁੱਧੀ-ਹੀਣ ਆਦਰਸ਼ਵਾਦ ਹੈ ਜਿਹੜਾ ਭਾਵ ਅਤੇ ਲਿੰਗ ਦੀ ਇਜ਼ਤ ਨਹੀਂ ਸਗੋਂ ਜਿਸਮ ਦੀ ਹੱਤਕ ਹੈ। ਪ੍ਰੇਮ ਪ੍ਰਕਾਸ਼ ਦੀ ਲਿੰਗ ਨਾਲ ਉਪਰੀ ਖਿੱਚ ਪਰ ਅੰਤਰੀ ਨਫ਼ਰਤ ਮੈਨੂੰ ਚਿੰਤਾਤੁਰ ਕਰਦੀ ਹੈ।

ਪ੍ਰੇਮ ਪ੍ਰਕਾਸ਼ ਜੀਵਨ ਦੀ ਕੇਂਦਰੀ ਸਮੱਸਿਆ ਤੋਂ ਜਾਣੂ ਹੈ। ਆਪਣੇ ਸਮੇਂ ਦੇ ਜੀਵਨ ਦੀ ਕੇਂਦਰੀ ਸਮੱਸਿਆ ਨਾਲ ਦੋ-ਚਾਰ ਹੋਣਾ ਮਹਾਨ ਸਾਹਿਤ ਰਚਨਾ ਦੀ ਜ਼ਰੂਰੀ ਸ਼ਰਤ ਹੁੰਦੀ ਹੈ। 'ਅਸਲੀ ਚੀਜ਼ ਤਾਂ ਸੁਤੰਤਰਤਾ ਹੈ, ਆਦਮੀ ਦਾ ਆਦਮੀ ਦੀ ਗ਼ੁਲਾਮੀ ਤੋਂ ਮੁਕਤ ਹੋਣਾ। ਜਦ ਇਹ ਸਮਝ ਆਈ ਤਾਂ ਵਿਹੜੇ ਵਿਚ ਫਿਰਦੇ ਬੱਚਿਆਂ ਨੇ ਮੈਨੂੰ ਗੇਟ ਨਾ ਟੱਪਣ ਦਿਤਾ। ਹੌਲੀ ਹੌਲੀ ਉਹ ਹਵਾ ਵੀ ਘਟ ਗਈ ਜਿਹੜੀ ਬੰਦੇ ਨੂੰ ਉਡਾ ਕੇ ਲੈ ਜਾਂਦੀ ਹੈ। ਮੈਂ ਤਾਂ ਰਾਜਿੰਦਰ ਦੀ ਰੇਖਾ ਵੀ ਨਾ ਲੰਘ ਸਕੀ'। 'ਚੰਗਾ ਖਾਣਾ ਪੀਣਾ, ਵਧੀਆ ਪਹਿਨਣਾ ਤੇ ਦੋਸਤਾਂ ਦੀਆਂ ਮਹਿਫਲਾਂ ਵਿਚ ਗੱਪਾਂ ਇਹਨਾਂ ਦੀ ਜ਼ਿੰਦਗੀ ਦਾ ਮਨੋਰਥ ਹੈ। ਇਸ ਤੋਂ ਵਧ ਕੁਝ ਨਹੀਂ। ਕਈ ਵਾਰ ਮੈਨੂੰ ਇਹਨਾਂ ਤੋਂ ਸਖ਼ਤ ਨਫ਼ਰਤ ਹੋਣ ਲੱਗ ਪੈਂਦੀ ਹੈ – ਪਰ ਆਪਣੀ ਚਿੰਤਾ ਦਾ ਮੈਂ ਕੀ ਕਰਾਂ? ਮੈਂ ਜੋ ਕੌਸ਼ਲ ਸੀ, ਫੇਰ ਨੀਟਾ ਬਣੀ ਤੇ ਫੇਰ ਮਿਸਿਜ਼ ਭੁੱਲਰ ਤੇ ਫੇਰ ਸੁਆਹ ਮਿੱਟੀ। ਇਸ ਘਰ ਵਿਚ ਮੇਰੀ ਕੀ ਨਿਸ਼ਾਨੀ ਬਚੇਗੀ। ਮਿਸਿਜ਼ ਸੀਮਾ 'ਕੁਝ'। ਪ੍ਰੇਮ ਪ੍ਰਕਾਸ਼ ਜਾਣਦਾ ਹੈ ਕਿ ਮਨੁੱਖੀ ਸੁਤੰਤਰਤਾ ਦਾ ਸਿਆਸਤ ਵਿਚ ਹਿੱਸਾ ਲੈਣ ਨਾਲ ਪੂਰਾ ਪੂਰਾ ਸਬੰਧ ਹੈ 'ਇਹ ਕੰਮ ਕਰਦਿਆਂ ਮੈਨੂੰ ਲੱਗਾ, ਵੀ. ਡੀ. ਵਰਮਾ ਨੇ ਜਿਹੜੀ "ਕਿਸੇ ਘਾਟ" ਦੀ ਗੱਲ ਕੀਤੀ ਸੀ ਉਹ ਹੁਣ ਪੂਰੀ ਹੋ ਗਈ ਹੈ। ਨਿਰਾਸ਼ਾ ਵਿਚ ਵਾਰ ਵਾਰ ਉਠਦੇ ਇਸ ਸਵਾਲ ਦਾ ਜਵਾਬ ਮਿਲ ਗਿਆ ਹੈ ਕਿ ਆਖ਼ਰ ਜੀਵਨ ਦਾ ਮਨੋਰਥ ਕੀ ਹੈ। ਢਿੱਲੇ, ਸੁਸਤ ਤੇ ਨਿਰਜਿੰਦ ਜਿਹੇ ਮੇਰੇ ਅੰਗਾਂ ਵਿਚ ਏਨੀ ਫੁਰਤੀ ਆ ਗਈ ਸੀ ਕਿ ਮੈਂ ਕਦੀ ਸੋਚ ਵੀ ਨਹੀਂ ਸਕਦੀ ਸੀ। ਮੈਂ ਦੱਸ ਸਕਦੀ ਸੀ ਕਿ ਵੀਅਤਨਾਮ ਦੀ ਇਸਤ੍ਰੀ ਕਿਵੇਂ ਯੁੱਧ ਲੜਦੀ ਸੀ'।

ਕੇਵਲ 'ਸਕਣ' ਦੇ ਮੁਹਾਵਰੇ ਨੇ ਪ੍ਰੇਮ ਪ੍ਰਕਾਸ਼ ਵਲੋਂ ਜੀਵਨ ਦੀ ਕੇਂਦਰੀ ਸਮੱਸਿਆ ਦੇ ਅਨੁਭਵ ਨੂੰ ਵਿਗਾੜ ਦਿਤਾ ਹੈ। ਇਹ ਸਮੱਸਿਆ ਕਲਾ ਵਿਚ ਲਿੰਗ ਵਰਨਣ ਦੇ ਪੱਧਰ ਉਤੇ ਵੀ ਸੰਭਵ ਹੈ ਪਰ ਇਸ ਲਈ ਗੁੰਝਲ-ਦਾਰ ਲਿੰਗ ਬਹੁਤ ਨਾਕਾਫ਼ੀ ਹੈ। ਇਸ ਲਈ ਲਿੰਗ ਪ੍ਰਤੀ ਸਤਿਕਾਰ ਦੀ ਲੋੜ। ਲਿੰਗ ਦੀ ਨਫ਼ਰਤ ਨਾਲ ਰਲਿਆ ਫੋਕਾ ਆਦਰਸ਼ਵਾਦ ਪ੍ਰੇਮ ਪ੍ਰਕਾਸ਼ ਦੀ ਸੀਮਾ ਤਾਂ ਹੋ ਸਕਦਾ ਹੈ ਪਰ ਇਹ ਕਦੇ ਵੀ ਉਹਦੀ ਕਹਾਣੀ ਦੀ ਸੰਭਾਵਨਾ ਨਹੀਂ ਬਣ ਸਕੇਗਾ। ਪ੍ਰੇਮ ਪ੍ਰਕਾਸ਼ ਆਧੁਨਿਕ ਅਨੁਭਵ ਦੀ ਪਕੜ ਕਾਰਨ ਪ੍ਰਗਤੀਵਾਦੀ ਹੈ; ਉਹ ਇਹਦੇ ਚਿੱਤ੍ਰਨ ਵਿਚ ਪ੍ਰਤੀਗਾਮੀ ਹੈ। 'ਮੱਛੀ' ਦਾ ਪਹਿਲਾਂ ਰਖਿਆ ਨਾਂ 'ਉਹਨੇ ਕਿਹਾ' ਬਿਹਤਰ ਸੀ। ਇਹ ਸ਼ਰੇਸ਼ਟ ਕਹਾਣੀ ਹੈ। ਡੈਡ-ਲਾਈਨ ਵੀ ਅੰਤਰ-ਰਾਸ਼ਟਰੀ ਪੱਧਰ ਦੀ ਕਹਾਣੀ ਹੈ। ਉਹਦੇ ਵਿਚ ਨਫਾਸਤ ਹੈ। ਉਹ ਬਹੁਤ ਵਧੀਆ ਪੰਜਾਬੀ ਲਿਖਦਾ ਹੈ। ਬਿਰਤਾਂਤ ਤੋਂ ਬਿਨਾਂ ਵੀ ਉਹਦੀ ਕਹਾਣੀ ਵਿਚ ਸਸਪੈਂਸ ਹੁੰਦਾ ਹੈ। ਪਾਠਕ ਉਹਦੀ ਕਹਾਣੀ ਸ਼ੁਰੂ ਤੋਂ ਅਖ਼ੀਰ ਤਕ ਪੜ੍ਹਨ ਲਈ ਮਜਬੂਰ ਹੁੰਦਾ ਹੈ। ਬਹੁਤ ਸਾਰੇ ਬਾਕੀ ਪੰਜਾਬੀ ਕਹਾਣੀਕਾਰ ਉਹਦੇ ਮੁਕਾਬਲੇ ਵਿਚ ਸਿਖਾਂਦਰੂ ਲੱਗਦੇ ਹਨ। ਪ੍ਰੇਮ ਪ੍ਰਕਾਸ਼ ਸਾਡਾ ਅੰਤਰ-ਰਾਸ਼ਟਰੀ ਪੱਧਰ ਦਾ ਲਿਖਾਰੀ ਹੈ। ਜੇ ਉਹ ਵਾਕਿਆ ਹੀ ਸਿਆਸੀ ਜੁਝਾਰ ਪ੍ਰਗਤੀਵਾਦੀ ਕਹਾਣੀਕਾਰ ਹੋਣਾ ਚਾਹੁੰਦਾ ਹੈ ਤਾਂ ਡੈਡ-ਲਾਈਨ ਵਰਗੀਆਂ ਕਹਾਣੀਆਂ ਵਿਚ ਲਿੰਗ ਦਾ ਸਤਿਕਾਰ ਅਤੇ 'ਮੱਛੀ' ਜਿਹੀਆਂ ਰਚਨਾਵਾਂ ਵਿਚ ਸਿਆਸੀ ਚਿੰਤਨ ਰਲਾਉਣਾ ਪਏਗਾ। ਉਹਨੂੰ ਮੁਕਤੀ ਦੇ ਬੰਧਨ ਵਿਚੋਂ ਨਿਕਲਣਾ ਪਏਗਾ। ਅਸੀਂ ਪ੍ਰੇਮ ਪ੍ਰਕਾਸ਼ ਨੂੰ ਵੱਡਾ ਬਣਨ ਦੀ ਬੇਨਤੀ ਕਰ ਸਕਦੇ ਹਾਂ. ਉਹਨੂੰ ਮਜਬੂਰ ਕਰਨ ਦਾ ਇਖ਼ਤਿਆਰ ਸਾਨੂੰ ਤਾਂ ਕੀ ਹੋਣਾ ਸੀ, ਸ਼ਾਇਦ ਉਹਨੂੰ ਆਪ ਨੂੰ ਵੀ ਨਹੀਂ ਹੈ।

[ ਸੁਰਜੀਤ ਹਾਂਸ

## 2. ਯਥਾਰਥ ਦੀ ਯਥਾਰਥ-ਵਿਰੋਧੀ ਪੇਸ਼ਕਾਰੀ

ਘੋਟਾ ਘੋਟਾ ਦਰਦ,* ਮੋਹਨ ਲਾਲ ਦਾ ਪਹਿਲਾ ਤੇ ਬਹੁ-ਚਰਚਿਤ ਨਾਵਲ ਹੈ। ਇਸ ਦਾ ਪ੍ਰਕਾਸ਼ਨ ਪੰਜਾਬੀ ਵਿਚ ਹੋਣ ਤੋਂ ਪਹਿਲਾਂ ਉਰਦੂ ਰਿਸਾਲੇ ਨਕੂਸ਼ ਵਿਚ ਲੜੀਵਾਰ ਵੀ ਹੋ ਚੁਕਿਆ ਹੈ। ਇਸ ਵਿਚ ਆਰਥਿਕ ਮੰਦਹਾਲੀ ਵਿਚੋਂ ਗੁਜ਼ਰਦੇ ਕਲਰਕ ਦਾ ਜੀਵਨ ਖ਼ਾਸ ਢੰਗ ਨਾਲ ਯਥਾਰਥ ਰੂਪ ਵਿਚ ਚਿਤਰਿਆ ਗਿਆ ਹੈ।

ਨਾਵਲ ਦਾ ਮੁਖ ਪਾਤਰ (ਮੈਂ) ਈਮਾਨਦਾਰ ਹੈ, ਕਿਸੇ ਦਫ਼ਤਰ ਵਿਚ ਨੌਕਰੀ ਕਰਦਾ ਹੈ। ਉਸ ਉਤੇ ਪਿਤਾ ਤੇ ਭੈਣ ਦੀ ਜ਼ਿੰਮੇਂਵਾਰੀ ਹੈ। ਉਸ ਦਾ ਬੱਚਾ ਮਾਡਲ ਸਕੂਲ ਵਿਚ ਪੜ੍ਹਦਾ ਹੈ। ਉਹ ਕਹਾਣੀਆਂ ਵੀ ਲਿਖਦਾ ਹੈ, ਪਰ ਉਸ ਦੀਆਂ ਕਹਾਣੀਆਂ ਰਿਸਾਲਿਆਂ ਵਲੋਂ ਵਾਪਸ ਆ ਜਾਂਦੀਆਂ ਹਨ। ਜ਼ਿੰਦਗੀ ਵਿਚ ਉਸ ਨੀਲੂ ਨਾਲ ਪ੍ਰੇਮ ਸਫਲ ਨਹੀਂ ਹੋ ਸਕਿਆ ਸੀ। ਉਸ ਦਾ ਭਰਾ ਜ਼ਿੰਮੇਵਾਰੀਆਂ ਤੋਂ ਖਿਸਕਣ ਲਈ ਵੱਖ ਹੋ ਜਾਂਦਾ ਹੈ। ਅੰਤ ਵਿਚ ਪਿਤਾ ਜ਼ਹਿਰ ਖਾ ਕੇ ਮਰ ਜਾਂਦਾ ਹੈ।

ਇਸ ਨਾਵਲ ਦੀਆਂ ਦੋ ਵਿਸ਼ੇਸ਼ਤਾਵਾਂ ਹਨ। ਪਹਿਲੀ ਇਹ ਕਿ ਲੇਖਕ ਨੇ ਆਪਣੇ ਵਿਅਕਤੀਗਤ ਅਨੁਭਵ ਨੂੰ ਹੀ ਬਹੁਤਾ ਆਧਾਰ ਬਣਾਇਆ ਹੈ। ਇਸ ਦਾ ਪਤਾ ਹੋਮਿਓਪੈਥਿਕ ਦਵਾਈਆਂ ਦੇ ਨਾਵਾਂ, ਕਹਾ-ਣੀਆਂ ਲਿਖਣ ਦੀ ਗੱਲ ਅਤੇ ਚੰਦਰ ਤ੍ਰਿਖਾ ਦੀ ਕਵਿਤਾ ਦੇਣ ਆਦਿ ਤੋਂ ਚਲਦਾ ਹੈ। ਦੂਸਰੀ ਇਸ ਨਾਲ ਹੀ ਸੰਬੰਧਿਤ ਹੈ। ਮੁਖ ਪਾਤਰ ਦੀ ਮਾਨਸਿਕ ਸਥਿਤੀ ਤੇ ਵਿਚਾਰਾਂ ਵਿਚ ਲੇਖਕ ਦਾ ਜੀਵਨ ਬਾਰੇ ਨਜ਼ਰੀਏ ਬੰਦਾ ਵੀ ਨੇੜੇ ਦਾ ਸੰਬੰਧ ਹੈ। ਲੇਖਕ ਨੇ ਭੂਮਿਕਾ ਵਿਚ ਇਸ ਬਾਰੇ ਸੰਕੇਤ ਕਰਦਿਆਂ ਕਿਹਾ ਹੈ, "ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਬਦ ਨਿਕਲਦੇ ਹਨ। ਚੇਤਨਾ ਦੀ ਛਾਣਨੀ ਰਾਹੀਂ ਇਹ ਸ਼ਬਦ ਪੁਣ ਕੇ ਤੇ ਨਿੱਤਰ ਕੇ, ਉਚਿਤ ਸਥਾਨ ਤੇ ਸਤਰ-ਦਰ-ਸਤਰ ਬੈਠਦੇ ਜਾਂਦੇ ਹਨ।" ਸਪਸ਼ਟ ਹੈ ਕਿ ਉਹ ਇਨਬਿਨ ਉਸੇ ਹੀ ਰੂਪ ਵਿਚ ਆਪਣੇ ਦਿਲ ਦੀਆਂ ਗੱਲਾਂ ਨੂੰ ਨਹੀਂ ਲਿਖਦਾ, ਸਗੋਂ ਚੇਤਨਾ ਨਾਲ ਇਸ ਨੂੰ ਤਰਾਸ਼ਦਾ ਸੰਵਾਰਦਾ ਤੇ ਸਾਕਾਰ ਕਰਦਾ ਹੈ। ਉਸ ਦੇ ਪਾਤਰ ਦੇ ਵਿਚਾਰਾਂ ਵਿਚੋਂ ਲੇਖਕ ਦੀ ਚੇਤਨਾ ਦਾ ਮੁਹਾਂਦਰਾ ਵੀ ਵੇਖਿਆ ਜਾ ਸਕਦਾ ਹੈ ਜੇ ਅਸੀਂ ਉਸ ਦੇ ਵਿਚਾਰਾਂ ਦੇ ਗੁੱਝੇ ਅਰਥਾਂ ਨੂੰ ਸਮਝੀਏ।

ਮੁਖ ਪਾਤਰ ਦਾ ਦੁਖਾਂਤ ਉਸ ਦੇ ਚਰਿਤਰ ਵਿਚ ਲੁਕਿਆ ਹੋਇਆ ਹੈ। ਉਸ ਨੇ ਆਪਣੇ ਪੁੱਤਰ 'ਅਸ਼ੂ ਨੂੰ ਦਾਖ਼ਲ ਤਾਂ ਮਾਡਲ ਸਕੂਲ ਵਿਚ ਕਰਵਾ ਦਿਤਾ ਹੈ, ਪਰ ਖ਼ਰਚੇ ਦਾ ਭਾਰ ਹੁਣ ਹੋਰ ..ਨਹੀਂ ਝੱਲਿਆ ਜਾਂਦਾ' (ਸਫ਼ਾ 15)। ਇਹ ਦੁਖਾਂਤ ਵਰਤਮਾਨ ਆਰ-ਥਿਕ ਲੁਟ-ਖਸੁੱਟ ਤੇ ਆਪੋ-ਧਾਪੀ ਦਾ ਨਤੀਜਾ ਹੈ, ਇਸ ਘਰ ਵਿਚ ਕੋਈ ਸ਼ਹਿਦ ਦੀ ਮੱਖੀ ਛੱਤਾ ਨਹੀਂ ਬਣਾਉਂਦੀ। ਕੋਈ ਮੱਕੜੀ ਜਾਲ ਬੁਣਨ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਨੂੰ ਕੋਹੜ-ਕਿਰਲੀ ਨਿਗਲ ਜਾਂਦੀ ਹੈ। ਛੋਟੇ-ਛੋਟੇ ਰੀਂਗਦੇ ਕੀੜੇ, ਭੁੱਖ ਨਾਲ ਕਿਲ-ਕਿਲਾ-ਉਂਦੇ ਹੋਏ ਦੰਮ ਤੋੜ ਦੇਂਦੇ ਹਨ (ਸਫ਼ਾ 27)। ਪਰ ਇਸ ਦਾ ਪ੍ਰਤੀਕਰਮ ਜੋ ਪਾਤਰ ਉਤੇ ਪੈਂਦਾ ਹੈ, ਉਹ ਭਾਂਜਵਾਦੀ ਹੈ। ਉਹ ਅਕਸਰ ਖ਼ੁਦਕਸ਼ੀ ਬਾਰੇ ਸੋਚਦਾ ਹੈ। 'ਉਸ ਵੇਲੇ ਭੱਜ ਜਾਣਾ ਚਾਹੀਦਾ ਸੀ, ਗੌਤਮ ਬਣ ਕੇ ਨਿਰਵਾਣ ਦੀ ਤਲਾਸ਼ ਵਿਚ', ਉਹ ਸੋਚਦਾ ਹੈ। ਕਈ ਵੇਰ ਉਸ ਦੇ ਆਪਣੇ 'ਸ਼ਬਦ ਬਾਗੀ ਹੋ ਜਾਂਦੇ ਹਨ'। ਨਾਵਲਕਾਰ ਮੁਖ ਪਾਤਰ ਦੀ ਮਾਨਸਿਕ ਹਾਲਤ ਨੂੰ ਇਹਨਾਂ ਸ਼ਬਦਾਂ ਵਿਚ ਦਸਦਾ ਹੈ: 'ਕਿਊ ਵਿਚ ਲਗਣ ਲਈ ਸਮਾਂ ਨਹੀਂ ਹੈ। ਬਲੈਕ ਵਿਚ ਖਰੀਦਣਾ ਨਹੀਂ ਚਾਹੁੰਦਾ। ਕਿਸੇ ਨੂੰ ਕਹਿਣਾ ਵੱਸ ਦੀ ਗੱਲ ਨਹੀਂ—' (ਸਫ਼ਾ 18)। ਦਰਅਸਲ ਇਹਨਾਂ ਹੇਠ ਲੁਕੇ ਭਾਵ ਪਾਤਰ ਦੀ ਆਰਥਿਕ ਬੇਵਸੀ ਤੇ ਅਤਾਰਕ-ਸ਼ੀਲਤਾ ਹੈ ਜਿਸ ਨੂੰ ਉਹ ਆਦਰਸ਼ ਵਿਚ ਲੁਕਾਉਣਾ ਚਾਹੁੰਦਾ ਹੈ। ਮੁਖ ਪਾਤਰ ਦੇ ਅਸਫਲ ਪ੍ਰੇਮ ਬਾਰੇ ਪ੍ਰਗਟਾ ਢੰਗ ਵੀ ਇਸ ਸੰਬੰਧ ਵੇਖਿਆ ਜਾ ਸਕਦਾ ਹੈ। ਨੀਲੂ ਦੇ ਦੁਖ ਭਰੇ ਅੰਤ ਨਾਲ ਮਧ ਵਰਗ ਦੇ ਉਪਰਲੇ ਵਰਗ ਨਾਲ ਜੁੜਨ ਦੇ ਸੁਪਨਿਆਂ ਦਾ ਦੁਖਾਂਤ ਹੈ। ਪਰ ਲੇਖਕ ਇਸ ਦੀ ਥਾਵੇਂ ਬਹੁਤਾ ਜ਼ੋਰ ਮੁਖ ਪਾਤਰ ਦੀ ਈਮਾਨਦਾਰੀ ਤੇ ਆਰਥਿਕ ਮੰਦਹਾਲੀ ਨੂੰ ਚੁਪ ਚਾਪ ਝੱਲਣ ਦੀ ਵਿਸ਼ੇਸ਼ਤਾ ਉਤੇ ਦਿਤਾ ਗਿਆਂ ਹੈ। ਪਿਤਾ ਅਤੇ ਭੈਣ ਦੀ ਜ਼ਿੰਮੇਵਾਰੀ, ਵਡੇ ਭਰਾ ਦਾ ਅੱਡ ਹੋ ਜਾਣਾ ਵੀ ਇਸੇ ਰੂਪ ਵਿਚ ਦਰਸਾਇਆ ਗਿਆ ਹੈ।

ਨਾਵਲ ਆਰਥਿਕ ਸੰਕਟ ਵਿਚ ਪਿਸ ਰਹੇ ਪਾਤਰ

*ਘੋਟਾ ਘੋਟਾ ਦਰਦ (ਨਾਵਲ) ਮੋਹਨ ਲਾਲ, ਲਿਟਰੇਚਰ ਹਾਊਸ, 14 ਭਾਈ ਵੀਰ ਸਿੰਘ ਮਾਰਕੀਟ, ਪੁਤਲੀਘਰ, ਅੰਮ੍ਰਿਤਸਰ।

ਨੂੰ ਯਥਾਰਥਵਾਦੀ-ਢੰਗ ਨਾਲ ਚਿਤਰਦਾ ਹੈ। ਪਰ ਇਸ ਸੰਕਟ ਦੇ ਜਿਸ ਪ੍ਰਤੀਕਰਮ ਨੂੰ ਦਰਸਾਉਂਦਾ ਹੈ, ਉਸ ਵਿਚ ਹੀ ਲੇਖਕ ਦਾ ਮਨੋਰਥ ਲੁਕਿਆ ਹੋਇਆ ਹੈ। ਮੁਖ-ਪਾਤਰ ਨਿਰਮਮ ਵਾਸਵਿਕਤਾ ਨੂੰ ਕਬੂਤਰ ਵਾਂਗ ਅੱਖਾਂ ਮੀਟ ਕੇ ਝੱਲਦਾ ਹੈ। ਉਹ ਇਹਨਾਂ ਦਾ ਸਾਹਮਣਾ ਨਹੀਂ ਕਰਦਾ। ਉਹ ਸ੍ਵੈ-ਕੇਂਦਰਿਤ ਹੁੰਦਾ ਹੈ। ਨਾਵਲ ਦਾ ਯਥਾਰਥ ਲਿਜ਼ਲਿਜ਼ਾ ਤੇ ਅਪਾਹਿਜ ਹੈ ਜਿਸ ਨੂੰ ਲੁਕਾਉਣ ਲਈ ਈਮਾਨਦਾਰੀ ਤੇ ਨੈਤਿਕ ਪਵਿਤਰਤਾ ਦਾ ਆਦਰਸ਼ਵਾਦੀ ਓਹਲਾ ਭਾਲਦਾ ਹੈ। ਇਸ ਲਈ ਪਾਤਰ ਦੀ ਉਲਝੀ ਹੋਈ ਸੋਚ ਦਰਸਾਈ ਗਈ ਹੈ ਜਿਸ ਵਿਚ ਕਈ ਗੱਲਾਂ ਆਪਾ ਵਿਰੋਧੀ ਹਨ। ਪਰ ਫੇਰ ਵੀ ਲੇਖਕ ਦੀ ਜਿੱਧ-ਪੱਧਤੀ ਪਹੁੰਚ ਝਲਕਣ ਲਗ ਪੈਂਦੀ ਹੈ, 'ਕੁਰਪਟ ਜ਼ਹਿਨੀਅਤ ਦੇ ਸਿਆਸਤਦਾਨ ਆਪਣੇ ਆਪ ਨੂੰ ਇਸ ਧਰਤੀ ਦੇ ਦੇਵਤਾ ਸਮਝਦੇ ਹੋਣ ਤਾਂ ਹਰ ਈਮਾਨਦਾਰ ਆਦਮੀ ਖੁਦਕਸ਼ੀ ਦੀ ਸੋਚੇਗਾ ਜਾਂ ਇਹਨਾਂ ਦੇਵਤਿਆਂ ਤੇ ਪਸਤੌਲ ਚੁੱਕਣ ਲਈ ਮਜ-ਬੂਰ ਹੋ ਜਾਵੇਗਾ' (ਸਫ਼ਾ 20)। ਦਰਅਸਲ ਨਾਵਲ ਦਾ ਯਥਾਰਥਵਾਦ ਘਟ ਗਹਿਰਾ ਤੇ ਵਾਸਤਵ-ਮੁਖੀ ਹੈ। ਇਹੀ ਕਾਰਣ ਹੈ ਕਿ ਜਿਥੇ ਉਹ ਪਾਤਰ ਵਿਚ ਕੋਈ ਸਾਰਥਕ ਪ੍ਰਤੀਕਰਮ ਉਭਾਰਨ ਵਿਚ ਸਹਾਇਤਾ ਨਹੀਂ ਕਰਦਾ; ਉਥੇ ਪਾਠਕਾਂ ਨੂੰ ਵੀ ਪ੍ਰੇਰਣਾ ਨਹੀਂ ਦੇਂਦਾ। ਨਾਵਲ ਦੇ ਇਸ ਮਨੋਰਥ ਦਾ ਸਾਥ ਇਸ ਦੀ ਸ਼ੈਲੀ ਵੀ ਦੇਂਦੀ ਹੈ। ਉਹ ਯਥਾਰਥ ਦੀਆਂ ਚੋਭਾਂ ਨੂੰ ਖੁੰਡਾ ਕਰਦੀ ਹੈ। ਨਾਵਲਕਾਰ ਆਪਣੇ ਪਾਤਰ ਵਾਂਗ ਗਹਿਰਾਈ ਵਿਚ ਜਾ ਕੇ ਵਾਸਤਵਿਕ ਸੱਚ ਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕਰਦਾ। ਆਪਣੀਆਂ ਕਹਾਣੀਆ ਦੇ ਰਿਸਾਲਿਆਂ ਵਿਚ ਨਾ ਛਪਣ ਤੇ ਵਾਪਸ ਮੁੜ ਆਉਣ ਦੇ ਕਾਰਨ ਲੱਭਣ ਦੀ ਬਜਾਏ ਉਹ ਸੋਚਦਾ ਹੈ, 'ਹੁਣ ਤਾਂ ਕਹਾਣੀ ਨਾਂ ਛਾਪਣ ਦੀ ਵਜ੍ਹਾ ਲੱਭਣਾ ਰੇਗਿਸਤਾਨ ਦਾ ਮੰਥਨ ਕਰਨਾ ਹੈ। ਜਿਸ ਵਿਚੋਂ ਨਾ ਤਾਂ ਅੰਮ੍ਰਿਤ ਨਿਕਲ ਸਕਦਾ ਹੈ ਤੇ ਨਾ ਜ਼ਹਿਰ। ਰੇਤ ਦੇ ਮੰਥਨ ਕਰਨ ਨਾਲ; ਰੇਤ ਕਣ ਹੱਥਾਂ ਵਿਚ ਆਉਣਗੇ' (ਸਫ਼ਾ 17)। ਭਾਵੇਂ ਉਹ ਸਮਝਦਾ ਆਪਣੇ ਆਪ ਨੂੰ ਪ੍ਰਮਿਥ-ਅਸ ਹੈ।

ਇਸ ਨਾਲ ਸੰਬੰਧਿਤ ਇਕ ਹੋਰ ਗੱਲ ਇਸ ਨਾਵਲ ਵਿਚ ਵੇਖੀ ਜਾ ਸਕਦੀ ਹੈ। ਵਸਤੂਨਿਸ਼ਟ ( Objective ) ਯਥਾਰਥ ਦੇ ਪ੍ਰਤੀਕਰਮ ਨੂੰ ਵਿਅਕਤੀਨਿਸ਼ਟ (Subjective) ਰੂਪ ਵਿਚ ਮੁਖ ਪਾਤਰ ਦੇ ਮਾਨਸਿਕ ਸੰਸਾਰ ਵਿਚ ਉਥਲ-ਪੁੱਥਲ ਦੇ ਵਿਚ ਹੀ ਦਰਸਾਇਆ ਗਿਆ ਹੈ। ਉਸ ਦੇ ਜੀਵਨ ਵਿਚ ਵਸਤੂਨਿਸ਼ਟ ਤੇ ਵਿਅਕਤੀਨਿਸ਼ਟ ਦੇ ਪਰਸਪਰ ਟਕਰਾਅ ਦੇ ਰੂਪ ਵਿਚ ਨਹੀਂ। ਇਹ ਬਾਹਰ ਤੋਂ ਅੰਦਰ ਵਲ ਜਾਣ ਦੀ ਬਿਮਾਰੀ ਹੈ, ਜੋ ਦੇਖਣ ਵਿਚ ਭਾਵੇਂ ਯਥਾਰਥਵਾਦੀ ਜਾਪਦੀ ਹੈ, ਪਰ ਹੈ ਯਥਾਰਥ-ਵਿਰੋਧੀ। ਪ੍ਰਗਤੀਸ਼ੀਲ ਲੇਖਕ ਦਾ ਕਰਮ ਯਥਾਰਥਵਾਦ ਨੂੰ ਵਿਕਾਸ-ਮੁਖੀ ਦੇਖਣਾ ਤੇ ਚਿਤਰਨਾ ਹੈ।

[ ਸਵਿੰਦਰਜੀਤ ਸਾਗਰ

## 'ਗੁਮੀਆਂ ਹੋਈਆਂ ਚਾਬੀਆਂ' ਬਾਰੇ

ਕਸ਼ਮੀਰ ਸਿੰਘ ਪੰਨੂੰ ਦੇ ਇਸ ਪਲੇਠੇ ਕਹਾਣੀ-ਸੰਗ੍ਰਹਿ ਗੁਮੀਆਂ ਹੋਈਆਂ ਚਾਬੀਆਂ* ਵਿਚ ਕੁਲ 11 ਕਹਾਣੀਆਂ ਹਨ, ਜਿਨ੍ਹਾਂ ਵਿਚ 'ਅੱਕ ਦਾ ਦੁੱਧ' ਲੰਮੀ ਕਹਾਣੀ ਹੈ। ਬਹੁਤੀਆਂ ਦਾ ਵਿਸ਼ਾ ਸ਼ਹਿਰੀ ਜੀਵਨ, ਦਫਤਰੀ ਮਾਹੌਲ, ਅਤੇ ਨੌਕਰੀ ਪੇਸ਼ਾ ਵਿਰਲੇ ਮੱਧ-ਵਰਗੀ ਪਾਤਰਾਂ ਦੀਆਂ ਸਮੱਸਿਆਵਾਂ ਹਨ। ਵਿਸ਼ੇ ਦੀ ਉਸਾਰੀ ਵਲ ਰੁਚੀ ਯਥਾਰਥਕ ਹੈ। ਕਹਾਣੀਆਂ ਵਿਚੋਂ ਦੋ ਪੀੜ੍ਹੀਆਂ ਦਾ ਅੰਤਰ, ਨਵੀਂ ਪੀੜ੍ਹੀ ਦਾ ਰੋਹ ਅਤੇ ਔਰਤ-ਮਰਦ ਦੇ ਰਿਸ਼ਤਿਆਂ ਦਾ ਬਦਲਦਾ ਸਰੂਪ ਉੱਭਰਦਾ ਹੈ।

ਇਹਨਾਂ ਕਹਾਣੀਆਂ ਵਿਚ ਦੋ ਗੱਲਾਂ ਦੀ ਘਾਟ ਹੈ, ਜੋ ਇਹਨਾਂ ਨੂੰ ਹੋਰ ਚੰਗੀਆਂ ਬਨਣ ਤੋਂ ਵਾਂਝਾ ਰਖਦੀਆਂ ਹਨ। ਪਹਿਲੀ ਕਹਾਣੀ ਵਿਚਲੇ ਬਿੰਬ ਨੂੰ ਪੂਰੀ ਤਰ੍ਹਾਂ ਉਭਾਰਨ ਦਾ ਅਭਾਵ। ਜਿਵੇਂ 'ਗਿਲਾਫ' ਵਿਚ 'ਗਿਲਾਫ' ਅਤੇ 'ਫ਼ਿਗਰ' ਵਿਚ 'ਤੀਲੀਆਂ' ਦਾ ਬਿੰਬ ਜੇ ਸਹੀ ਢੰਗ ਨਾਲ ਉੱਭਰਦਾ ਤਾਂ ਉਸ ਕਹਾਣੀ ਵਿਚ ਗਹਿਰਾਈ ਆ ਜਾਂਦੀ ਹੈ। ਦੂਜੀ ਹੈ, ਵਰਨਣ ਵਿਚ ਕਹਾਣੀ ਵਿਚਲੇ ਪਾਤਰਾਂ ਅਤੇ ਮਾਹੌਲ ਦੇ ਮਾਨ-ਸਿਕ ਪ੍ਰਤੀਕਰਮ ਤੇ ਸਰੂਪ ਦਾ ਸੰਕੇਤਿਕ ਪ੍ਰਗਟਾ। ਭਾਵੇਂ ਕਿਤੇ ਕਿਤੇ ਲੇਖਕ ਦੇ ਵਰਨਣ ਦੁਆਰਾ ਪਾਤਰਾਂ ਦੀ ਮਾਨਸਿਕ ਸਥਿਤੀ ਨੂੰ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਬਹੁਤਾ ਧਿਆਨ ਸਪਾਟ ਬਿਆਨ ਵਲ ਨੇ

---

*ਗੁਮੀਆਂ ਹੋਈਆਂ ਚਾਬੀਆਂ (ਕਹਾਣੀ ਸੰਗ੍ਰਹਿ) ਲੇਖਕ : ਕਸ਼ਮੀਰ ਸਿੰਘ ਪੰਨੂੰ, ਪ੍ਰਕਾਸ਼ਕ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1979, ਮੁਲ : 15.00, ਸਫ਼ੇ : 116।

ਕਰਕੇ ਸੰਕੋਚ ਤੇ ਸਾਰਥਕਤਾ ਦੀ ਕਮੀ ਨਜ਼ਰ ਆਉਂਦੀਹੈ।

ਫੇਰ ਵੀ ਇਸ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਉਲੇਖ ਯੋਗ ਹਨ – ਗਿਲਾਫ਼, ਫ਼ਿਗਰ, ਗੁੰਮੀਆਂ ਹੋਈਆਂ ਚਾਬੀਆਂ, ਅਤੇ ਚਾਨਣ ਦੀ ਲੀਕ। ਇਹਨਾਂ ਸਾਰੀਆਂ ਦਾ ਸੰਬੰਧ ਔਰਤ-ਮਰਦ ਦੇ ਰਿਸ਼ਤੇ ਨਾਲ ਹੈ। 'ਚਾਨਣ ਦੀ ਲੀਕ' ਵਿਚ ਨਪੁੰਨਸਕ ਪਤੀ ਦਾ ਸ਼ੱਕੀ ਹੋਣਾ, ਜਿਸ ਤੋਂ ਔਰਤ ਪਹਿਲਾਂ ਪ੍ਰਭਾਵਿਤ ਹੁੰਦੀ ਹੈ, ਮਨੋਵਿਗਿਆਨਕ ਦੁਖਾਂਤ ਹੈ,ਜੋ ਮਰਦ ਤੋਂ ਔਰਤ ਤਕ ਸਫ਼ਰ ਕਰਦਾ ਹੈ।

ਇਸ ਸੰਗ੍ਰਹਿ ਦੀ ਸਭ ਤੋਂ ਵਧੀਆ ਕਹਾਣੀ 'ਪਿੰਡ ਦੀ ਮੌਤ' ਹੈ। ਇਸ ਵਿਚ ਦਸਿਆ ਗਿਆ ਹੈ ਕਿ ਕਿਵੇਂ ਉਦਯੋਗਿਕ ਵਿਕਾਸ ਦਾ ਨਤੀਜੇ ਵਜੋਂ ਸਭਿਆਚਾਰ, ਰਵਾਇਤਾਂ ਆਦਿ ਮਲੀਆਮੇਟ ਹੋ ਰਹੀਆਂ ਹਨ। ਗੁਰਦੁਆਰੇ ਦੇ ਭਾਈ ਦੇ ਜੀਵਨ ਤੋਂ ਪਰਦਾ ਉਠਾ ਕੇ ਧਰਮ ਦੀ ਕੇਂਦਰੀ ਚੂਲ ਨੂੰ ਵੀ ਪੁਟ ਦਿਤਾ ਹੈ। ਪਰ ਅਮਲੀ ਦੇ ਰੂਪ ਵਿਚ ਲੇਖਕ ਦਾ ਸਭਿਆਚਾਰ ਪ੍ਰਤੀ ਮੋਹ ਦਾ ਵੀ ਪਤਾ ਚਲਦਾ ਹੈ।

[ ਸ.ਸ,

---

ਲੋਕਾਂ ਦੀਆਂ ਬੁਨਿਆਦੀ ਸਮਸਿਆਵਾਂ ਦਾ ਸਹੀ ਹੱਲ ਉਭਾਰਨ ਅਤੇ ਜਾਬਰ ਕਾਂਗਰਸੀ ਹਾਕਮਾਂ ਦੇ ਫਾਸ਼ੀ ਹਮਲਿਆਂ ਦਾ ਇੱਕਮੁੱਠ ਹੋ ਕੇ ਟਾਕਰਾ ਕਰਨ ਲਈ ਸ਼ਹੀਦ ਪਿਰਥੀਪਾਲ ਰੰਧਾਵਾ ਦੀ ਪਹਿਲੀ ਬਰਸੀ ਉਤੇ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਵਲੋਂ 27 ਨਵੰਬਰ ਨੂੰ ਮੋਗੇ ਵਿਖੇ

# ਰੰਧਾਵਾ ਸੰਗਰਾਮ ਰੈਲੀ

ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਨੇ ਸ਼ਹੀਦ ਵਿਦਿਆਰਥੀ ਆਗੂ ਪਿਰਥੀਪਾਲ ਸਿੰਘ ਰੰਧਾਵਾਂ ਦੀ ਪਹਿਲੀ ਬਰਸੀ ਦੇ ਸਬੰਧ ਵਿਚ 27 ਨਵੰਬਰ ਨੂੰ ਮੋਗੇ ਵਿਖੇ 'ਰੰਧਾਵਾ ਸੰਗਰਾਮ ਰੈਲੀ' ਕਰਨ ਦਾ ਫੈਸਲਾ ਕੀਤਾ ਹੈ। ਦੋਵਾਂ ਜਥੇਬੰਦੀਆਂ ਨੇ ਸਾਰੀਆਂ ਜਮਹੂਰੀ ਜਨਤਕ ਜਥੇਬੰਦੀਆਂ ਅਤੇ ਜਮਹੂਰੀਅਤ ਪਸੰਦ ਵਿਅਕਤੀਆਂ ਨੂੰ ਇਸ ਰੈਲੀ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

ਸ਼ਹੀਦ ਪਿਰਥੀਪਾਲ ਰੰਧਾਵਾ ਇਨਕਲਾਬੀ ਜਮਹੂਰੀ ਲਹਿਰ ਦਾ ਪ੍ਰਤੀਕ ਸੀ ਅਤੇ ਉਹ ਸੰਘਰਸ਼ ਕਰ ਰਹੇ ਪੰਜਾਬ ਦੇ ਲੋਕਾਂ ਲਈ ਹਮੇਸ਼ਾਂ ਵਾਸਤੇ ਉਤਸ਼ਾਹ ਦਾ ਸੋਮਾ ਬਣਿਆ ਰਹੇਗਾ। ਇਸ ਲਹਿਰ ਨੂੰ ਮਜ਼ਬੂਤ ਕਰਨਾ ਅਤੇ ਅੱਗੇ ਵਧਾਉਣਾ ਹੀ ਸ਼ਹੀਦ ਰੰਧਾਵਾ ਨੂੰ ਸੱਚੀ ਸ਼ਰਧਾਂਜਲੀ ਹੈ।

ਕਾਂਗਰਸੀ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਕਰਕੇ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ, ਜਿਵੇਂ ਕੀਮਤਾਂ, 'ਚ ਬੇਰੋਕ ਵਾਧਾ, ਬੇਰੁਜ਼ਗਾਰੀ, ਭਰਿਸ਼ਟਾਚਾਰ, ਗਰੀਬੀ ਅਤੇ ਸਮਾਜਿਕ ਅਨਿਆ ਆਦਿਕ ਦਾ ਕੋਈ ਹੱਲ ਨਾ ਹੋਣ ਕਰਕੇ ਲੋਕਾਂ 'ਚ ਭਾਰੀ ਰੋਸ ਤੇ ਬੇਚੈਨੀ ਫੈਲੀ ਹੋਈ ਹੈ। ਕਾਂਗਰਸੀ ਹਾਕਮਾਂ ਕੋਲ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੋਈ ਨਹੀਂ ਹੈ। ਲੋਕਾਂ ਨੂੰ ਰਾਹਤ ਦੇਣ ਤੋਂ ਅਸਮਰੱਥ ਹਾਕਮ ਲੋਕਾਂ 'ਚ ਵਿਆਪਕ ਰੂਪ ਧਾਰਨ ਕਰ ਰਹੀ ਬੇਚੈਨੀ ਨੂੰ ਰੋਕਣ ਅਤੇ ਕੁਚਲਣ ਲਈ 'ਕੌਮੀ ਸੁਰੱਖਿਆ ਆਰਡੀਨੈਂਸ' ਵਰਗੇ ਜਾਬਰ ਕਦਮ ਲੈ ਕੇ ਭਾਰਤੀ ਲੋਕਾਂ ਸਿਰ ਬੇ-ਐਲਾਨੀਆਂ ਐਮਰਜੈਂਸੀ ਠੋਸਣ ਦੇ ਰਾਹ ਤੁਰ ਪਏ ਹਨ।

ਇਸ ਹਾਲਤ 'ਚ ਮੌਕਾ ਪ੍ਰਸਤ ਸਿਆਸੀ ਪਾਰਟੀਆਂ ਵਿਕਸਿਤ ਹੋ ਰਹੀ ਖਰੀ ਜਨਤਕ ਜਮਹੂਰੀ ਲਹਿਰ ਨੂੰ ਲੀਹੋਂ ਲਾਹੁਣ ਅਤੇ ਲੋਕ ਬੇਚੈਨੀ ਨੂੰ ਆਪਣੇ ਸੌੜੇ ਮੰਤਵਾਂ ਲਈ ਵਰਤਨ ਦੇ ਯਤਨ ਕਰ ਰਹੀਆਂ ਹਨ। ਇਸ ਵੇਲੇ ਸੰਕਟ ਮੂੰਹ ਆਈ ਕੌਮ ਲਈ ਕਲਿਆਣ ਦਾ ਦਰੁਸਤ ਰਾਹ ਵਿਖਾਉਣ ਅਤੇ ਫਾਸ਼ੀ ਵਾਰਾਂ ਦਾ ਟਾਕਰਾ ਕਰਨ ਲਈ ਸਾਰੇ ਤਬਕਿਆਂ ਦੀ ਆਪਸੀ ਸੰਗਰਾਮੀ ਸਾਂਝ ਦੀ ਲੋੜ ਨੂੰ ਉਭਾਰਨ ਦੀ ਜ਼ਿੰਮੇਵਾਰੀ ਸਾਰੀਆਂ ਖਰੀਆਂ ਜਮਹੂਰੀ ਸ਼ਕਤੀਆਂ ਸਿਰ ਆਉਂਦੀ ਹੈ।

ਇਸ ਪ੍ਰਸੰਗ ਵਿਚ ਰੰਧਾਵਾ ਸੰਗਰਾਮ ਰੈਲੀ ਜ਼ਿੱਥੇ ਕਾਂਗਰਸੀ ਹਾਕਮਾਂ ਦੇ ਜਾਬਰ ਵਾਰਾਂ ਦੇ ਖਿਲਾਫ਼ ਵਿਗਿਆਨਕ ਢੰਗ ਨਾਲ ਲੜਨ ਦੇ ਚਾਹਵਾਨ ਵੱਖੋ ਵਖਰੇ ਤਬਕਿਆਂ ਦੇ ਆਪਸੀ ਭੱਰਪੇ ਤੇ ਇਕਮੁੱਠਤਾ ਦਾ ਪ੍ਰਗਟਾਅ ਹੋਣ ਦੇ ਨਾਲ ਨਾਲ ਇਕ ਮੁੱਠ ਹੋ ਕੇ ਟਾਕਰਾ ਕਰਨ ਦਾ ਗਰਜਵਾਂ ਐਲਾਨ ਹੋਵੇਗੀ ਉੱਥੇ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਦਰੁਸਤ ਹਲ ਵੀ ਉਭਾਰੇਗੀ।

ਦੋਵਾਂ ਜਥੇਬੰਦੀਆਂ ਨੇ ਇਸ ਰੈਲੀ ਦੀ ਤਿਆਰੀ ਲਈ ਪੰਜਾਬ ਭਰ ਵਿਚ ਜਨਤਕ ਮੀਟਿੰਗਾਂ, ਰੈਲੀਆਂ, ਸਭਿਆਚਾਰਕ ਪ੍ਰੋਗਰਾਮਾਂ, ਇਸ਼ਤਿਹਾਰਾਂ, ਲੀਫਲੈਟਾਂ ਅਤੇ ਨਾਹਰਿਆਂ ਦੀ ਪ੍ਰਭਾਵਸ਼ਾਲੀ ਪ੍ਰਚਾਰ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ।

| | |
|---|---|
| ਨਰਿੰਦਰ ਚਾਹਿਲ, | ਮਾਲਵਿੰਦਰ ਸਿੰਘ ਮਾਲੀ |
| ਸੂਬਾ ਜਥੇਬੰਦਕ ਸੱਕਤਰ | ਜਨਰਲ ਸਕੱਤ੍ਰ |
| ਨੌਜਵਾਨ ਭਾਰਤ ਸਭਾ। | ਪੰਜਾਬ ਸਟੂਡੈਂਟਸ ਯੂਨੀਅਨ |

# ਇਹ ਹਮਾਰਾ ਜੀਵਣਾ/ਗੁਰਸ਼ਰਨ ਸਿੰਘ

## 1. ਮਾਂ ਦਾ ਲਾਡਲਾ ਪੁੱਤਰ

ਉਹ ਮਾਂ ਦਾ ਲਾਡਲਾ ਪੁੱਤਰ ਸੀ। ਨਿੱਕਾ ਜਿਹਾ ਸੀ, ਉਹਦਾ ਨਾਨਾ ਜਿਸ ਕੋਲ ਦੇਸ਼ ਦੀ ਵਾਗਡੋਰ ਸੀ ਦੇਸੋਂ ਪ੍ਰਦੇਸੋਂ ਉਹਦੇ ਵਾਸਤੇ ਵਧੀਆ ਵਧੀਆ ਖਿਡੌਣੇ ਲਿਆਉਂਦਾ ਸੀ, ਜਿਸ ਵਿਚ ਚਾਬੀ ਨਾਲ ਚਲਣ ਵਾਲੀਆਂ ਮੋਟਰਕਾਰਾਂ ਹੁੰਦੀਆ, ਮਕੈਨੋ ਵਰਗੀਆਂ ਖੇਡਾਂ ਹੁੰਦੀਆਂ, ਜਿਸ ਨਾਲ ਪੁਰਜ਼ੇ ਜੋੜ ਕੇ ਕਈ ਕਿਸਮ ਦੀਆਂ ਮਸ਼ੀਨਾਂ ਬਣ ਜਾਂਦੀਆਂ। ਉਹ ਉਹਨਾਂ ਨਾਲ ਖੇਡਦਾ। ਖਾਸ ਕਰਕੇ ਉਹਦਾ ਸ਼ੌਕ ਮੋਟਰਕਾਰਾਂ ਵਿਚ ਸੀ। ਖਿਡੌਣਾ ਕਾਰਾਂ ਦੀ ਉਹ ਭੰਨ ਤੋੜ ਕਰਦਾ। ਮਾਂ ਗੁਸੇ ਨਾ ਹੁੰਦੀ, ਸਗੋਂ ਲਾਡ ਨਾਲ ਕਹਿੰਦੀ "ਇਹਦਾ ਦਿਮਾਗ ਬੜਾ 'ਮਕੈਨੀਕਲ' ਏ, ਹਰ ਚੀਜ਼ ਨੂੰ ਤੋੜ ਕੇ ਉਹਦੀ ਬਣਤਰ ਵੇਖਣਾ ਚਾਹੁੰਦਾ ਏ, ਵਡਾ ਹੋ ਕੇ ਜ਼ਰੂਰ ਕੁਝ ਨਾਂ ਕੁਝ ਵਿਸ਼ੇਸ਼ ਹੀ ਕਰੇਗਾ।"

ਮਾਂ ਦਾ ਲਾਡਲਾ ਪੁੱਤਰ ਵਡਾ ਹੋ ਗਿਆ। ਨਾਨੇ ਦੇ ਬਾਅਦ ਸਰਕਾਰ ਦੀ ਵਾਗਡੋਰ ਮਾਂ ਕੋਲ ਆ ਗਈ। ਲਾਡਲੇ ਪੁੱਤਰ ਨੇ ਕਿਹਾ "ਮਾਂ ਮਾਂ ਮੈਂ ਤਾਂ ਮੋਟਰਕਾਰ ਬਣਾਵਾਂਗਾਂ, ਸੜਕ ਤੇ ਚਲਣ ਵਾਲੀ ਕਾਰ। ਵਡੀਆਂ ਕਾਰਾਂ ਤੇ ਅਗੇ ਦੁਨੀਆਂ ਨੇ ਬੜੀਆਂ ਬਣਾਈਆਂ ਨੇਂ, ਮੈਂ ਤਾਂ ਨਿੱਕੀ ਕਾਰ ਬਣਾਵਾਂਗਾਂ, ਜਿਹੜੀ ਭੰਬੀਰੀ ਵਾਂਗ ਘੁੰਮ ਜਾਏ, ਪਟੋਲੇ ਵਾਂਗ ਸੜਕ ਤੇ ਨੱਚਦੀ ਫਿਰੇ।"

ਮਾਂ ਨੇ ਇਹ ਨਾਂ ਸੋਚਿਆ ਕਿ ਪੁੱਤਰ ਇੰਜਨੀਅਰਿੰਗ ਪੜ੍ਹਨ ਗਿਆ ਸੀ ਤਾਂ ਦੋ ਜਮਾਤਾਂ ਨਹੀਂ ਪ੍ਰਾਸ ਕਰ ਸਕਿਆ ਸੀ, ਇਹ ਕਾਰ ਕਿਥੋਂ ਬਣਾਂਵੇਗਾ ? ਪਰ ਆਪਣੇ ਲਾਡਲੇ ਪੁੱਤਰ ਦੀ ਹਰ ਇਕ ਕਹੀ ਗਲ ਉਹਦੇ ਲਈ ਰੱਬ ਦੇ ਹੁਕਮ ਵਾਂਗ ਸੀ। ਇਕ ਦਮ ਨਿੱਕੀ ਕਾਰ ਦੇ ਕਾਰਖਾਨੇ ਦਾ ਏਲਾਨ ਹੋ ਗਿਆ। ਉਹਦੇ ਲਈ ਪੈਸਾ ਦੀਆ ਗਿਆ। ਹਿੱਸੇ ਖ੍ਰੀਦੇ ਗਏ, ਹਿਸਿਆਂ ਦੀ ਮੰਡੀ ਵਿਚ ਹਿੱਲਜੁੱਲ ਮੱਚ ਗਈ। ਕਾਰਖਾਨੇ ਨੂੰ ਇਕ ਕੰਪਨੀ ਦੀ ਸ਼ਕਲ ਦੇ ਦਿੱਤੀ ਗਈ। 297 ਏਕੜ ਜ਼ਮੀਨ ਕਿਸਾਨਾਂ ਨੂੰ ਬੇਦੱਖਲ ਕਰਕੇ ਕਾਰਖਾਨੇ ਲਈ ਦੇ ਦਿਤੀ ਗਈ। ਕਾਰ ਦੇ ਵੇਚਣ ਲਈ ਏਜੈਂਸੀਆਂ ਵੀ ਖੁਲ੍ਹ ਗਈਆਂ, ਐਡਵਾਂਸ ਬੁਕਿੰਗ ਵੀ ਹੋਣ ਲਗ ਪਈ। ਦੁਨੀਆਂ ਜਹਾਨ ਵਿਚ ਉਸ ਕਾਰ ਦਾ ਪ੍ਰਚਾਰ ਹੋ ਗਿਆ। ਬੜਾ ਕੁਝ ਹੋਇਆ ਤੇ ਉਹ ਵੀ ਹੋਇਆ ਜੋ ਨਹੀਂ ਸੀ ਹੋਣਾ ਚਾਹੀਦਾ ਪਰ ਜੋ ਕੁਝ ਨਾ ਹੋਇਆ ਤਾਂ ਉਹ ਇਹ ਸੀ ਕਿ ਕਾਰ ਨਾਂ ਬਣੀ। ਲੱਖਾਂ ਰੁਪੈ ਦੇ ਹਿੱਸੇ ਜਿਹੜੇ ਮਾਂ ਤੇ ਮਾਂ ਦੇ ਲਾਡਲੇ ਪੁੱਤਰ ਨੂੰ ਖੁਸ਼ ਕਰਨ ਵਾਸਤੇ ਖ੍ਰੀਦੇ ਗਏ ਸਨ, ਉਹ ਖਾਧੇ ਪੀਤੇ ਗਏ।

ਇਕ ਦਿਨ ਅਚਾਨਕ, ਮਾਂ ਦਾ ਲਾਡਲਾ ਪੁੱਤਰ ਸਵੇਰ ਦੀ ਸੈਰ ਹਵਾਈ ਜਹਾਜ਼ ਤੇ ਕਰਨ ਗਿਆ ਪਰ ਵਾਪਸ ਨਹੀਂ ਆਇਆ। ਮਾਂ ਦੇ ਲਾਡ ਨੇ ਜਿਹੜੀ ਉਹ ਦੀ ਨਿੱਕੇ ਹੁੰਦਿਆਂ ਹੀ ਹਰ ਇਕ ਆਪ ਹੁਦਰੀ ਅਤੇ ਗਲਤੀ ਨੂੰ 'ਦਲੇਰੀ' ਦਾ ਨਾਂ ਦੇ ਦਿਆ ਕਰਦੀ ਸੀ, ਉਹ ਉਸਨੂੰ ਲੈ ਬੈਠੀ। ਕਾਰਖਾਨੇ ਦਾ ਕੀ ਹੋਵੇ ? ਇਹਦੇ ਸਾਰੇ ਹਿੱਸੇ ਆਪਣੇ ਹੀ ਲੋਕਾਂ ਦੇ ਸਨ, ਨੁਕਸਾਨ ਕਿਉਂ ਹੋਵੇ ? ਸੋਚਾਂ ਵਿਚਾਰਾਂ ਹੋਣ ਲੱਗੀਆਂ ਤੇ ਰਾਹ ਲੱਭ ਪਿਆ। ਆਖਿਆ ਗਿਆਂ ਕਿ ਦੇਸ਼ ਨੂੰ ਦੁਨੀਆਂ ਦੇ ਮੁਕਾਬਲੇ ਵਿਚ ਆਧੁਨਿਕਤਾ ਦੀਆਂ ਲੀਹਾਂ ਤੇ ਪਾਉਣਾ ਹੈ, ਇਹਦੇ ਲਈ ਇਹ ਕਾਰਖਾਨਾ ਸਰਕਾਰ ਨੇ ਲੈ ਲਿਆ ਹੈ। (ਤਾਂ ਜੋ ਕਾਰਖਾਨੇ ਵਿਚ 10–12 ਸਾਲਾਂ ਦੀ ਬਦ-ਇੰਤਜ਼ਾਮੀ ਦੇ ਕਾਰਨ ਜੋ ਘਾਟਾ ਹੀ ਘਾਟਾ ਪਿਆ ਹੈ, ਉਹ ਸਰਕਾਰੀ ਖਜ਼ਾਨੇ 'ਚੋਂ ਪੂਰਾ ਕੀਤਾ ਜਾਏ) ਕ੍ਰੋੜਾਂ ਭੁੱਖੇ ਨੰਗੇ ਲੋਕ ਜਿਨਾਂ ਦੇ ਤੰਨ ਦੀਆਂ ਹੱਡੀਆਂ ਢੱਕਣ ਲਈ ਮਾਸ ਤੋਂ ਸਿਵਾ ਕੁਝ ਨਹੀਂ, ਜਿਨਾਂ ਨੂੰ ਸਾਰੀ ਉਮਰ ਚੰਗਾ ਪੀਣ ਦਾ ਪਾਣੀ ਨਸੀਬ ਨਹੀਂ ਹੋਇਆ, ਜਿਨ੍ਹਾਂ ਨੇ ਬਿਮਾਰ ਹੋਣ ਤੇ ਸ਼ਾਰੀ ਉਮਰ ਕਿਸੇ ਡਾਕਟਰ ਦਾ ਮੂੰਹ ਨਹੀਂ ਵੇਖਿਆ, ਉਹਨਾਂ ਦੀ ਸਰਕਾਰ ਕਾਰ ਬਨਾਉਣ ਵਾਲੇ ਕਾਰਖਾਨੇ ਤੇ 450 ਕ੍ਰੋੜ ਰੁਪਿਆ ਖਰਚ ਕਰੇਗੀ। ਹਿਸਾਬ ਲਗਾਇਆ ਗਿਆ ਹੈ ਕਿ ਇਕ ਕਾਰ ਜਿਹੜੀ ਇਸ ਕਾਰਖਾਨੇ ਵਿਚ ਨਿਕਲੇਗੀ, ਉਹਨੂੰ ਬਨਾਉਣ ਦਾ ਮੁਲ ਸਰਕਾਰ ਨੂੰ 75,000 ਰੁਪੈ ਪਵੇਗਾ। ਫੇਰ ਕੀ ਹੋਇਆ? ਇਹ ਗਲਾਂ ਤਾਂ

ਹੁੰਦੀਆਂ ਹੀ ਰਹਿਣਗੀਆਂ ਪਰ ਕਾਰ ਤਾਂ ਬਣਨੀ ਹੀ ਚਾਹੀਦੀ ਏ । ਇਹ ਉਹਦੇ ਪੁੱਤਰ ਦਾ ਸੁਪਨਾ ਸੀ । ਹਰ ਇਕ ਮਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਪੁੱਤਰ ਦੇ ਸੁੱਪਨੇ ਪੂਰੇ ਕਰੇ ਤੇ ਇਹ ਪੁੱਤਰ ਤਾਂ ਮਾਂ ਦਾ ਖਾਸ ਲਾਡਲਾ ਪੁੱਤਰ ਸੀ ।

## 2. ਆਪ ਮੁਹਾਰਤਾ, ਦਲੇਰੀ, ਵਿਚਾਰਧਾਰਾ ਤੇ ਜਥੇਬੰਦੀ

(ਕਿਸੇ ਵਿਅਕਤੀ ਦੇ, ਕੌਮ ਦੇ,ਲਹਿਰਾਂ ਦੇ ਇਤਹਾਸ ਵਿਚ ਐਸੀਆਂ ਘੜੀਆਂ ਆਉਂਦੀਆਂ ਹਨ ਜਾਂ ਘਟਨਾਵਾਂ ਵਾਪਰ-ਦੀਆਂ ਹਨ, ਜਿਹਨਾਂ ਦਾ ਫੌਰੀ ਪ੍ਰਤੀਕਰਮ ਹੁੰਦਾ ਹੈ । ਹਰੀਸ਼ ਪੁਰੀ ਦੇ ਲੇਖ ਦੇ ਸੰਦਰਭ ਵਿਚ ਬਹਿਸ ਲਈ ।)

– ਚੇਲਾ ਜੀ, ਇਹ ਮੰਡੀ ਵਿਚ ਰੌਲਾ ਕਾਹਦਾ ਹੈ ?

– ਗੁਰੂ ਦੇਵ, ਰੁਲਦਾ ਸਿੰਘ ਕਿਸਾਨ ਨੇ ਇਕ ਇੰਸ਼ਪੈਕਟਰ ਨੂੰ ਚੁੱਕ ਕੇ ਝੋਨੇ ਦੇ ਢੇਰ ਵਿਚ ਤੁੰਨ ਦਿਤਾ ਹੈ ।

– ਕਿਉਂ ?

– ਝੋਨੇ ਦਾ ਭਾਅ ਲਗਾਉਣ ਵਿਚ ਹੇਰਾ ਫੇਰੀਆਂ ਕਰਦਾ ਸੀ ।

– ਫੇਰ ?

– ਰੁਲਦਾ ਸਿੰਘ ਨੇ ਇਕ ਦੋ ਵਾਰ ਕਿਹਾ 'ਬਾਊ, ਐਵੇਂ ਤੰਗ ਨਾ ਕਰ, ਅਸੀਂ ਅਗੇ ਹੀ ਬੜੇ ਸੱਤੇ ਹਾਂ, ਪਰ......

– ਪਰ ਕੀ ਚੇਲਾ ਜੀ ?

– ਪਰ ਬਾਊ ਆਕੜ ਗਿਆ, ਆਖੇ ਹਮ ਇੰਸਪੈਕਟਰ ਹੋਤੇ ਹੈਂ । ਹਮਾਰੀ ਬੜੀ ਪਾਵਰ ਹੈ । ਹਮ ਜੋ ਮਰਜ਼ੀ ਸਿਆਹ ਸਫੇਦ ਕਰੇਂ,ਹਮੇਂ ਕੋਈ ਨਹੀਂ ਪੂਛ ਸਕਤਾ ।

– ਫੇਰ ?

– ਫੇਰ ਅਗਲਿਆਂ ਨੇ ਪੁੱਛ ਲਿਆ ਗੁਰੂ ਦੇਵ । ਹੁਣ ਸਵਾਹ 'ਚ ਲਬੜੀ ਕੁੱਤੀ ਵਾਂਗ ਚਊਂ ਚਊਂ ਪਿਆ ਕਰਦਾ ਏ ।

– ਪਰ ਚੇਲਾ ਜੀ, ਇਹ ਬਹੁਤ ਮਾੜਾ ਹੋਇਆ ।

– ਕਿਉਂ ਗੁਰੂ ਦੇਵ ?

– ਰੁੱਲਦਾ ਸਿੰਘ ਕੋ ਆਪ ਹੁਦਰੀ, ਆਪ ਮੁਹਾਰੀ ਕਾਰਵਾਈ ਨਹੀਂ ਕਰਨਾ ਚਾਹਈਏ ਥਾ ।

– ਫਿਰ ਕੀ ਕਰਨਾ ਚਾਹੀਦਾ ਸੀ, ਗੁਰੂ ਦੇਵ ?

– ਚੇਲਾ ਜੀ, ਉਸ ਨੂੰ ਚਾਹੀਦਾ ਸੀ ਕਿ ਜਥੇਬੰਦੀ ਅਗੇ ਸ਼ਕਾਇਤ ਕਰੇ, ਜੇ ਜਥੇਬੰਦੀ ਨਹੀਂ ਤਾਂ ਜਥੇਬੰਦੀ ਬਣਾਈ ਜਾਏ, ਚੇਤਨਤਾ ਲਿਆਂਦੀ ਜਾਏ ਕਿ ਸਾਰੇ ਸਿੱਸਟਮ ਵਿਚ ਕਿਸਾਨ ਦੀ ਕਿਉਂ ਲੁੱਟ ਖਸੁੱਟ ਹੈ ? ਇਕ ਵਿਉਂਤ ਬਣਾ ਕੇ ਉਤਲੇ ਅਫਸਰਾਂ ਕੋ ਅਰਜ਼ੀ ਦੇਣੀ ਚਾਹੀਦੀ ਹੈ ।

– ਗੁਰੂ ਦੇਵ, ਰੁਲਦਾ ਸਿੰਘ ਨੇ ਗੋਡੇ ਗੋਡੇ ਡੂੰਘੇ ਪਾਣੀ ਵਿਚ ਖਲੋਕੇ, ਲਹੂ ਪੀਣੀਆਂ ਜੋਕਾਂ ਲੜਵਾ ਕੇ ਝੋਨਾ ਲਾਇਆ ਸੀ । ਧੁੱਪਾਂ ਵਿਚ ਨੰਗੇ ਪਿੰਡੇ ਕੰਮ ਕਰਕੇ ਉਹਦੀ ਪਰਵਰਿਸ਼ ਕੀਤੀ ਸੀ । ਬਿਮਾਰੀ ਪੈਣ ਤੇ ਜ਼ਹਿ-ਰੀਲੀਆਂ ਦਵਾਈਆਂ ਦਾ ਛਣਕਾ ਕੀਤਾ ਸੀ । ਇਨ੍ਹਾਂ ਕਰਕੇ ਉਹ ਆਪ ਬਿਮਾਰ ਪੈ ਗਿਆ ਸੀ । ਝੋਨੇ ਦੀ ਬਿਮਾਰੀ ਝਾੜ ਦਾ ਅੱਧਾ ਹਿਸਾ ਖਾ ਗਈ ਤੇ ਬਾਕੀ ਅੱਧ ਦੀ ਜਦੋਂ ਇੰਸ-ਪੈਕਟਰਾਂ ਦੇ ਹਥੋਂ ਬੇਪੱਤੀ ਹੁੰਦੀ ਵੇਖੀ ਤਾਂ ਉਹ ਬਰਦਾਸ਼ਤ ਨਹੀਂ ਕਰ ਸਕਿਆ । ਉਸ ਨੂੰ ਇਹ ਵਕਤੀ ਕਾਰਵਾਈ ਦੀ ਦਲੇਰੀ ਕਰਨੀ ਪਈ ।

– ਕਾਰਵਾਈ ਕੀਤੀ ਫੇਰ ਹੋਇਆ ਕੀ ਚੇਲਾ ਜੀ?

– ਸਭ ਕੁਝ ਹੋਇਆ ਗੁਰੂ ਦੇਵ ।

– ਕਿਆ ਹੋਇਆ ? ਕੁਝ ਦਸੋਂ ਵੀ ਚੇਲਾ ਜੀ ।

– ਇੰਸਪੈਕਟਰਾਂ ਸਾਰਿਆਂ ਨੂੰ ਕੰਨ ਹੋ ਗਏ । ਉਥੇ ਹੀ ਸਾਰੇ ਕਿਸਾਨਾਂ ਨੇ ਸਲਾਹ ਬਣਾਈ ਕਿ ਰੁਲਦਾ ਸਿੰਘ ਨੇ ਜੋ ਇਕਲਿਆ ਕੀਤਾ, ਉਹ ਸਾਰਿਆਂ ਨੂੰ ਮਿਲਕੇ ਕਰਨਾਂ ਚਾਹੀਦਾ ਏ । ਇਕ ਜਥੇਬੰਦੀ ਦੀ ਨੀਂਹ ਰਖੀ ਗਈ ।

– ਪਰ ਚੇਲਾ ਜੀ, ਸਿਧਾਂਤ ਤੋਂ ਬਿਨ੍ਹਾਂ ਜਥੇਬੰਦੀ ਕੀ ਕਰੇਗੀ ?

– ਗੁਰੂ ਦੇਵ, ਜਥੇਬੰਦੀ ਉਹਨਾਂ ਨੇ ਬਣਾ ਲਈ ਏ, ਇਹ ਆਪਣੇ ਆਪ ਵਿਚ ਸਿਧਾਂਤ ਦੀ ਜਿੱਤ ਏ ।

– ਚੇਲਾ ਜੀ, ਇਹ ਤਾਂ ਆਪ ਮੁਹਾਰਤਾ ਏ ।

– ਪਰ ਗੁਰੂ ਦੇਵ, ਇਹ ਜ਼ਿੰਦਗੀ ਦਾ ਸੱਚ ਏ ।

– ਚੇਲਾ ਜੀ, ਰੁਲਦਾ ਸਿਘ ਨੂੰ ਚਾਹੀਦਾ ਥਾ ਕਿ ਪਹਿਲੇ ਸਾਰੀ ਗਲ ਸਮਝਤਾ ਕਿ ਯੇਹ ਇੰਸਪੈਕਟਰ ਕਿਉਂ ਭੂਤਤੇ ਹੂਏ ਹੈਂ ? ਇਨਕੇ ਪੀਛੇ ਕਿਹੜੀ ਤਾਕਤ ਕੰਮ ਕਰਤੀ ਹੈ ? ਉਸਕਾ ਵਿਸ਼ਲੇਸਣ ਕਰਦਾ ਕਿ ਇਤਹਾਸਕ ਪ੍ਰਸੰਗ ਮੇਂ ਇਸ ਕੀ ਕਿਆ ਗਤੀ ਹੈ--ਪਰ ਚੇਲਾ ਜੀ,

ਤੂੰ ਉੱਠਕੇ ਕਹਾਂ ਚਲਾ ਹੈ ? ਸਾਰੀ ਗਲ ਤਾਂ ਸੁਣਕੇ ਜਾ ।

– ਤੁਹਾਡੀ ਗਲ ਸੁਣ ਲਈ ਏ ਗੁਰੂ ਦੇਵ, ਮੇਰੀ ਵੀ ਇਕ ਸੁਣ ਲਵੋ ।

– ਕੀ ਚੇਲਾ ਜੀ ?

– ਰੁੱਲਦਾ ਸਿੰਘ ਕਿਸਾਨ ਏ, ਕਿਸੇ ਯੂਨੀਵਰਸਟੀ ਦਾ ਪ੍ਰੋਫੈਸਰ ਨਹੀਂ ।

## 3. ਬਾਹਰਲੇ ਦੇਸ਼ਾਂ ਵਿਚ ਹਿੰਦੋਸਤਾਨੀ ਡਾਕਟਰ

ਦੁਨੀਆਂ ਦੀ ਸੇਹਤ ਬਾਰੇ ਨੁਮਾਂਇਦਾ ਸੰਸਥਾ ਨੇ ਇਕ ਸਰਵੇ ਵਿਚ ਦਸਿਆ ਹੈ ਕਿ ਇਸ ਵੇਲੇ ਦੁਨੀਆਂ ਭਰ ਦੇ ਮੁਲਕਾਂ ਵਿਚ ਹਿੰਦੋਸਤਾਨੀ ਡਾਕਟਰਾਂ ਦੀ ਗਿਣਤੀ ਸਭ ਤੋਂ ਵੱਧ ਹੈ । ਇਕ ਅਨੁਮਾਨ ਅਨੁਸਾਰ ਇਸ ਵੇਲੇ 15,000 ਹਿੰਦੋਸਤਾਨੀ ਡਾਕਟਰ ਬਾਹਰਲੇ ਮੁਲਕਾਂ ਵਿਚ ਕੰਮ ਕਰ ਰਹੇ ਹਨ । ਦੁਨੀਆਂ ਦਾ ਸ਼ਾਇਦ ਹੀ ਕੋਈ ਮੁਲਕ ਹੋਵੇ ਜਿਥੇ ਹਿੰਦੋਸਤਾਨੀ ਡਾਕਟਰ ਨਾ ਹੋਵੇ । ਇਹ 15000 ਦੀ ਗਿਣਤੀ ਸਾਡੇ ਕੁਲ ਡਾਕਟਰਾਂ ਦੀ ਗਿਣਤੀ ਦਾ 13 ਫੀ ਸਦੀ ਹੈ ਇਸਦਾ ਮਤਲਬ ਹੈ ਕਿ ਹਿੰਦੋਸਤਾਨ ਦਾ ਹਰ ਅਠਵਾਂ ਡਾਕਟਰ ਆਪਣੇ ਦੇਸ਼ ਤੋਂ ਬਾਹਰ ਕੰਮ ਕਰ ਰਿਹਾ ਹੈ । ਇਹਨਾਂ ਅੰਕੜਿਆ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਸਾਡੇ ਆਪਣੇ ਦੇਸ਼ ਵਿਚ ਡਾਕਟਰੀ ਹੁੰਨਰ ਦੀ ਬਹੁਤਾਤ ਹੋ ਗਈ ਹੈ ਅਤੇ ਖੱਪਤ ਲਈ ਇਹ ਬਾਹਰਲੇ ਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ । ਇਸਦੇ ਉਲਟ ਇਹੋ ਸਰਵੇ ਇਹ ਦਸਦੀ ਹੈ ਕਿ ਸਾਡੇ ਦੇਸ਼ ਦੇ 70 ਕ੍ਰੋੜ ਲੋਕਾਂ ਵਿਚੋਂ ਕੋਈ 40 ਕ੍ਰੋੜ ਲੋਕ ਐਸੇ ਹਨ ਜਿਨਾਂ ਨੂੰ ਕਿਸੇ ਕਿਸਮ ਦੀ ਡਾਕਟਰੀ ਸਹਾਇਤਾ ਮੁਹੀਯਾ ਨਹੀਂ, ਜਿਨ੍ਹਾਂ ਨੇ ਜੰਮਨ ਤੋਂ ਲੈਕੇ ਮਰਨ ਤਕ ਕਦੀ ਡਾਕਟਰ ਦਾ ਮੂੰਹ ਨਹੀਂ ਵੇਖਿਆ । ਕਿਹਾ ਜਾਂਦਾ ਹੈ ਕਿ ਆਪਣਾ ਦੇਸ਼ ਜਮਹੂਰੀਅਤ ਪ੍ਰਬੰਧ ਦਾ ਦੇਸ਼ ਹੈ । ਇਥੇ ਹਰ ਇਕ ਵਿਅਕਤੀ ਨੂੰ ਖੁਲ੍ਹ ਹੈ ਕਿ ਉਹ ਆਪਣਾ ਭਵਿੱਖ ਉਜਲਾ ਕਰਨ ਲਈ ਬਾਹਰਲੇ ਦੇਸ਼ਾਂ ਵਿਚ ਜਾਂਦਾ ਹੈ, ਇਸ ਵਿਚ ਕੋਈ ਕੀ ਮਨਾਹੀ ਕਰ ਸਕਦਾ ਪਰ ਸਾਨੂੰ ਇਹ ਵੀ ਗਲ ਨਹੀਂ ਭੁਲਣੀ ਚਾਹੀਦੀ ਕਿ ਸਾਡਾ ਕੋਈ ਵੀ ਵਿਦਿਆਰਥੀ ਜਦੋਂ ਮੈਡੀਕਲ ਕਾਲਜ ਪੜ੍ਹਦਾ ਹੈ, ਜਿਥੇ ਉਹਦੇ ਮਾਪਿਆਂ ਦਾ ਖਰਚ ਤਾਂ ਹੁੰਦਾ ਹੀ ਹੁੰਦਾ ਹੈ, ਉਥੇ ਉਸਨੂੰ ਡਾਕਟਰ ਬਨਾਉਣ ਲਈ ਕੌਮ ਦਾ ਔਸਤਨ 80,000 ਰੁਪੈ ਖਰਚ ਹੁੰਦਾ ਹੈ । ਅਸੀਂ ਇਹ ਪੈਸਾ ਇਸ ਲਈ ਨਹੀਂ ਖਰਚਦੇ ਕਿ ਪੜ੍ਹਾ ਲਿਖਾਕੇ ਡਾਕਟਰ ਬਾਹਰਲੇ ਮੁਲਕਾਂ ਵਿਚ ਭੇਜ ਦੇਈਏ ਤੇ ਆਪਣੇ ਲੋਕ ਡਾਕਟਰੀ ਸਹਾਇਤਾ ਤੋਂ ਬਗੈਰ ਹੀ ਰਹਿਣ । ਸਾਡੇ ਕੋਲ ਡਾਕਟਰੀ ਵਿਦਿਆ ਦੀ ਕਿੰਨੀਆਂ ਕੁ ਸਹੂਲਤਾਂ ਹਨ ? ਗਿਣਤੀ ਦੇ ਮੈਡੀਕਲ ਕਾਲਜ ਹਨ ਜਿਨ੍ਹਾਂ ਵਿਚ ਕਈ ਵਾਰੀ ਉਹਨਾਂ ਹੋਨਹਾਰ ਵਿਦਿਆਰਥੀਆਂ ਨੂੰ ਵੀ ਦਾਖਲਾ ਨਹੀਂ ਮਿਲਦਾ ਜਿਨ੍ਹਾਂ ਨੇ 75-80 ਫੀ ਸਦੀ ਨੰਬਰ ਆਪਣੇ ਇਮਤਿਹਾਨਾ ਵਿਚ ਲਏ ਹੋਣ ।

ਇਹ ਸਾਡੀ ਡਾਕਟਰੀ ਹੁਨਰ ਦੀ ਉਸੇ ਤਰ੍ਹਾਂ ਦੀ ਲੁੱਟ ਹੈ ਜਿਸ ਤਰ੍ਹਾਂ, ਸਾਡੇ ਮੁਲਕ ਵਿਚ ਪੈਦਾ ਹੋਈ ਹਰ ਜਿੱਨਸ ਸਾਮਰਾਜੀਆਂ ਵਲੋਂ ਲੁੱਟੀ ਜਾਂਦੀ ਹੈ । ਇਹ ਬਾਹਰਲੇ ਦੇਸ਼ ਸਮਝਦੇ ਹਨ ਕਿ ਆਪਣੇ ਡਾਕਟਰਾਂ ਉਤੇ ਖਰਚ ਕਰਨ ਦੀ ਕੀ ਲੋੜ ਹੈ ਜਦੋਂ ਹਿੰਦੋਸਤਾਨ ਤੋਂ ਬਣੇ ਬਣਾਏ ਡਾਕਟਰ ਸੱਸਤੇ ਭਾਅ ਤੇ ਕਿਸੇ ਵੀ ਲਾਲਚ ਦਾ ਚੋਗਾ ਦੇ ਕੇ ਲਿਆਏ ਜਾ ਸਕਦੇ ਹਨ । ਇਸ ਵਿਚ ਸਾਡੇ ਡਾਕਟਰਾਂ ਦਾ ਤਾਂ ਕਸੂਰ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹਨਾਂ ਨੂੰ ਇਸ ਖੁਲੀ ਮੰਡੀ ਵਿਚ ਜਿਥੋਂ ਵੀ ਆਪਣੇ ਹੁੰਨਰ ਦੀ ਬਹੁਤੀ ਕੀਮਤ ਮਿਲੇਗੀ, ਉਥੇ ਹੀ ਉਹ ਆਪਣਾ ਹੁੱਨਰ ਵੇਚ ਦੇਣਗੇ । (ਇਥੇ ਜ਼ਮੀਰ ਵਾਲੀ ਦਲੀਲ ਲਾਗੂ ਨਹੀਂ ਹੁੰਦੀ) ਇਹ ਤਾਂ ਉਸ ਗੰਦੇ ਇੰਤਜ਼ਾਮ ਦੀ ਜੀਂਦੀ ਜਾਗਦੀ ਮਿਸਾਲ ਹੈ, ਜਿਸ ਦੀ ਲੋਕਾਂ ਵਲ ਕੋਈ ਵੀ ਜ਼ਿਮੇਵਾਰੀ ਦੀ ਪ੍ਰਤੀਬੰਧਤਾ ਨਹੀਂ । ਪੰਜਾਬੀ ਵਿਚ ਇਕ ਅਖਾਣ ਹੈ, ਘਰ ਪੱਤਲੀ, ਬਾਹਰ ਸੰਘਣੀ, ਗੁਲਾਬੋ ਮੇਰਾ ਨਾਂ, ਇਹ ਸਾਡੀ ਗੁਲਾਬੋ ਸਰਕਾਰ ਦੀਆਂ ਗੁਲਾਬੀਆਂ ਵਿਚੋਂ ਇਕ ਗੁਲਾਬੀ ਹੈ । ❒

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੋਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ।
ਛਪਾਈ ਰੈਕਸੋਨਾ ਪ੍ਰਿੰਟਰਜ਼ 14 ਬਾਹੋ ਵੀਰ ਮਾਰਕੀਟ, ਪੁਤਲੀਘਰ ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ
ਸਰਨਾਂਵਾ : ਗੁਰੂ ਖਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ 14?02
ਸੰਪਾਦਨ : ਸੰਪਾਦਕ ਮੰਡਲ
ਵਾਰਸ਼ਿਕ ਚੰਦਾ : 20 ਰੁਪਏ, ਵਿਦੇਸ਼ 60 ਰੁਪਏ

Registered with Registrar of News Paper Vide No MA/1/2397-D dated 14.8.80


# ਸਾਡੀਆਂ ਚੋਣਵੀਆਂ ਨਵ-ਪ੍ਰਕਾਸ਼ਤ ਪੰਜਾਬੀ ਪੁਸਤਕਾਂ

| | | |
|---|---|---|
| ਗੀਤਾਂਜਲੀ ਦੇ ਗੀਤ (ਅਨੁਵਾਦ) | ਭਗਵਾਨ ਸਿੰਘ ਸੈਨੀ | ਪੰਦਰਾਂ ਰੁਪਏ |
| ਵਿਲੱਖਣ-ਪ੍ਰੀਤ (ਨਾਵਲ) | ਪ੍ਰੋ: ਚਾਨਣ ਸਿੰਘ ਨਿਰਮਲ | ਦਸ ਰੁਪਏ |
| ਨਿਰੰਕਾਰੀ ਨੂਰ (ਲਲਿਤ ਲੇਖ) | " | ਦਸ ਰੁਪਏ |
| ਪੱਟਾ ਪੱਟਾ ਦਰਦ (ਨਾਵਲ) | ਮੋਹਨ ਲਾਲ | ਦਸ ਰੁਪਏ |
| ਆਪਣੀ ਛਾਵੇਂ ਬੈਠਾ ਮਨੁਖ (ਗ਼ਜ਼ਲ) | ਜਸਬੀਰ ਜ਼ਮੀਰ | ਦਸ ਰੁਪਏ |
| ਕਰਤਾ ਕਤਰਾ ਸੋਚ (ਕਹਾਣੀਆਂ) | ਰਾਜਿੰਦਰ ਬਿਮਲ | ਦਸ ਰੁਪਏ |
| ਮੁਖਬੰਦ | ਹਰਭਜਨ ਸਿੰਘ ਕੋਮਲ | ਦਸ ਰੁਪਏ |
| ਚਿੜੀਆ-ਖ਼ਾਨਾ (ਕਹਾਣੀਆਂ) | ਬਲਦੇਵ ਸਿੰਘ | ਦਸ ਰੁਪਏ |
| ਸੀਸ ਤਲੀ 'ਤੇ (ਨਾਟਕ) | ਗੁਰਸ਼ਰਨ ਸਿੰਘ | |
| ਜਿਸ ਤਨ ਲਾਗੇ (ਗ਼ਜ਼ਲ) | ਪਾਲ ਗੁਰਦਾਸਪੁਰੀ | ਦਸ ਰੁਪਏ |
| ਆਸਾ ਦੀ ਵਾਰ [ਚਿੰਤਨ ਤੇ ਕਲਾ] | ਡਾ: ਬਿਕਰਮ ਸਿੰਘ ਘੁੰਮਣ | ਤੀਹ ਰੁਪਏ |
| ਜੱਸਾ ਸਿੰਘ ਰਾਮਗੜ੍ਹੀਆ | ਬਖਸ਼ੀ ਸਿੰਘ ਆਦਿਲ | ਵੀਹ ਰੁਪਏ |
| ਸਾਗਰ ਦੇ ਮੋਤੀ (ਅਲੋਚਨਾ) | ਪ੍ਰੋ: ਚਾਨਣ ਸਿੰਘ ਨਿਰਮਲ | ਪੰਦਰਾਂ ਰੁਪਏ |

ਵਧੀਆ ਪੰਜਾਬੀ ਦੀਆਂ ਪੁਸਤਕਾਂ ਛਪਵਾਉਣ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ।

## ਮਿੱਟੀ ਦੇ ਬੋਲ

ਪੰਜਾਬ ਦੇ ਪੇਂਡੂ ਪਾਤਰਾਂ ਦੀ ਰੂਪ ਰੇਖਾ

ਹਰਨਾਮ ਸਿੰਘ 'ਨਾਜ਼'

ਮੁਲ : ਦਸ ਰੁਪਏ

## ਧਰਤੀ ਤਾਂਬਾ ਹੋ ਗਈ

ਜਗੀਰ ਸੱਧਰ

ਦਾ ਪਲੇਠਾ ਕਾਵਿ ਸੰਗ੍ਰਿਹ ਹੈ

... ਇਕ ਆਸ ਦਾ ਟਟਹਿਣਾ<br>
ਕਮਰੇ 'ਚ ਟਿਮਟਿਮਾਵੇ<br>
ਕਮਰੇ ਦਾ ਬਾਰ ਖੋਹਲਾਂ<br>
ਕਮਰੇ 'ਚ ਕੋਈ ਆਵੇ<br>
ਵਸਲਾਂ ਦੀ ਬਾਲ ਤੀਲੀ<br>
ਬੁਝੀ ਸ਼ਮ੍ਹਾਂ ਜਗਾਵੇ<br>
ਆ ਕੇ ਸਮੇਟ ਦੇਵੇ<br>
ਜੀਵਨ 'ਚੋਂ ਇਹ ਹਨੇਰਾ<br>
ਮੈਂ ਇਹੀ ਸੋਚਦਾ ਹਾਂ,<br>
ਬਸ ਇਹੀ ਸੋਚਦਾ ਹਾਂ ।

ਮੁਲ – ਦਸ ਰੁਪਏ – ਡੀਲਕਸ ਜਿਲਦ

## ਸਫ਼ੈਦ ਹਵੇਲੀ

(ਕਹਾਣੀ ਸੰਗ੍ਰਹਿ)

ਸੀ.ਐਲ. ਨਾਰੰਗ

ਮੁਲ : ਦਸ ਰੁਪਏ

## ਪ੍ਰੋ: ਪੂਰਨ ਸਿੰਘ ਇਕ ਦ੍ਰਿਸ਼ਟੀ

(ਆਧਾਰ ਖੁਲ੍ਹੇ ਲੇਖ – ਖੁਲ੍ਹੇ ਮੈਦਾਨ)

ਮੁਲ : 35 ਰੁਪਏ

ਡਾ: ਸੀ.ਐਲ. ਨਾਰੰਗ, ਡੀ.ਏ.ਵੀ. ਕਾਲਜ ਮਲੋਟ

## ਚੁੱਪ ਦੀ ਆਵਾਜ਼

'ਚਰਨ' ਸੀਚੇਵਾਲਵੀ

ਦਾ ਪਲੇਠਾ ਕਾਵਿ-ਸੰਗ੍ਰਹਿ

ਮੁਲ : ਦਸ ਰੁਪਏ

ਇਹ ਤੇ ਹੋਰ ਚੰਗੀਆਂ ਕਿਤਾਬਾਂ ਮੰਗਵਾਉਣ ਲਈ ਸਦਾ ਯਾਦ ਰਖੋ ।

PUBLISHERS & LIBRARY SUPPLIERS

# ਲਿਟਰੇਚਰ ਹਾਊਸ ਪੁਤਲੀ ਘਰ ਅੰਮ੍ਰਿਤਸਰ